# ਕੈਨੇਡਾ ਦਰਪਣ

ਜਨਵਰੀ 13, 1984

**January 13, 1984**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

EAST INDIAN COMMUNITY NEWSPAPER
SECOND CLASS MAIL — Reg. No. 5991

ਹਫ਼ਤੇਵਾਰ ਕੀਮਤ 30¢

Out of greater Vancouver Price 40¢

# ਕੈਨੇਡਾ ਦਰਪਣ

P.O. BOX 67344 STN. 'O'
VANCOUVER, B.C. V5W 3T1

VOL. 3 No. 2 Weekending Jan. 13, 1984
Editor's Res. PHONE. (604)321-6360

The Canada Darpan
Punjabi Weekly Newspaper

### 'ਕੈਨੇਡਾ ਦਰਪਣ' ਨਾਲ ਵਿਸ਼ੇਸ਼ ਇੰਟਰਵੀਊ

# ਅਕਾਲੀ ਮੋਰਚੇ ਦੀ ਜਿਤ ਯਕੀਨੀ ਹੈ — ਸੰਤ ਲੌਂਗੋਵਾਲ

ਵੈਨਕੂਵਰ—"ਮੋਰਚੇ ਹਮੇਸ਼ਾ ਲੰਮੇ ਹੀ ਹੁੰਦੇ ਹਨ। ਪਿਛਲੇ ਮੋਰਚੇ ਜੋ ਲੜੇ ਗਏ ਉਹ ਮੋਰਚੇ ਵੀ ਬੜੇ ਲੰਮੇ ਸਨ। ਪਿਛੇ ਮੋਰਚਾ ਐਮਰਜੈਂਸੀ ਦਾ ਲੜਿਆ ਇਸੇ ਥਾਂ ਤੋਂ ਅਕਾਲੀ ਦਲ ਨੇ। ਉਹ ਮੋਰਚਾ 19 ਮਹੀਨੇ ਅਕਾਲੀ ਦਲ ਨੇ ਲੜਿਆ। ਗੁਰਦੁਆਰਾ ਐਕਟ ਬਣਾਉਣ ਲਈ, ਮਹੰਤਾਂ ਤੋਂ ਗੁਰਦੁਆਰਿਆਂ ਦਾ ਕਬਜ਼ਾ ਲੈਣ ਲਈ ਚਾਬੀਆਂ ਦਾ ਮੋਰਚਾ ਲੱਗਿਆ ਸੀ। ਉਹ ਲਗਾਤਾਰ ਦੋ ਤਿੰਨ ਸਾਲ ਲੜਨਾ ਪਿਆ। ਉਹ ਬਹੁਤ ਵੱਡਾ ਅੰਦੋਲਨ ਸੀ। ਨੁਕਸਾਨ ਉਠਾਇਆ, ਜੁਰਮਾਨੇ ਭਰੇ, ਜੇਲ੍ਹਾਂ ਕੱਟੀਆਂ, ਸ਼ਹੀਦ ਹੋਏ। ਏਸੇ ਤਰ੍ਹਾਂ ਜੈਤੋ ਦਾ ਮੋਰਚਾ। ਏਸੇ ਦੀ ਕੜੀ ਹੈਗਾ ਆਪਣਾ ਨਨਕਾਣਾ ਸਾਹਿਬ ਦਾ .....ਫੇਰੂਮਾਨ .. ਇਹ ਸਾਰੇ ਮੋਰਚੇ। ਹਮੇਸ਼ਾ ਲੰਮੇ ਮੋਰਚਿਆਂ ਵਿਚੋਂ ਕੁਝ ਲੱਭਦਾ। ਜੇ ਲੰਮਾ ਸਮਾਂ ਦੇਖ ਕੇ ਦਿਲ ਛੱਡ ਜਾਈਏ ਤਾਂ ਕੁਝ ਨਹੀਂ ਲੱਭਦਾ। ਲੱਭਦਾ ਉਦੋਂ ਹੀ ਹੈ ਜੇ ਦਿਲ ਰੱਖਕੇ ਲੜਨ। ਵੇਖਣਾ ਇਹ ਹੈ ਕਿ ਕੀ ਹੌਂਸਲੇ ਠੀਕ ਨੇ? ਸਿੰਘਾਂ ਦੇ ਹੌਂਸਲੇ ਬਹੁਤ ਬੁਲੰਦ ਨੇ। ਚੜ੍ਹਦੀਆਂ ਕਲਾਂ ਵਿਚ ਲੜਾਈ ਲੜਦੇ ਨੇ। ਮੋਰਚੇ ਵਿਚ ਸਿੰਘ ਬੜੀ ਹਿੰਮਤ ਨਾਲ ਜਾ ਰਹੇ ਨੇ। ਯਕੀਨ ਗੁਰੂ ਤੇ ਹੈ - ਜਿੱਤ ਸਾਡੀ ਹੋਊ। ਸਰਕਾਰ ਹਾਰੂ।"

ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇਹ ਸ਼ਬਦ ਪਿਛਲੇ ਦਿਨੀਂ "ਕੈਨੇਡਾ ਦਰਪਣ" ਦੇ ਚੀਫ ਐਡੀਟਰ ਦਰਸ਼ਨ ਗਿੱਲ ਨੂੰ ਉਨ੍ਹਾਂ ਨਾਲ ਵਿਸ਼ੇਸ਼ ਇੰਟਰਵਿਊ ਸਮੇਂ ਆਖੇ। ਮੁਲਾਕਾਤ ਸਮੇਂ ਸੰਤ ਜੀ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਮੋਰਚਾ ਏਨਾ ਲੰਮਾ ਚਲਿਆ ਗਿਆ ਹੈ ਤਾਂ ਸੰਤ ਜੀ ਨੇ ਦ੍ਰਿੜ ਵਿਸ਼ਵਾਸ਼ ਨਾਲ ਕਿਹਾ ਕਿ ਸਾਡੀ ਜਿੱਤ ਯਕੀਨੀ ਹੈ।

ਸੰਤ ਜੀ ਨਾਲ ਗੱਲਬਾਤ ਸਮੇਂ ਸ੍ਰੀ ਦਰਸ਼ਨ ਗਿੱਲ ਦੇ ਪਿਤਾ ਸ: ਜਾਗੀਰ ਸਿੰਘ ਗਿੱਲ ਵੀ ਨਾਲ ਸਨ ਜੋ ਅਕਾਲੀ ਮੋਰਚੇ ਵਿਚ ਦੋ ਵਾਰ ਜੇਲ੍ਹ ਜਾ ਚੁੱਕੇ ਹਨ। ਚੀਫ ਐਡੀਟਰ ਦੀ ਇਹ ਯਾਤਰਾ ਦਾ ਮਕਸਦ ਸਹੀ ਹਾਲਾਤ ਦੀ ਜਾਣਕਾਰੀ ਪ੍ਰਾਪਤ ਕਰਨਾ ਸੀ।



ਇਹ ਸੁਆਲ ਪੁਛੇ ਜਾਣ ਤੇ ਕਿ ਮਸਲੇ ਦਾ ਹੱਲ ਲੱਭਣ ਵਿਚ ਕੀ ਅੜਚਣ ਆ ਰਹੀ ਹੈ ਤਾਂ ਸੰਤ ਲੌਂਗੋਵਾਲ ਜੀ ਨੇ ਕਿਹਾ ਕਿ "ਮੁੱਖ ਅੜਚਣ ਹੈ ਸਰਕਾਰ ਦੀ ਹੇਰਾ ਫੇਰੀ।"

ਪ੍ਰਸ਼ਨ — ਕੀ ਸਰਕਾਰ ਨਹੀਂ ਚਾਹੁੰਦੀ ਕਿ ਫੈਸਲਾ ਹੋ ਜਾਵੇ?

ਸੰਤ ਜੀ — "ਸਰਕਾਰ ਨਹੀਂ ਚਾਹੁੰਦੀ ਕਿ ਮੈਂ ਆਪਣੇ ਕੀਤੇ ਹੋਏ ਵਾਅਦੇ ਪੂਰੇ ਕਰਾਂ। ਕਿਉਂਕਿ ਕਾਂਗਰਸ ਉਦੋਂ ਵੀ ਕਾਂਗਰਸ ਸੀ ਜਦੋਂ ਇਸ ਨੇ ਅਜ਼ਾਦੀ ਤੋਂ ਪਹਿਲਾਂ ਸਾਡੇ ਨਾਲ ਵਾਅਦੇ ਕੀਤੇ। ਅਸੀਂ ਉਹ ਹੀ ਮੰਗਦੇ ਹਾਂ ਜੋ ਸਾਡੇ ਨਾਲ ਵਾਅਦੇ ਕੀਤੇ, ਅਸੀਂ ਵੱਖਰੀ ਗੱਲ ਨਹੀਂ ਮੰਗਦੇ। ਜੋ ਵਾਅਦੇ ਸਾਡੇ ਨਾਲ ਕੀਤੇ ਨੇ ਉਹ ਹੀ ਅਸੀਂ ਪੂਰੇ ਕਰਾਉਣ ਲਈ ਸੰਘਰਸ਼ ਲੜ ਰਹੇ ਹਾਂ। ਲੇਕਿਨ ਸਰਕਾਰ ਆਪਣੇ ਵਾਅਦੇ ਪੂਰੇ ਨਹੀਂ ਕਰਨਾ ਚਾਹੁੰਦੀ। ਹੇਰਾ ਫੇਰੀ ਕਰ ਰਹੀ ਹੈ। ਲੋਕਾਂ ਦੇ ਹਿਤਾਂ ਨਾਲੋਂ ਆਪਣੇ ਹਿੱਤਾਂ ਨੂੰ ਪਿਆਰ ਕਰਦੀ ਹੈ। ਹਿੰਦੂਆਂ ਦੀਆਂ ਵੋਟਾਂ ਇਕੱਠੀਆਂ ਕਰਨ ਲਈ, ਖੁਸ਼ ਕਰਨ ਲਈ ਹਿੰਦੂਆਂ ਨੂੰ, ਇਹ ਸਭ ਕੁਝ ਕਰ ਰਹੀ ਹੈ।"

ਪ੍ਰਸ਼ਨ — ਇਹ ਕਿਹਾ ਗਿਆ ਹੈ ਕਿ ਧਾਰਮਿਕ ਮੰਗਾਂ ਮੰਨ ਲਈਆਂ ਗਈਆਂ ਹਨ, ਇਨ੍ਹਾਂ ਬਾਰੇ ਤੁਹਾਡਾ ਕੀ ਵਿਚਾਰ ਹੈ?

ਸੰਤ ਜੀ — ਤੁਸੀਂ ਵੇਖ ਹੀ ਰਹੇ ਹੋ। ਨਾ ਤਾਂ ਤੰਬਾਕੂ ਦੀਆਂ ਦੁਕਾਨਾਂ ਹਟਾਈਆਂ ਤੇ ਨਾ ਸ਼ਰਾਬ ਦੀਆਂ। ਅਸੀਂ ਕਹਿ ਰਹੇ ਹਾਂ ਪਵਿਤਰ ਸ਼ਹਿਰ ਕਰਾਰ ਦਿਓ। ਦੂਸਰਾ ਅਸੀਂ ਕਹਿੰਦੇ ਹਾਂ ਕਿ ਕੀਰਤਨ ਹਰਿਮੰਦਰ ਸਾਹਿਬ ਦਾ ਜਿਹੜਾ ਏਥੇ ਬਹੁਤ ਸ਼ਕਤੀਸ਼ਾਲੀ ਟਰਾਂਸਮੀਟਰ ਲਾਓ। ਨਾ ਉਹਦੀ ਮਨਜ਼ੂਰੀ ਮਿਲੀ ਹੈ। ਨਾ ਹੀ ਗਾਤਰੇ ਵਾਲੀ ਕਿਰਪਾਨ ਪਾਕੇ ਤੁਸੀਂ ਹਵਾਈ ਸਫਰ ਕਰ ਸਕਦੇ ਹੋ। ਨਾ ਹੀ ਆਲ ਇੰਡੀਆ ਗੁਰਦੁਆਰਾ ਐਕਟ ਬਣਿਐਂ। ਉਹ ਹੀ ਦੱਸਣ ਕਿਹੜੀ ਧਾਰਮਿਕ ਮੰਗ ਮੰਨੀ ਹੈ।

ਪ੍ਰਸ਼ਨ — ਬਾਹਰ ਤਾਂ ਪਰਚਾਰ ਇਹ ਹੋ ਰਿਹਾ ਹੈ ਕਿ ਧਾਰਮਿਕ ਮੰਗਾਂ ਮੰਨੀਆਂ ਗਈਆਂ ਹਨ ਕੇਵਲ ਰਾਜਸੀ ਮੰਗਾਂ ਦਾ ਰੌਲਾ ਹੈ?

ਸੰਤ ਜੀ — ਲੋਕਾਂ ਨਾਲ ਫ਼ਰਾਡ ਕਰਦੇ ਹਨ।

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਗੁਰਪੁਰਬ ਦੀ ਲੱਖ ਲੱਖ ਵਧਾਈ



ਕੈਨੇਡਾ ਦਰਪਣ

# ਗੁਰੂ ਘਰ ਡੈਲਟਾ-ਸਰੀ ਵਿਚ ਸੰਗਤਾਂ ਵਲੋਂ ਨਵਾਂ ਸਾਲ ਮਨਾਇਆ ਗਿਆ

ਗੁਰੂ ਨਾਨਕ ਸਿੱਖ ਟੈਂਪਲ ਡੈਲਟਾ-ਸਰੀ ਵਿਖੇ ਨਵੇਂ ਸਾਲ 1984 ਦੇ ਚੜ੍ਹਨ ਦੀ ਖੁਸ਼ੀ ਵਿਚ ਸਮੂਹ ਸਾਧ ਸੰਗਤ ਵਲੋਂ ਦੀਵਾਨ ਸਜੇ, ਸੰਗਤਾਂ ਵਿਚ ਸੇਵਾ ਦੇ ਭਾਵ ਉਤਸ਼ਾਹ ਕੀਰਤਨ ਦਾਂ ਸਤਕਾਰ, ਕੀਰਤਨ ਦਰਬਾਰ ਸਮੇਂ ਕੀਰਤਨ ਸਰਵਨ ਕਰਦਿਆਂ ਸੰਗਤਾਂ ਦੀ ਇਕਾਗਰਤਾ, ਇਕ ਮਨ ਇਕ ਚਿਤ ਹੋ ਕੇ ਬੈਠਣ ਦੀ ਜਿੰਨੀ ਭੀ ਸਰਹਾਨਾ ਕੀਤੀ ਜਾਵੇ ਘਟ ਹੈ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਘਰ ਵਿਚ ਤਿੰਨ ਦਿਨ ਦਾ ਪ੍ਰੋਗਰਾਮ ਮਹਾਰਾਜ ਦੀ ਆਪਾਰ ਕ੍ਰਿਪਾ ਦੁਆਰਾ ਸਫਲ ਹੋਏ।

30 ਦਸੰਬਰ 1983 ਦਿਨ ਸ਼ੁਕਰਵਾਰ 9.30 ਵਜੇ ਸ੍ਰੀ ਅਖੰਡਪਾਠ ਸਾਹਿਬ ਦਾ ਆਰੰਭ ਹੋਣ ਤੋਂ ਹੀ ਰੌਣਕਾਂ ਸ਼ੁਰੂ ਹੋ ਗਈਆਂ, ਸੰਗਤਾਂ ਦੀ ਗਹਿਮਾਂ ਗਹਿਮੀ ਢਾਈ ਵਜੇ ਦੇ ਬਾਅਦ ਦੁਪਹਿਰ 1 ਜਨਵਰੀ 1984 ਦਿਨ ਐਤਵਾਰ ਤਕ ਰਹੀ।

31 ਦਸੰਬਰ 1983 ਸਨਿਚਰਵਾਰ ਰਾਤ ਨੂੰ ਕੀਰਤਨ ਦਰਬਾਰ ਵਿਚ ਭਾਰਤ ਤੋਂ ਆਏ ਜਥਿਆਂ, ਭਾਈ ਸਤਨਾਮ ਸਿੰਘ ਜੀ ਖਾਲਸਾ, ਭਾਈ ਸੁਰਜੀਤ ਸਿੰਘ ਜੀ ਦਿੱਲੀ ਵਾਲੇ ਭਾਈ ਦਿਯਾ ਸਿੰਘ ਜੀ ਜਲੰਧਰ ਵਾਲੇ ਸਿੰਘ ਸਾਹਿਬ ਜੀਵਨ ਸਿੰਘ ਜੀ ਪਟਨਾ ਨਿਵਾਸੀ, ਭਾਈ ਕੁਲਦੀਪ ਸਿੰਘ ਜੀ ਪ੍ਰਦੇਸੀ ਤੇ ਕਾਫੀ ਹੋਰ ਲੋਕਲ ਜਥਿਆਂ ਤੇ ਬੱਚਿਆਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਅੰਤ ਵਿਚ ਭਾਈ ਬਲਵਿੰਦਰ ਸਿੰਘ ਜੀ ਰੰਗੀਲੇ ਦੇ ਜਥੇ ਨੇ ਕੀਰਤਨ ਕੀਤਾ। ਠੀਕ 1 ਜਨਵਰੀ 1984 ਦੇ ਚੜ੍ਹਦਿਆਂ ਹੀ ਸੰਗਤਾਂ ਵਲੋਂ ਤੇ ਜਥੇ ਵਲੋਂ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਹਾਲ ਗੂੰਜ ਉਠਿਆ, ਕੀਰਤਨ ਉਪਰੰਤ ਅਰਦਾਸ ਕੀਤੀ ਗਈ ਸਰਵ ਸੰਸਾਰ ਵਿਚ ਸੁਖ ਸ਼ਾਂਤੀ ਭਾਰਤ ਦੇਸ, ਗੁਰ ਸਾਹਿਬਾਨ ਦੇ ਚਰਨ ਕਮਲਾਂ ਦੀ ਛੂਹ ਨਾਲ ਪਵਿਤਰ ਹੋਈ ਪੰਜਾਬ ਦੀ ਧਰਤੀ ਦੇ ਪਿਆਰ ਨੂੰ ਮੁਖ ਰਖਦੇ ਹੋਏ ਪੰਜਾਬ ਵਾਸੀਆਂ ਦੇਸ਼ ਤੇ ਸਿਖ ਪੰਥ ਲਈ ਸੁਭ ਇਛਾਵਾਂ ਵਾਸਤੇ ਨਵਾਂ ਸਾਲ ਸੁਖਾਂ ਭਰਿਆ ਚੜ੍ਹਨ ਦੀ ਕਾਮਨਾਂ ਦੇ ਅਰਦਾਸੇ ਕੀਤੇ ਗਏ।

1 ਜਨਵਰੀ 1984 ਸ੍ਰੀ ਅਖੰਡ ਪਾਠ ਦੇ ਭੋਗ ਤੋਂ ਉਪਰੰਤ ਦੀਵਾਨ ਸਜੇ ਨਵੇਂ ਸਾਲ ਦੀਆਂ ਖੁਸ਼ੀਆਂ ਵੰਡਦੇ ਹੋਏ ਸੰਗਤਾਂ ਵਲੋਂ ਗੁਰੂ ਘਰ ਹੀ ਇਕ ਦੂਸਰੇ ਪ੍ਰਵਾਰਾਂ ਨੂੰ Happy New Year ਆਖਕੇ ਮਿਲਨਾ ਬਹੁਤ ਹੀ ਖੁਸ਼ੀ ਪਰਤੀਤ ਹੋ ਰਹੀ ਸੀ ਇਸੇ ਮਾਹੌਲ ਵਿਚ ਕੀਰਤਨ ਅਰੰਭ ਹੋਇਆ। ਆਦਿ ਤੋਂ ਅੰਤ ਤੱਕ ਸੰਗਤਾਂ ਦੀ ਮਨ ਦੀ ਇਕਾਗਰਤਾ ਰਖਣ ਸ਼ਬਦ ਵਿਚ ਸੁਰਤੀ ਜੁੜੀ ਰਹਿਦ ਕਾਰਨ ਬਿਲਕੁਲ ਖਾਮੋਸ਼ੀ ਰਹੀ। ਬਲਵਿੰਦਰ ਸਿੰਘ ਰੰਗੀਲਾ ਸ: ਕੁਲਦੀਪ ਸਿੰਘ ਪ੍ਰਦੇਸੀ, ਬੀਬੀ ਬਰਜਿੰਦਰ ਕੌਰ ਰਤਨ ਦੁਆਰਾ ਸੰਗਤਾਂ ਨੂੰ ਕੀਰਤਨ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ। ਖੁਲ੍ਹੇ ਦੀਵਾਨ ਵਿਚ ਸੁਰਜੀਤ ਮਾਧੋਪੁਰੀ, ਰਤਨ ਸਿੰਘ ਤੇ ਗੁਰਮੀਤ ਸਿੰਘ ਮੁਹੰਮਦ, ਦਲਜੀਤ ਸਿੰਘ ਕਲਿਆਣਪੁਰੀ, ਭਾਈ ਸੰਤੋਖ ਸਿੰਘ ਹੋਰਾਂ ਨੇ ਆਪਣੀਆਂ ਰਚਨਾਂ ਗੁਰੂ ਇਤਿਹਾਸ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸਾਰੇ ਪਰੋਗਰਾਮ ਵਿਚ ਸੰਗਤਾਂ ਦੀ ਗਿਣਤੀ 7 ਜਾਂ 8 ਹਜ਼ਾਰ ਹੋਣ ਦੇ ਬਾਵਜੂਦ ਮੁਕੰਮਲ ਖਾਮੋਸ਼ੀ ਰਹੀ। ਕੇਵਲ ਥੋੜ੍ਹਾ ਜਿਹਾ ਸਮਾਂ ਜਿਸ ਵੇਲੇ ਗੁਰੂ ਘਰ ਦੇ ਸੇਵਾਦਾਰਾਂ ਵਲੋਂ ਸਾਲ 1983 ਦੀ ਰੀਪੋਰਟ ਪੇਸ਼ ਕੀਤੀ ਗਈ। ਕੀਰਤਨ ਬੰਦ ਕਰਨਾ ਪਿਆ। ਸਾਲ 1984 ਲਈ ਸੇਵਾ ਨੂੰ ਮੁਖ ਰਖਦੇ ਹੋਏ ਗੁਰੂ ਘਰ ਵਿਚ ਅਗਲੇ ਪਰੋਜੈਕਟ ਗੁੰਬੰਦ ਦੀ ਉਸਾਰੀ ਨੂੰ ਅਰੰਭ ਕੀਤਾ ਜਾਵੇ ਜਾਂ ਹਾਲੇ ਕੰਮਾਂ ਕਾਰਾਂ ਦੇ ਚੰਗੇ ਨਾ ਹੋਣ ਕਾਰਨ ਕੁਝ ਸਮੇਂ ਵਾਸਤੇ ਰੋਕ ਲਿਆ ਜਾਵੇ, ਕਿਉਂਕਿ ਸੰਗਤ ਹੀ ਸੁਪਰੀਮ ਪਾਵਰ ਹੈ ਤੇ ਸਮਰੱਥ ਹੈ। ਜਿਸ ਤਰ੍ਹਾਂ ਸੰਗਤਾਂ ਹੁਕਮ ਕਰਨ ਅਗੇ ਕਦਮ ਪੁਟਿਆ ਜਾਵੇ ਜਾਂ ਹਾਲੇ ਨਹੀਂ, ਹੁਕਮ ਲਈ ਅਪੀਲ ਕੀਤੀ। ਪਰ ਧੰਨ ਗੁਰੂ ਨਾਨਕ ਦੇਵ ਜੀ ਮਾਹਾਰਾਜ ਦੇ ਧੰਨ ਗੁਰੂ ਦੀਆਂ ਸਿਖ ਸੰਗਤਾਂ ਜਿੰਨ੍ਹਾਂ ਵਲੋਂ ਹਰ ਸਮੇਂ ਚੜ੍ਹਦੀ ਕਲਾ ਦਾ ਹੀ ਸਬੂਤ ਮਿਲਦਾ ਹੈ। ਤੇ ਉਹਨਾਂ ਨੇ ਪਰਤਖ ਸਬੂਤ ਦਿਤਾ ਤੇ ਜੈਕਾਰਿਆਂ ਦੀ ਗੂੰਜ ਨਾਲ ਗੁੰਬਦ ਦੀ ਸੇਵਾ ਨੂੰ ਅਰੰਭ ਕਰਨ ਦਾ ਹੀ ਹੁਕਮ ਦਿਤਾ। ਸੰਗਤ ਦੇ ਹੁਕਮ ਦੀ ਪਾਲਣਾ ਜ਼ਰੂਰੀ ਹੋਣੀ ਚਾਹੀਦੀ ਹੈ ਤੇ ਗੁਰੂ ਕ੍ਰਿਪਾ ਨਾਲ ਹੋਵੇਗੀ।

ਸੋ ਸਾਧ ਸੰਗਤ ਅਜ ਤੋਂ ਹੀ ਇਸ ਕਾਰਜ ਲਈ ਜੁਟ ਜਾਣ ਵਾਸਤੇ ਬੇਨਤੀ ਕਰਦੇ ਹਾਂ, ਕਿਉਂਕਿ ਗੁੰਬਦ ਦੇ ਬਣ ਜਾਣ ਨਾਲ ਗੁਰੂ ਘਰ ਦੀ ਇਮਾਰਤ ਦੀ ਸ਼ਾਨ ਬਹੁਤ ਵਧੇਗੀ। ਸੇਵਾ ਦਾ ਅਵਸਰ ਭੀ ਪ੍ਰਾਪਤ ਹੋਵੇਗਾ।

ਗੁਰੂ ਘਰ ਦੇ ਸੇਵਾਦਾਰ
ਗੁਰੂ ਨਾਨਕ ਸਿੱਖ ਟੈਂਪਲ ਡੈਲਟਾ-ਸਰੀ, ਬੀ. ਸੀ.




ਵੇਖੀਂ ਮੇਰੇ ਰਾਜਾ ਕੈਨੇਡਾ ਜਾ ਕੇ ਭੁੱਲ ਨਾ ਜਾਵੀਂ ਮੈਂ ਸੁਣਿਆ ਕੈਨੇਡੇ ਦੇ ਮਰਦ ਬੜੇ ਕਠੋਰ ਦਿਲ ਹੁੰਦੇ ਨੇ।

ਨਹੀਂ ਦਲਜੀਤ ਮੈਂ ਤੈਨੂੰ ਛੇਤੀ ਹੀ ਮੰਗਵਾ ਲਵਾਂਗਾ, ਤੈਨੂੰ ਰਾਣੀ ਬਣਾ ਕੇ ਰੱਖਾਂਗਾ, ਫਾਰਮਾਂ ਵਿਚ ਕੰਮ ਕਰਨ ਨਹੀਂ ਭੇਜਾਂਗਾ, ਹੋਟਲਾਂ ਵਿਚ ਭਾਂਡੇ ਧੋਣ ਨਹੀਂ ਭੇਜਾਂਗਾ...ਹੁਣ ਕਦੇ ਕਦੇ ਦਲਜੀਤ ਉਹ ਗੱਲਾਂ ਸੁਪਨੇ ਵਿਚ ਵੇਖਦੀ ਹੈ। ਸ਼ਰਾਬੀ ਮਰਦ ਦੀਆਂ ਗਾਲਾਂ ਵਿਚੋਂ ਉਸਨੂੰ ਕਨੇਡੀਅਨ ਡਾਲਰਾਂ ਦੀ ਹਵਾੜ ਜਿਵੇਂ ਉਸਦਾ ਸਾਹ ਘੁੱਟ ਰਹੀ ਹੋਵੇ।



# ਬੱਸਾਂ ਦੇ ਕਿਰਾਏ ਵਧੇ

ਕੈਲਗਰੀ—ਇਥੇ ਹੁਣ ਯਾਤਰੀਆਂ ਨੂੰ ਡਾਲਰ ਦੀ ਭਾਨ ਦੀ ਲੋੜ ਨਹੀਂ ਰਹੀ। ਬੱਸਾਂ ਦਾ ਕਰਾਇਆ ਵਧਾ ਕੇ ਪੂਰਾ ਇਕ ਡਾਲਰ ਹੀ ਕਰ ਦਿਤਾ ਗਿਆ ਹੈ। ਐਡਮਿੰਟਨ ਵਿਚ 85 ਸੈਂਟ ਅਤੇ ਵੈਨਕੂਵਰ ਵਿਚ ਬੱਸਾਂ ਦਾ ਕਰਾਇਆ 75 ਸੈਂਟ ਹੈ।

## ਸੂਚਨਾ

ਐਸ. ਐਂਡ ਐਸ. ਇਨਸ਼ੋਰੈਂਸ ਦੇ ਮਾਲਕ ਸ: ਦਲਜੀਤ ਸਿੰਘ ਸਿੱਧੂ ਅਤੇ ਬੈਂਸ ਟੈਕਸ ਐਂਡ ਅਕਾਊਂਟਿੰਗ ਸਰਵਿਸਜ਼ ਦੇ ਮਾਲਕ ਸ: ਰਣਜੀਤ ਸਿੰਘ ਬੈਂਸ ਸੂਚਨਾ ਦਿੰਦੇ ਹਨ ਕਿ ਦੋਵੇਂ ਦਫਤਰ ਪੰਜਾਬੀ ਮਾਰਕਿਟ ਵਿਚ ਹੀ 6658, ਮੇਨ ਸਟਰੀਟ, ਵੈਨਕੂਵਰ ਤੇ ਮੂਵ ਹੋ ਰਹੇ ਹਨ। ਇਹ ਉਹ ਥਾਂ ਹੈ ਜਿਥੇ ਸ਼ਾਨ ਸਾੜ੍ਹੀਜ਼ ਦਾ ਪੁਰਾਣਾ ਸਟੋਰ ਸੀ। ਇਹ ਥਾਂ 50 ਤੇ 51 ਐਵੇਨਿਊ ਦੇ ਵਿਚਕਾਰ ਹੈ। ਆਪਣੀਆਂ ਕਾਰਾਂ ਅਤੇ ਘਰਾਂ ਆਦਿ ਦੀ ਇਨਸ਼ੋਰੈਂਸ ਲਈ ਅਤੇ ਟੈਕਸ ਦੇ ਫਾਰਮ ਭਰਵਾਉਣ ਦੀ ਸਹੂਲਤ ਤੇ ਹੋਰ ਦਫਤਰੀ ਸਹਾਇਤਾ ਲਈ ਸ੍ਰੀ ਸਿੱਧੂ ਅਤੇ ਸ੍ਰੀ ਬੈਂਸ ਨੂੰ ਨਵੇਂ ਥਾਂ ਪਹੁੰਚ ਕੇ ਮਿਲੋ।



# ਪੰਜਾਬ ਸਰਕਾਰ ਬਿਜਲੀ ਬੋਰਡ ਦੇ ਕੀਮਤੀ ਕਾਗਜ਼ ਰੱਦੀ ਦੀ ਟੋਕਰੀ ਵਿਚ

ਜੈਤੋ—ਬਿਹਾਰ ਪ੍ਰਾਂਤ ਦੀ ਇਕ ਇਸਤਰੀ ਕੋਲੋਂ ਜੋ ਇਥੇ ਰੱਦੀ ਕਾਗਜ਼ਾਂ ਦਾ ਧੰਦਾ ਕਰਕੇ ਆਪਣੀ ਰੋਜ਼ੀ ਕਮਾਉਂਦੀ ਹੈ ਦੋ ਥੈਲੇ ਭਰੇ ਹੋਏ ਉਨ੍ਹਾਂ ਕਾਗਜ਼ਾਂ ਦੇ ਮਿਲੇ ਜੋ ਪੰਜਾਬ ਸਰਕਾਰ ਬਿਜਲੀ ਬੋਰਡ ਕੋਟ ਕਪੂਰੇ ਦੇ ਦਫਤਰ ਦੀਆਂ ਲੈਜ਼ਰਾ ਅਤੇ ਜ਼ਰੂਰੀ ਦਸਤਾਵੇਜ਼ ਦੱਸੇ ਜਾਂਦੇ ਹਨ।

ਖਪਤਕਾਰਾਂ ਵਲੋਂ ਜਮ੍ਹਾਂ ਕਰਾਈ ਗਈ ਸਿਕਿਉਰਿਟੀ ਦੀ ਰਕਮ ਦਦਾ ਇਹ ਰੀਕਾਰਡ ਕਿਸ ਤਰਾਂ ਰੱਦੀ ਦੀ ਟੋਕਰੀ ਤੱਕ ਪੁਜਾ ਹਾਲੇ ਇਕ ਬੁਝਾਰਤ ਹੀ ਹੈ।

# ਜੀਵਨੀ ਲਿਖਣ ਵਾਲੇ ਨੂੰ ਭਿੰਡਰਾਂਵਾਲੇ ਦੀ ਧਮਕੀ

ਅੰਮ੍ਰਿਤਸਰ—ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਉਹਨਾਂ ਦੀ ਜੀਵਨੀ ਦੇ ਲੇਖਕ ਨੂੰ ਧਮਕੀ ਦਿਤੀ ਹੈ ਕਿ ਦੋ ਦਿਨਾਂ ਦੇ ਅੰਦਰ ਉਹ ਇਸ ਕਿਤਾਬ ਨੂੰ ਬਾਜ਼ਾਰ ਵਿਚੋਂ ਚੁੱਕ ਲਵੇ ਨਹੀਂ ਤਾਂ "ਭੈੜੇ" ਨਤੀਜੇ ਭੁਗਤਣੇ ਪੈਣਗੇ।

ਕਿਤਾਬ ਵਿਚ ਉਨ੍ਹਾਂ ਨੂੰ "ਧਰਮ ਰਖਸ਼ਕ" ਕਿਹਾ ਗਿਆ ਹੈ। ਪਤਰਕਾਰਾਂ ਨਾਲ ਗਲ ਕਰਦਿਆਂ ਉਨ੍ਹਾਂ ਕਿਹਾ ਕਿ "ਧਰਮ ਰਖਸ਼ਕ" ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੀ ਹੋਏ ਹਨ। ਪਬਲਿਸ਼ਰ ਨੇ ਕਿਤਾਬ ਛਾਪਣ ਤੋਂ ਪਹਿਲਾਂ ਸੰਤ ਭਿੰਡਰਾਂਵਾਲੇ ਦੀ ਸਲਾਹ ਨਹੀਂ ਲਈ ਦੱਸੀ ਜਾਂਦੀ ਹੈ।

## ਸੂਚਨਾ

ਸੂਚਤ ਕੀਤਾ ਜਾਂਦਾ ਹੈ ਕਿ ਗਦਰੀ ਬਾਬਾ ਨਿਰੰਜਨ ਸਿੰਘ ਜੀ ਦੀ ਛਪੀ ਕਿਤਾਬ 'ਗਦਰੀ ਤੇ ਕਾਮਾ' 29 ਜਨਵਰੀ 1984 ਨੂੰ ਵਾਲਟਰ ਮੋਬਰਲੀ ਕਮਿਊਨਿਟੀ ਹਾਲ (ਪਰਿੰਸ ਐਲਬਰਟ ਅਤੇ 61 ਐਵੇਨਿਊ) ਵਿਖੇ ਰਲੀਜ਼ ਕੀਤੀ ਜਾਵੇਗੀ। ਸਮਾਂ ਡੇਢ ਤੋਂ ਚਾਰ ਵਜੇ ਤਕ ਦਾ ਹੋਵੇਗਾ।

# ਪਾਕਿਸਤਾਨੀ ਸਮਗਲਰ

ਨਿਊਯਾਰਕ—ਇਥੇ ਕੈਨੇਡੀ ਇੰਟਰਨੈਸ਼ਨਲ ਹਵਾਈ ਅੱਡੇ ਤੇ ਅਮਰੀਕਾ ਦੇ ਕਸਟਮ ਅਧਿਕਾਰੀਆਂ ਨੇ ਦੋ ਪਾਕਿਸਤਾਨੀ ਯਾਤਰੀਆਂ ਦੇ ਸੂਟ ਕੇਸਾਂ ਦੇ ਨਕਲੀ ਥੱਲਿਆਂ ਵਿਚੋਂ 5 ਕਿਲੋ ਹੀਰੋਅਨ ਜਿਸਦੀ ਕੀਮਤ 11 ਮਿਲੀਅਨ ਡਾਲਰ ਦੱਸੀ ਜਾਂਦੀ ਹੈ, ਫੜੀ ਹੈ।

# ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਦੇ 1984 ਦੀ ਪ੍ਰਬੰਧਕ ਕਮੇਟੀ ਦੀ ਚੋਣ ਸਰਬ ਸੰਮਤੀ ਨਾਲ ਹੋਈ

ਐਬਟਸਫੋਰਡ—ਚੋਣ ਕਮੇਟੀ ਦੇ ਮੈਂਬਰਾਂ ਰੁਪਿੰਦਰ ਸਿੰਘ ਅਜ਼ਾਦ, ਦਰਸ਼ਨ ਸਿੰਘ ਮਾਹਲ, ਗੁਲਜਾਰ ਸਿੰਘ ਢਿੱਲੋਂ ਵਲੋਂ ਨਿਭਾਈ ਗਈ ਚੋਣ ਦੀ ਕਾਰਵਾਈ ਦੀ ਸਭ ਨੇ ਸ਼ਲਾਘਾ ਕੀਤੀ।

ਨਵੇਂ ਸਾਲ ਦੇ ਸ਼ੁਭ ਦਿਹਾੜੇ ਤੇ ਅਥਾਹ ਸੰਗਤ ਜੁੜੀ ਅਤੇ ਬਹੁਤ ਉਤਸ਼ਾਹ ਨਾਲ ਮਿਲਵਰਤਣ ਦੇ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਬੜੇ ਹੀ ਸ਼ਾਂਤਮਈ ਢੰਗ ਨਾਲ ਸਾਲ 1983 ਦੀ ਪ੍ਰਬੰਧਕ ਕਮੇਟੀ ਨੇ ਵਿਦਾਇਗੀ ਲਈ ਤੇ ਨਵੀਂ ਬਣੀ ਪ੍ਰਬੰਧਕ ਕਮੇਟੀ ਦਾ ਨਿੱਘਾ ਸਵਾਗਤ ਕੀਤਾ।

1984 ਦੀ ਪ੍ਰਬੰਧਕ ਕਮੇਟੀ ਦੇ ਸੇਵਾਦਾਰਾਂ ਦੇ ਨਾਮ ਇਸ ਪ੍ਰਕਾਰ ਹਨ:

| | |
|---|---|
| ਮਹਿੰਦਰ ਸਿੰਘ ਗਿੱਲ | ਪ੍ਰਧਾਨ |
| ਅਜਮੇਰ ਸਿੰਘ ਬੜੈਚ | ਮੀਤ-ਪ੍ਰਧਾਨ |
| ਸੰਤਾ ਸਿੰਘ ਤਤਲਾ | ਸਕੱਤਰ |
| ਅਜੀਤ ਸਿੰਘ ਅਨੰਦ | ਰਿਕਾਰਡਿੰਗ ਸਕੱਤਰ |
| ਸੇਵਾ ਸਿੰਘ ਬੂੰਦੀ | ਰਿਕਾਰਡਿੰਗ ਸਕੱਤਰ |
| ਬੰਗਾ ਸਿੰਘ ਢਿੱਲੋਂ | ਖਜ਼ਾਨਚੀ |
| ਜਰਨੈਲ ਸਿੰਘ ਹੀਰ | ਮੀਤ ਖਜ਼ਾਨਚੀ |
| ਬੇਅੰਤ ਸਿੰਘ ਸਿੱਧੂ | ਮੈਂਬਰ |
| ਗੁਰਦਿਆਲ ਸਿੰਘ ਗਿੱਲ | ਮੈਂਬਰ |
| ਬਲਰਾਜ ਸਿੰਘ ਹਾਰਾ | ਮੈਂਬਰ |
| ਗੁਰਮੇਜ ਸਿੰਘ ਬਰਾੜ | ਮੈਂਬਰ |
| ਕਰਤਾਰ ਸਿੰਘ ਸਿੱਧੂ | ਮੈਂਬਰ |

# ਨਾਈਜੇਰੀਆ ਵਿਚ ਰਾਜ ਪਲਟਾ

ਲੰਦਨ—ਅਫਰੀਕਾ ਦੇ ਦੇਸ਼ ਨਾਈਜੇਰੀਆ ਵਿਚ ਚਾਰ ਸਾਲ ਪੁਰਾਣੀ ਪ੍ਰਧਾਨ ਸ਼ਗਾਰੀ ਦੀ ਹਕੂਮਤ ਨੂੰ ਉਲਟਾ ਦਿਤਾ ਗਿਆ ਹੈ। ਅਤੇ ਨਵੀਂ ਫੌਜੀ ਹਕੂਮਤ ਮੇਜਰ ਜਨਰਲ ਬੁਹਾਰੀ ਦੀ ਅਧੀਨਗੀ ਵਿਚ ਸਥਾਪਤ ਕਰ ਦਿੱਤੀ ਗਈ।

ਮੇਜਰ ਜਨਰਲ ਬੁਹਾਰੀ ਅਨੁਸਾਰ ਸ੍ਰੀ ਸ਼ਗਾਰੀ ਦੀ ਹਕੂਮਤ ਇਕ "Corrupt" ਹਕੂਮਤ ਸੀ। ਅਤੇ "Corrupt" ਅਧਿਕਾਰੀਆਂ ਨੂੰ ਸਜਾ ਦਿਤੀ ਜਾਵੇਗੀ।

# ਸ੍ਰੀ ਆਂਦਰੋਪੋਵ ਨੂੰ ਫੇਰ ਪ੍ਰਧਾਨ ਚੁਣਿਆ ਗਿਆ

ਮਾਸਕੋ—ਸ੍ਰੀ ਯੂਰੀ ਆਂਦਰੋਪੋਵ ਨੂੰ ਫੇਰ ਪ੍ਰਧਾਨ ਪਦ ਲਈ ਚੁਣਿਆ ਗਿਆ ਹੈ। ਸੁਪਰੀਮ ਸੋਵੀਅਤ ਚੋਣਾਂ "ਤਾਸ" ਦੀ ਖਬਰਾਂ ਅਨੁਸਾਰ ਚਾਰ ਮਾਰਚ ਨੂੰ ਕਰਵਾਈਆਂ ਜਾਣਗੀਆਂ

# ਪੰਜਾਬ ਦਰਪਣ



ਸ਼ਨੀਵਾਰ ਨੂੰ ਫਗਵਾੜਾ ਨੇੜੇ ਰੇਲ-ਮੈਟਾਡੋਰ ਹਾਦਸੇ ਵਿਚ ਫਟੜ ਹੋਣ ਵਾਲੇ ਬੱਚੇ (ਉਪਰ ਖੱਬੇ) ਹਾਦਸੇ ਪਿਛੋਂ ਚਕਨਾਚੂਰ ਹੋਈ ਮੈਟਾਡੋਰ ਖੜੀ ਨਜ਼ਰ ਆ ਰਹੀ ਹੈ

## ਵੈਨ ਗੱਡੀ ਵਿਚ ਜਾ ਵਜੀ — 17 ਬੱਚੇ ਜ਼ਖਮੀ।

ਫਗਵਾੜਾ — ਇਥੋਂ ਨੇੜੇ ਹੀ ਇਕ ਰੇਲਵੇ ਫਾਟਕ ਤੇ ਇਕ ਸਕੂਲੀ ਵੈਨ ਦੀ ਜੈਜੋਂ ਜਾਂਦੀ ਗੱਡੀ ਨਾਲ ਟੱਕਰ ਹੋ ਜਾਣ ਦੇ ਕਾਰਨ 20 ਬੱਚੇ ਜ਼ਖਮੀ ਹੋ ਗਏ ਇਨਾ ਵਿਚੋਂ 3 ਦੀ ਹਾਲਤ ਨਾਜ਼ਕ ਦੱਸੀ ਗਈ ਹੈ। ਫਾਟਕ ਬਿਨਾਂ ਮੁਲਾਜ਼ਮ ਵਾਲਾ ਸੀ।

ਫਾਟਕ ਪਾਰ ਕਰਨ ਲਗਿਆਂ ਵੈਨ ਦੇ ਡਰਾਈਵਰ ਨੂੰ ਧੁੰਦ ਕਾਰਨ ਗੱਡੀ ਚੰਗੀ ਤਰ੍ਹਾਂ ਨਜ਼ਰ ਨਹੀਂ ਸੀ ਆਈ।

ਡਰਾਈਵਰ ਅਤੇ 8 ਬਚਿਆਂ ਨੂੰ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਹੈ ਅਤੇ ਜਿਆਦਾ ਜ਼ਖਮੀ ਹੋਏ ਹਰਜੀਤ ਸਿੰਘ ਨੂੰ ਲੁਧਿਆਣੇ ਸੀ.ਐਮ.ਸੀ ਵਿਚ।

ਹਾਦਸਾ ਪਿੰਡ ਮੌਹਲੀ ਲਾਗੇ ਹੋਇਆ। ਬਦਕਿਸਮਤ ਵੈਨ ਹਾਦਸੇ ਦੇ ਸਥਾਨ ਤੋਂ 150 ਮੀਟਰ ਪਰੇ ਪਈ ਸੀ।

## ਇਹ ਨਿਰਾ ਨਾਟਕ ਸੀ ਸੰਤ ਭਿੰਡਰਾਂਵਾਲੇ ਦਾ

ਅੰਮ੍ਰਿਤਸਰ — ਬਬਰ ਖਾਲਸਾ ਦੇ ਮੁਖੀ ਜਥੇਦਾਰ ਸੁਖਦੇਵ ਸਿੰਘ ਬੱਬਰ ਨੇ ਇਥੇ ਜਾਰੀ ਕੀਤੇ ਗਏ ਇਕ ਬਿਆਨ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਇਹ ਦੋਸ਼ ਲਾਇਆ ਕਿ ਉਨ੍ਹਾਂ ਆਪਣੇ ਸਾਰੇ ਜੱਥੇ ਸਮੇਤ ਗੁਰੂ ਨਾਨਕ ਨਿਵਾਸ ਨੂੰ ਛੱਡ ਕੇ ਸ੍ਰੀ ਅਕਾਲ ਤਖਤ ਸਾਹਿਬ ਜਾ ਟਿਕਣ ਦਾ ਸਾਰਾ ਨਾਟਕ "ਬੱਬਰ ਖਾਲਸਾ ਨੂੰ ਬਦਨਾਮ" ਕਰਨ ਲਈ ਰਚਿਆ ਹੈ।

ਜਥੇਦਾਰ ਬੱਬਰ ਦਾ ਕਹਿਣਾ ਹੈ ਕਿ ਨਾਨਕ ਨਿਵਾਸ ਵਿਚ ਕਮਰਿਆਂ ਉਤੇ ਕਬਜ਼ੇ ਤੇ ਕੋਈ ਝਗੜਾ ਨਹੀਂ ਸੀ ਹੋਇਆ ਅਤੇ ਸੰਤ ਭਿੰਡਰਾਂਵਾਲੇ ਜਿਹੜੇ ਪਹਿਲਾਂ ਹੀ ਅਕਾਲ ਤਖਤ ਸਾਹਿਬ ਵਿਚ ਸੌਂਦੇ ਸਨ ਨੇ ਓਥੇ ਪੱਕੇ ਡੇਰੇ ਲਾਉਣ ਲਈ ਇਹ ਨਾਟਕ ਰਚਿਆ।

ਉਹਨਾਂ ਸੰਤ ਭਿੰਡਰਾਂਵਾਲੇ ਨੂੰ 'ਹੌਮੇ ਦਾ ਸ਼ਿਕਾਰ' ਕਰਾਰ ਦਿੰਦਿਆਂ ਲੋਕਾਂ ਨੂੰ ਝੂਠੇ ਪ੍ਰਚਾਰ ਤੋਂ ਸੁਚੇਤ ਰਹਿਣ ਲਈ ਅਪੀਲ ਕੀਤੀ ਹੈ।

ਬਿਆਨ ਵਿਚ ਕਿਹਾ ਗਿਆ ਹੈ ਕਿ ਸੰਤ ਜੀ ਦੇ ਬੰਦਿਆਂ ਨੇ ਜਦੋਂ ਸਾਮਾਨ ਚੁੱਕ ਕੇ ਸ੍ਰੀ ਅਕਾਲ ਤਖਤ ਸਾਹਿਬ ਜਾਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਨੇ "ਬੱਬਰ ਖਾਲਸਾ" ਦੇ ਵਾਲੰਟੀਅਰਾਂ ਨੂੰ ਬਹੁਤ ਬੁਰਾ ਭਲਾ ਕਿਹਾ ਪਰ ਉਹ "ਪੰਥਕ ਹਿੱਤਾਂ ਨੂੰ ਮੁੱਖ ਰੱਖ ਕੇ ਸ਼ਾਂਤ ਰਹੇ"

## ਸਾਬਕਾ ਫੌਜੀਆਂ ਨੂੰ ਸਿਖਲਾਈ ਲਈ ਕੈਂਪ

ਲੁਧਿਆਣਾ — ਪੰਜਾਬ ਨੈਸ਼ਨਲ ਬੈਂਕ ਕੌਮੀ ਕੀਤੇ ਬੈਂਕਾ ਵਿਚੋਂ ਪਹਿਲਾ ਬੈਂਕ ਹੈ ਜਿਸ ਨੇ ਸਾਬਕ ਫੌਜੀਆਂ ਨੂੰ ਆਪਣੇ ਪੈਰਾਂ ਤੇ ਖੜੇ ਕਰਨ ਲਈ ਬਹੁਤ ਸਾਰੀਆਂ ਸਕੀਮਾਂ ਬਣਾਈਆਂ ਹਨ। ਜਨਰਲ ਮੈਨੇਜਰ ਸ੍ਰੀ ਰੁਮੇਸ਼ ਲਾਲ ਨੇ ਦਸਿਆ ਹੈ ਕਿ ਸਾਬਕ ਫੌਜੀਆਂ ਨੂੰ ਬੈਂਕਾਂ ਵਿਚ ਨੌਕਰੀਆਂ ਦੇਣ ਲਈ ਟ੍ਰੇਨਿੰਗ ਕੈਂਪ ਲਾਏ ਜਾਂਦੇ ਹਨ ਜਿਥੇ ਇਹਨਾਂ ਦੇ ਰਹਿਣ ਅਤੇ ਖਾਣ ਪੀਣ ਦਾ ਮੁਫਤ ਪ੍ਰਬੰਧ ਕੀਤਾ ਜਾਂਦਾ ਹੈ। ਅਜੇਹਾ ਪਹਿਲਾ ਕੈਂਪ ਲੁਧਿਆਣੇ ਵਿਚ 6 ਦਸੰਬਰ ਤੋਂ ਲੈ ਕੇ 17 ਦਸੰਬਰ ਤਕ ਲਾਇਆ ਗਿਆ ਜਿਸ ਵਿਚ 34 ਟ੍ਰੇਨੀ ਸ਼ਾਮਲ ਹੋਏ। ਬੈਂਕ ਦੇ ਟ੍ਰੇਨਿੰਗ ਮੈਨੇਜਰ ਸ੍ਰੀ ਕੇ.ਐਲ ਦੁਆ ਨੇ ਪਤਰਕਾਰਾਂ ਨੂੰ ਦਸਿਆ ਕਿ ਪਿਛਲੇ ਸਾਲ 31 ਦਸੰਬਰ ਤਕ ਅਜੇਹੇ ਕੈਂਪਾਂ ਵਿਚ ਭਾਗ ਲੈਣ ਵਾਲੇ 296 ਫੌਜੀਆਂ ਨੂੰ ਇਸ ਬੈਂਕ ਦੀਆਂ ਸ਼ਾਖਾਵਾਂ ਵਿਚ ਨੌਕਰੀਆਂ ਉਤੇ ਲਾਇਆ ਗਿਆ ਹੈ ਅਤੇ 793 ਨੂੰ ਆਪਣੇ ਧੰਦੇ ਸ਼ੁਰੂ ਕਰਨ ਲਈ 1 ਕਰੋੜ 43 ਲੱਖ 36 ਹਜ਼ਾਰ ਦੇ ਕਰਜ਼ੇ ਕੇਵਲ ਪੰਜਾਬ ਵਿਚ ਦਿੱਤੇ ਗਏ ਹਨ।

## ਉੱਤਰੀ ਰਾਜਾਂ 'ਚ ਪਾਲੇ ਦਾ ਜ਼ੋਰ

ਚੰਡੀਗੜ੍ਹ—ਪੂਰੇ ਉੱਤਰੀ ਭਾਰਤ ਵਿਚ ਸ਼ੀਤ ਲਹਿਰ ਦਾ ਜ਼ੋਰ ਜਾਰੀ ਹੈ। ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਦੇ ਕੁਝ ਭਾਗਾਂ ਵਿਚ ਸੂਰਜ ਪੂਰਾ ਦਿਨ ਚਮਕਦਾ ਰਿਹਾ ਪਰ ਤੇਜ਼ ਬਰਫੀਲੀਆਂ ਹਵਾਵਾਂ ਨੇ ਲੋਕਾਂ ਦੇ ਜਿਸਮ ਨਹੀਂ ਖੁੱਲਣ ਦਿਤੇ। ਪੰਜਾਬ ਤੇ ਹਰਿਆਣਾ ਦੇ ਕੁਝ ਹਿੱਸਿਆਂ ਵਿਚ ਹਲਕੀ ਬਾਰਸ਼ ਹੋਈ।

ਹਿਮਾਚਲ ਪ੍ਰਦੇਸ਼ ਦੀਆਂ ਉਚੇਰੀਆਂ ਪਹਾੜੀਆਂ 'ਤੇ ਵੀ ਬਰਫਬਾਰੀ ਹੋਈ। ਬਰਫਬਾਰੀ ਕਾਰਨ ਕਈ ਮੁਖ ਸੜਕਾਂ 'ਤੇ ਆਵਾਜਾਈ ਠੱਪ ਰਹੀ। ਉਤਰ ਪ੍ਰਦੇਸ਼ ਤੋਂ ਪ੍ਰਾਪਤ ਸੂਚਨਾਵਾਂ ਅਨੁਸਾਰ ਉਸ ਰਾਜ ਵਿਚ ਠੰਡ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ 8 ਹੋ ਗਈ ਹੈ। ਇਨ੍ਹਾਂ ਵਿਚੋਂ ਤਿੰਨ ਮੌਤਾਂ ਇਕੱਲੇ ਫੈਜ਼ਾਬਾਦ ਜ਼ਿਲੇ ਵਿਚ ਹੋਈਆਂ।

## ਠੇਕੇ ਤੋਂ ਨਕਦੀ ਲੁੱਟੀ

ਫਿਰੋਜ਼ਪੁਰ—ਅਬੋਹਰ ਥਾਣੇ ਦੇ ਇਕ ਪਿੰਡ ਕਿੱਕਰ ਖੇੜਾ ਵਿਚ ਸੋਮਵਾਰ ਰਾਤ ਨੂੰ ਦੋ ਅਣਪਛਾਤੇ ਲੁਟੇਰਿਆਂ ਨੇ ਪਿਸਤੌਲ ਦਿਖਾ ਕੇ ਸ਼ਰਾਬ ਦੇ ਠੇਕੇ ਤੋਂ 600 ਰੁਪੈ ਦੀ ਨਕਦੀ ਲੁੱਟ ਲਈ।

## ਪਾਕਿਸਤਾਨ ਮੋਰਚੇਬੰਦੀ ਕਰ ਰਿਹਾ ਹੈ

ਜਲੰਧਰ — ਭਰੋਸੇਯੋਗ ਵਸੀਲਿਆਂ ਤੋਂ ਪਤਾ ਲਗਿਆ ਹੈ ਕਿ ਕਿ ਪਾਕਿਸਤਾਨ ਵਿਚ ਜ਼ੋਰਦਾਰ ਸਰਗਰਮੀਆਂ ਹੋਣ ਕਾਰਨ ਪਾਕਿਸਤਾਨ ਦੇ ਕੁਝ ਸਰਹੱਦੀ ਇਲਾਕਿਆਂ ਦੇ ਕੁਝ ਪਾਕਿਸਤਾਨੀ ਪੇਂਡੂਆਂ ਨੇ ਆਪਣੇ ਪਰਿਵਾਰ ਸਰਹੱਦ ਤੋਂ ਦੂਰ ਭੇਜ ਦਿੱਤੇ ਹਨ ਅਤੇ ਸਰਹੱਦੀ ਇਲਾਕਿਆਂ ਵਿਚ ਇਹ ਵੀ ਚਰਚਾ ਹੈ ਕਿ ਪਾਕਿਸਤਾਨ ਸਰਕਾਰ ਨੇ ਕੁਝ ਪਿੰਡ ਖਾਲੀ ਕਰਵਾ ਲਏ ਹਨ ਤਾਕਿ ਉਥੋਂ ਦੇ ਲੋਕ ਪਾਕਿਸਤਾਨੀ ਫੌਜਾਂ ਦੀ ਸਰਗਰਮੀਆਂ ਕਾਰਨ ਡਰ ਵਿਚ ਨ ਆ ਜਾਣ, ਇਹਨਾਂ ਹਲਕਿਆਂ ਅਨੁਸਾਰ ਰਾਤ ਨੂੰ ਪਾਕਿਸਤਾਨੀ ਫੌਜੀ ਆਪਣੇ ਸਰਹੱਦੀ ਇਲਾਕਿਆਂ ਵਿਚ ਮੋਰਚਿਆਂ ਦੀ ਉਸਾਰੀ ਕਰ ਰਹੇ ਹਨ ਅਤੇ ਇਹਨਾਂ ਦੀਆਂ ਗਡੀਆਂ ਦੀ ਗੜਗੜ ਭਾਰਤੀ ਸਰਹਦੀ ਖੇਤਰਾਂ ਵਿਚ ਸੁਣਦੀ ਹੈ।

## ਜਗਜੀਤ ਸਿੰਘ ਚੌਹਾਨ ਨਾਲ ਮੇਰਾ ਪੂਰਾ ਸੰਪਰਕ ਹੈ — ਬਲਬੀਰ ਸੰਧੂ

ਅੰਮ੍ਰਿਤਸਰ — "ਮੈਂ ਡਾਕਟਰ ਜਗਜੀਤ ਸਿੰਘ ਚੌਹਾਨ ਨਾਲ ਪੂਰਾ ਸੰਪਰਕ ਚਿੱਠੀਆਂ ਰਾਹੀਂ ਰੱਖ ਰਿਹਾ ਹਾਂ" ਇਹ ਗਲ ਨੈਸ਼ਨਲ ਕੌਂਸਲ ਆਫ ਖਾਲਿਸਤਾਨ ਦੇ ਸਕੱਤਰ ਜਨਰਲ ਬਲਬੀਰ ਸਿੰਘ ਸੰਧੂ ਨੇ ਗੁਰੂ ਨਾਨਕ ਨਿਵਾਸ ਦੇ ਕਮਰਾ ਨੰਬਰ 32 ਵਿਚ ਕੁਝ ਦਿਨ ਪਹਿਲਾਂ ਇਕ ਪੱਤਰਕਾਰ ਨਾਲ ਗਲ ਕਰਦਿਆਂ ਕਹੀ।

ਬਲਬੀਰ ਸਿੰਘ ਸੰਧੂ ਪਿਛਲੇ ਕਾਫੀ ਸਮੇਂ ਤੋਂ ਨਾਨਕ ਨਿਵਾਸ (ਸ੍ਰੀ ਦਰਬਾਰ ਸਾਹਿਬ ਕੰਪਲੈਕਸ) ਵਿਚ ਰਹਿ ਰਿਹਾ ਹੈ।

ਉਸ ਨੇ ਕਿਹਾ "ਮੈਂ ਜਗਜੀਤ ਸਿੰਘ ਚੌਹਾਨ ਨੂੰ ਲਗਾਤਾਰ ਚਿੱਠੀਆਂ ਲਿਖ ਰਿਹਾ ਹਾਂ ਅਤੇ ਪੰਜਾਬ ਦੇ ਹਾਲਾਤਾਂ ਤੋਂ ਜਾਣੂ ਕਰਵਾ ਰਿਹਾ ਹਾਂ।

ਇਕ ਹੋਰ ਸਵਾਲ ਦੇ ਜੁਆਬ ਵਿਚ ਸ੍ਰੀ ਸੰਧੂ ਨੇ ਕਿਹਾ ਕਿ "ਜੇ ਖਾਲਿਸਤਾਨ ਬਣਦਾ ਹੈ ਤਾਂ ਉਸ ਵਿਚ ਸਾਰੇ ਹਿੰਦੂ ਸਿੱਖ ਮਿਲਕੇ ਰਹਿਣਗੇ ਜਿਸ ਤਰ੍ਹਾਂ ਹੁਣ ਰਹਿ ਰਹੇ ਹਨ। ਕਿਸੇ ਨੂੰ ਉਜਾੜਿਆ ਨਹੀਂ ਜਾਵੇਗਾ"

ਖਾਲਿਸਤਾਨੀ ਲੀਡਰ ਨੇ ਸੁਪਸ਼ਟ ਕੀਤਾ ਕਿ "ਸਾਡਾ ਹਿੰਸਕ ਕਾਰਵਾਈਆਂ ਨਾਲ ਕੋਈ ਸਬੰਧ ਨਹੀਂ — ਏਥੇ ਇਹ ਵਰਨਣਯੋਗ ਹੋਵੇਗਾ ਕਿ ਗ੍ਰਹਿ ਮੰਤਰੀ ਸ੍ਰੀ ਪੀ.ਸੀ.ਸੇਠੀ ਨੇ ਜੋ 45 "ਚਾਹੀਦੇ ਆਦਮੀਆਂ" ਦੀ ਲਿਸਟ ਤਿਆਰ ਕੀਤੀ ਸੀ ਉਸ ਵਿਚ ਬਲਬੀਰ ਸਿੰਘ ਸੰਧੂ ਦਾ ਨਾਂ ਵੀ ਸ਼ਾਮਲ ਸੀ।

## ਜਗਰਾਓਂ 'ਚ ਵਿਦਿਆਰਥੀਆਂ ਦੀ ਟਰੈਫਿਕ ਸੁਧਾਰੋ ਮੁਹਿਮ

ਜਗਰਾਓਂ — ਇਸ ਇਲਾਕੇ ਦੇ ਵਿਦਿਆਰਥੀ ਵਰਗ ਵਲੋਂ ਸ਼ੁਰੂ ਕੀਤੀ ਗਈ "ਟ੍ਰੈਫਿਕ ਸੁਧਾਰ ਮੁਹਿੰਮ" ਉਸ ਸਮੇਂ ਸਰਗਰਮ ਹੋ ਉਠੀ ਜਦੋਂ ਇਥੇ ਵਿਦਿਆਰਥੀਆਂ ਵਲੋਂ ਬੱਸ ਵਿਚੋਂ ਡਿੱਗ ਕੇ ਮਰ ਜਾਣ ਵਾਲੀ ਬਦਨਸੀਬ ਵਿਦਿਆਰਥਣ ਹਰਪਾਲ ਕੌਰ ਹਠੂਰ ਦੇ ਕਾਤਲ ਡਰਾਈਵਰ ਨੂੰ ਮੁਅੱਤਲ ਕਰਨ ਦੀ ਮੰਗ ਨੂੰ ਲੈ ਕੇ ਇਕ ਵਿਸ਼ਾਲ ਤੇ ਰੋਹ ਭਰਿਆ ਮੁਜ਼ਾਹਰਾ ਕੀਤਾ।

ਇਹ ਮੁਜ਼ਾਹਰਾ ਲਾਜਪਤ ਰਾਏ ਕਾਲਜ ਤੋਂ ਲੈ ਕੇ ਸ਼ਹਿਰ ਦੇ ਪ੍ਰਮੁਖ ਬਾਜ਼ਾਰਾਂ ਅਤੇ ਸੜਕਾਂ ਤੋਂ ਦੀ ਹੁੰਦਾ ਹੋਇਆ ਤਹਿਸੀਲ ਚੌਂਕ ਵਿਚ ਪੁਜਾ। ਜਿਥੇ ਅੱਗੇ ਇਹ ਐਸ.ਡੀ.ਐਮ. ਦੀ ਕਚਹਿਰੀ ਦੇ ਬਾਹਰ ਜਾਕੇ ਇਕ ਰੋਹ ਭਰੀ ਰੈਲੀ ਦੇ ਰੂਪ ਵਿਚ ਬਦਲ ਗਿਆ। ਇਸ ਮੁਜ਼ਾਹਰੇ ਵਿਚ ਭਾਰੀ ਗਿਣਤੀ ਵਿਚ ਵਿਦਿਆਰਥਣਾਂ ਨੇ ਵੀ ਭਾਗ ਲਿਆ।

ਵਿਦਿਆਰਥੀ ਮੰਗ ਕਰ ਰਹੇ ਸਨ ਕਿ ਉਹਨਾ ਨੂੰ ਸਬੰਧਤ ਡਰਾਈਵਰ ਨੂੰ ਮੁਅਤਲ ਕੀਤੇ ਜਾਣ ਹੁਕਮ ਦਾ ਲਿਖਤੀ ਸਬੂਤ ਦਿੱਤਾ ਜਾਵੇ ਕਿਉਂਕਿ ਪਿਛਲੇ ਦਿਨੀਂ ਮੋਗਾ ਡਿਪੂ ਦੇ ਜਨਰਲ ਮੈਨੇਜਰ ਨੇ ਉਕਤ ਡਰਾਈਵਰ ਨੂੰ ਮੁਅੱਤਲ ਕਰਨ ਦਾ ਐਲਾਨ ਕੀਤਾ ਸੀ ਜਦੋਂ ਕਿ ਉਸਨੂੰ ਅਦਾਲਤ ਤੋਂ ਜਮਾਨਤ ਤੇ ਰਿਹਾ ਕਰਵਾ ਕੇ ਮੁਅੱਤਲ ਕਰਨ ਦੀ ਬਜਾਏ ਕਿਸੇ ਹੋਰ ਰੂਟ ਤੇ ਭੇਜ ਦਿੱਤਾ ਗਿਆ ਹੈ।

ਯਾਦ ਰਹੇ ਕਿ ਇਹ ਸ਼ਹੀਦ ਵਿਦਿਆਰਥਣ ਹਰਪਾਲ ਕੌਰ ਹਠੂਰ ਲਾਜਪਤ ਰਾਏ ਕਾਲਜ ਵਿਚ ਬੀ.ਐਸ.ਸੀ. ਪਾਰਟ ਵਨ ਦੀ ਵਿਦਿਆਰਥਣ ਸੀ ਜੋ ਕਿ 2 ਦਸੰਬਰ ਨੂੰ ਸ਼ਾਮ ਨੂੰ ਆਪਣੇ ਪਿੰਡ ਹਠੂਰ ਜਾਣ ਵਾਲੀ ਬੱਸ ਵਿਚੋਂ ਖੱਬੇ ਨਾਲ ਖਹਿਣ ਕਾਰਨ ਡਿੱਗ ਪਈ ਸੀ ਅਤੇ ਮੌਕੇ ਤੇ ਹੀ ਪੂਰੀ ਹੋ ਗਈ ਸੀ।

# THE CANADA DARPAN WEEKLY

**P.O.BOX 67344 STN. 'O'**
**Vancouver, B.C. V5W 3T1**

**Chief Editor(Hon.) : DARSHAN GILL**
**Editor : HARBHAJAN SINGH DEOL**
**PHONE : (604)321-6360**

All Officeholders of CANADA DARPAN are honorary associates






## ਸੰਪਾਦਕੀ

(ਨੋਟ :— ਇਸ ਵਾਰ ਅਸੀਂ ਸੰਪਾਦਕੀ ਦੀ ਥਾਂ ਸੰਪਾਦਕੀ ਵਰਗੇ ਵਿਚਾਰ ਹੀ ਸ੍ਰੀ ਚਰਨਪਾਲ ਗਿੱਲ ਹੋਰਾਂ ਦੇ ਲਿਖੇ ਛਾਪਣ ਦੀ ਖੁਸ਼ੀ ਲੈ ਰਹੇ ਹਾਂ— ਸੰਪਾਦਕ)

## ਵੋਟਾਂ ਵੱਧ ਚੜ੍ਹ ਕੇ ਬਣਾਓ ਠੀਕ ਤਰੀਕੇ ਨਾਲ ਪਾਉਣ ਭੀ ਸਿਖੋ !

ਹਰ ਇਸਤਰੀ ਮਰਦ ਨੂੰ ਵੋਟ ਬਣਾਉਣੀ ਚਾਹੀਦੀ ਹੈ। ਵੋਟਾਂ ਸਿਰਫ ਗੁਰਦੁਆਰਿਆਂ ਦੀਆਂ ਚੋਣਾਂ ਲਈ ਹੀ ਨਹੀਂ ਪਰ ਮਿਉਂਸਪੈਲਿਟੀ, ਪਰੋਵਿਂਸ਼ਲ ਤੇ ਫੈਡਰਲ ਚੋਣਾ ਲਈ ਭੀ ਬਨਾਉਣੀਆਂ ਚਾਹੀਦੀਆਂ। ਜਿੰਨਾ ਜ਼ੋਰ ਅਸੀਂ ਗੁਰਦੁਆਰਿਆਂ ਦੀਆਂ ਵੋਟਾਂ ਤੇ ਲਾਉਂਦੇ ਹਾਂ ਉਸਤੋਂ ਭੀ ਵੱਧ ਚੜ੍ਹਕੇ ਸਾਡੀ ਕਮਿਊਨਿਟੀ ਨੂੰ ਸਿਆਸੀ ਚੋਣਾਂ ਲਈ ਭੀ ਭੱਜ ਦੌੜ ਕਰਨੀ ਚਾਹੀਦੀ ਹੈ। ਅਮਰੀਕਾ ਵਿਚ ਕਾਲੇ ਲੋਕਾਂ ਨੇ ਘੱਟ ਗਿਣਤੀ ਦੇ ਲੋਕ ਨਾਲ ਲੈ ਕੇ ਬੜੀ ਮੁਹਿਮ ਜ਼ਾਰੀ ਕੀਤੀ ਹੈ। ਪਹਿਲੀ ਵਾਰੀ ਸਭ ਤੋਂ ਵੱਡੀ ਪੋਸਟ, ਅਮਰੀਕਾ ਦੇ ਪ੍ਰਧਾਨ ਲਈ ਉਨ੍ਹਾਂ ਟੀਚਾ ਰੱਖਿਆ ਹੈ। ਅੱਜ ਉਨ੍ਹਾਂ ਦੀ ਆਵਾਜ਼ ਬੁਲੰਦ ਹੈ ਤੇ ਸਾਰੀਆਂ ਪਾਰਟੀਆਂ ਉਨ੍ਹਾਂ ਦਾ ਸਤਿਕਾਰ ਕਰਦੀਆਂ ਹਨ। ਢਾਈ ਸਾਲ ਦੇ ਦੱਬੇ ਕੁਚਲੇ ਲੋਕ ਉਠ ਕੇ ਖੜੇ ਹੋ ਗਏ ਹਨ। ਨਸਲੀਆਂ ਤੇ ਵਿਰੋਧੀਆਂ ਦੇ ਕੰਨ ਖੋਹਲ ਦਿਤੇ ਹਨ। ਵੱਕਾਰ ਤੇ ਇਜ਼ਤ ਵਧਿਆ ਹੈ।

ਪੰਜਾਬੀ ਕਮਿਊਨਿਟੀ ਬੜੀ ਡਾਢੀ ਹੈ। ਕਿਸੇ ਪਾਸੇ ਪੈ ਜਾਣ ਤਾਂ ਇਹ ਧੂੰਆਂ ਕੱਢ ਦਿੰਦੇ ਹਨ। ਜੇ ਫਾਰਮ ਲੇਟ ਗਏ ਤਾਂ ਉਧਰ ਹੀ ਚਲ ਪਏ, ਜੇ ਗਰੋਸੀਆਂ ਦੀਆਂ ਦੁਕਾਨਾਂ ਖੋਹਲਣ ਲਗ ਪਏ ਤਾਂ ਵਹੀਰ ਘੱਤ ਦਿਤੀ। ਇਸੇ ਤਰਾਂ ਅਖਬਾਰ, ਜੈਨੀਟਰਾਂ ਤੇ ਜਿਹੜੀ ਬਿਜ਼ਨਿਸ ਵਿਚ ਹੱਥ ਪੈਂਦਾ ਦਿਸਿਆ ਚਲ ਸੋ ਚੱਲ। ਹੁਣ ਥੋੜਾ ਥੋੜਾ ਖਿਆਲ ਤੇ ਜਾਗਰਤਾ ਆਉਣ ਲੱਗੀ ਹੈ ਕਿ ਸਾਡੇ ਲੋਕਾਂ ਨੂੰ ਬਾਹਰਲੀ ਸਿਆਸਤ ਵਿਚ ਹੱਥ ਪਾਉਣਾ ਪਵੇਗਾ ਸਰੀ ਵਿਚ ਇਸ ਗੱਲ ਦਾ ਪਰਤੱਖ ਸਬੂਤ ਹੈ। ਜਿਹੜੇ ਪੁਰਸ਼ ਅੱਜ ਤਾਈਂ ਚਰਨਪਾਲ ਗਿੱਲ ਨੂੰ ਮਿਲੇ ਭੀ ਨਹੀਂ ਉਨ੍ਹਾਂ ਨੇ ਭੀ ਕਮਿਊਨਿਟੀ ਨਾਂ ਤੇ ਵੋਟਾਂ ਪਾਈਆਂ। ਪਰ ਅਫਸੋਸ ਦੀ ਗੱਲ ਇਹ ਹੈ ਕਿ ਕੋਈ ਸੱਤ ਸੋ ਵੋਟਾਂ ਕੈਂਸਲ ਹੋ ਗਈਆਂ। 371 ਵੋਟਾਂ ਤੇ ਕੋਈ ਨਿਸ਼ਾਨ ਹੀ ਨਹੀਂ ਸੀ। ਬਾਕੀਆਂ ਤੇ ਚਰਖੜੀ × ਠੀਕ ਨਹੀਂ ਲੱਗੀ। ਕਈਆਂ ਨੇ ਪੈਨਸਲ ਨਹੀਂ ਆਪਦਾ ਪੈਂਨ ਵਰਤਿਆ। ਵੋਟਾਂ ਉਹੀ ਠੀਕ ਗਿਣੀਆਂ ਗਈਆਂ ਜੋ ਪੈਨਸਲ ਨਾਲ ਸਨ ਤੇ ਚਰਖੜੀ ਖਾਨੇ ਦੇ ਵਿਚ ਹੀ ਸੀ। ਕਈਆਂ ਦੀਆਂ ਚਰਖੜੀਆਂ ਦੂਜੇ ਉਮੀਦਵਾਰਾਂ ਦੇ ਖਾਨੇ ਵਿਚ ਭੀ ਚਲੀਆਂ ਗਈਆਂ, ਹਿੰਮਤ ਬਹੁਤ ਕੀਤੀ ਪਰ ਵੋਟਾਂ ਸਹੀ ਨਹੀਂ ਪਈਆਂ। ਜੇ ਸਾਰੀਆਂ ਵੋਟਾਂ ਸਹੀ ਪੈ ਜਾਂਦੀਆਂ ਤਾਂ ਜਿਤਣ ਵਾਲੇ ਨਾਲੋਂ ਸਿਰਫ 150 ਵੋਟ ਦਾ ਫਰਕ ਸੀ। ਬਹੁਤ ਹੀ ਪਰਵਾਰ ਵੋਟਾਂ ਪਾਉਣ ਹੀ ਨਹੀਂ ਗਏ। ਇਥੋਂ ਸਾਫ ਜ਼ਾਹਿਰ ਹੈ ਕਿ ਸਾਨੂੰ ਸਰੀ ਵਿਚ ਇਕ ਬੰਦਾ ਐਲਡਰਮੈਨ ਬਨਾਉਣਾ ਬਹੁਤ ਹੀ ਸੁਖਾਲਾ ਹੈ। ਵੋਟ ਭਾਵੇਂ ਇਕ ਬੰਦੇ ਨੂੰ ਹੀ ਪਾਵੋ ਪਰ ਵੋਟ ਸਹੀ ਹੋਵੇ ਤਾਂ ਇਸਦਾ ਮੁਲ ਪਵੇਗਾ। ਜੇ 20 ਪਰਸੈਂਟ ਵੋਟਾਂ ਕੈਂਸਲ ਹੁੰਦੀਆਂ ਰਹੀਆਂ ਤਾਂ ਜਿਤਣ ਦੀ ਸੰਭਾਵਨਾ ਘੱਟ ਹੈ।

ਨਾਲ ਹੀ ਸਾਨੂੰ ਹਮਦਰਦ ਗੋਰਿਆਂ ਨਾਲ ਗੰਢ ਤ੍ਰੁਪ ਕਰਨੀ ਪਵੇਗੀ। ਬਹੁਤ ਗੋਰੇ ਸਾਨੂੰ ਚਾਹੁੰਦੇ ਹਨ ਤੇ ਨਾਲ ਰਲਕੇ ਚਲਣ ਲਈ ਤਿਆਰ ਹਨ। ਖਾਸ ਕਰਕੇ ਹੱਥੀਂ ਕੰਮ ਕਰਨ ਵਾਲੇ ਲੋਕ ਹੁਣ ਸਾਡੇ ਨਾਲ ਬਹੁਤ ਸੰਪਰਕ ਵਿਖਾ ਰਹੇ ਹਨ। ਜੇ ਇਸੇ ਤਰ੍ਹਾਂ ਹੌਂਸਲੇ ਬੁਲੰਦ ਰਹੇ ਤਾਂ ਕੋਈ ਭੀ ਤਾਕਤ ਸਾਡੀ ਸਫਲਤਾ ਨੂੰ ਰੋਕ ਨਹੀਂ ਸਕੇਗੀ।

ਪਰੋਵਿਂਸ਼ਲ ਤੇ ਫੈਡਰਲ ਚੋਣਾ ਲਈ ਭੀ ਵੋਟਾਂ ਵੱਧ ਚੜ੍ਹਕੇ ਬਣਾਓ। ਜੇ ਸਾਡੀਆਂ ਵੋਟਾਂ ਬਣੀਆਂ ਹੋਣ ਤਾਂ ਸਾਰੀਆਂ ਪਾਰਟੀਆਂ ਸਾਡੀ ਪੁਛ ਗਿਛ ਕਰਨਗੀਆਂ। ਵੋਟਾਂ ਦੇ ਦਫਤਰ ਫੂਨ ਮਾਰਕੇ ਪੱਕਾ ਕਰੋ ਕਿ ਤੁਹਾਡੀ ਵੋਟ ਬਣੀ ਹੋਈ ਹੈ, ਨਹੀਂ ਤਾਂ ਅਜ ਹੀ ਜਾਕੇ ਬਣਾਓ। ਜੇ ਅਸੀਂ ਉਠਕੇ ਖੜੇ ਹੋ ਗਏ ਤਾਂ ਤੁਰਨਾ ਸੁਖਾਲਾ ਹੈ। ਸਾਡੀ ਭਵਿਖ ਵਿਚ ਆਉਣ ਵਾਲੀ ਪਨੀਰੀ ਲਈ ਭੀ ਰਾਹ ਖੁਲ੍ਹ ਜਾਵੇਗਾ। ਜੇ ਅਜ ਨਹੀਂ ਤਾਂ ਕੱਲ ਨੂੰ ਸਹੀ। ਹਿੰਮਤ ਵਾਲਿਆਂ ਦੇ ਸਫਲਤਾ ਸਦਾ ਪੈਰ ਚੁੰਮਦੀ ਹੈ।

## 'ਆਖ ਦਮੋਦਰ ਅੱਖੀਂ ਡਿੱਠਾ' ਅਗਲੇ ਅੰਕ ਤੋਂ

"'ਕੈਨੇਡਾ ਦਰਪਣ' ਦੇ ਚੀਫ ਐਡੀਟਰ ਭਾਰਤ ਤੇ ਇੰਗਲੈਂਡ ਦੇ ਦੌਰੇ ਤੋਂ ਪਰਤ ਆਏ ਹਨ। ਆਉਂਦੇ ਅੰਕਾਂ ਵਿਚ ਪੰਜਾਬ ਦੀ ਹਾਲਤ ਬਾਰੇ ਉਨ੍ਹਾਂ ਦੇ ਲੇਖ ਲੜੀਵਾਰ ਛਪਣਗੇ। ਕੈਨੇਡਾ ਤੇ ਇੰਗਲੈਂਡ ਦੇ ਕੁਝ ਅਖਬਾਰਾਂ ਵਿਚ ਦਿਤੀਆਂ ਜਾ ਰਹੀਆਂ ਤੱਤੀਆਂ ਖਬਰਾਂ ਦੇ ਅਸਲੀ ਕਾਰਨਾਂ ਤੇ ਝਾਤ ਤੁਹਾਨੂੰ ਉਨ੍ਹਾਂ ਵਿਚੋਂ ਮਿਲੇਗੀ। ਇਨ੍ਹਾਂ ਦਿਤੀਆਂ ਜਾ ਰਹੀਆਂ ਤੱਤੀਆਂ ਖਬਰਾਂ ਦਾ ਅਸਲੀ ਕਾਰਨ ਕੀ ਹੈ ? ਪੰਜਾਬ ਦੇ ਮਸਲੇ ਤੇ ਪਾਕਿਸਤਾਨ ਤੇ ਅਮਰੀਕਾ ਦਾ ਰੋਲ ਵੀ ਉਜਾਗਰ ਹੋਵੇਗਾ।

ਜਲਦੀਆਂ ਧੁੱਪਾਂ ਨਾਲ ਸਾਗਰਾਂ ਦਾ ਪਾਣੀ ਸੁੱਕ ਜਾਂਦੈ,
ਘਟ ਜਾਂਦਾ ਹੈ ਉੱਚੀ ਬੋਲਣ 'ਤੇ ਸ਼ਬਦਾਂ ਦਾ ਭਾਰ।

# ਪੰਜਾਬ ਦੀ ਡਾਇਰੀ

ਪੰਜਾਬ ਦੀ ਹਾਲਤ ਉਵੇਂ ਜਿਵੇਂ ਚਿੰਤਾਜਨਕ ਹੈ। ਇਹ ਮਾਮਲਾ ਉਵੇਂ ਜਿਵੇਂ ਲਟਕ ਰਿਹਾ ਹੈ ਕਿਉਂਕਿ ਖੁਫੀਆ ਵਿਭਾਗ ਦੇ ਨਤਾਣੇ ਹੋਣ ਕਰਕੇ ਕੇਂਦਰੀ ਸਰਕਾਰ ਕੋਲ ਨਾ ਅਸਲੀ ਹਾਲਤ ਦੀ ਜਾਣਕਾਰੀ ਹੈ ਅਤੇ ਨਾ ਹੀ ਕੇਂਦਰੀ ਆਗੂਆਂ ਦੀ ਰਾਜਸੀ ਸੋਚ ਨਰੋਈ ਤੇ ਨੀਯਤ ਸਿਧੀ ਹੈ।

ਕਸ਼ਮੀਰ ਅਤੇ ਪੰਜਾਬ ਦੋ ਪਾਕਿਸਤਾਨ ਨਾਲ ਲਗਦੇ ਸਰਹਦੀ ਸੂਬੇ ਹਨ। ਦੋਵੇਂ ਥਾਈਂ ਭਾਰਤ ਦੀਆਂ ਦੋ ਘਟ ਗਿਣਤੀਆਂ ਬਹੁਮਤ ਵਿਚ ਵਸਦੀਆਂ ਹਨ। ਇਹ ਵਿਸ਼ੇਸ਼ ਹਾਲਤਾਂ ਕੇਂਦਰੀ ਸਰਕਾਰ ਤੋਂ ਵਧੇਰੇ ਗੰਭੀਰਤਾ ਤੇ ਫਿਕਰਮੰਦੀ ਦੀ ਮੰਗ ਕਰਦੀਆਂ ਹਨ। ਪਰ ਕੇਂਦਰੀ ਆਗੂ ਵਧੇਰੇ ਸੌੜੇ ਪਾਰਟੀ ਹਿਤਾਂ ਨਾਲ ਚਿੰਬੜੇ ਹੋਏ ਹਨ।

ਪੰਜਾਬ ਅੰਦਰ ਗਵਰਨਰੀ ਰਾਜ ਨਾਲ ਕਿਸੇ ਪੱਖ ਤੋਂ ਵੀ ਕੋਈ ਖਾਸ ਫਰਕ ਨਹੀਂ ਆਇਆ। ਪਿਛਲੇ ਮਹੀਨੇ ਅੰਦਰ 13 ਕਤਲ ਤੇ 38 ਲੁੱਟ ਖੋਹ ਦੀਆਂ ਵਾਰਦਾਤਾਂ ਹੋਈਆਂ ਹਨ। ਛਾਪਿਆਂ ਅੰਦਰ ਕੁਝ ਹਥਿਆਰ ਗੋਲੀ ਸਿੱਕਾ ਫੜਿਆ ਗਿਆ ਹੈ ਪਰ ਛੋਟੇ ਮੋਟੇ ਅਤਿਵਾਦੀ ਕੇਵਲ 15 ਮਿੰਟ ਹੀ ਫੜੇ ਗਏ ਹਨ।

ਕੁਝ ਗੱਲਾਂ ਹੋਰ ਨਿਖਰ ਕੇ ਸਾਹਮਣੇ ਆਈਆਂ ਹਨ। ਗਵਰਨਰ ਸਾਹਿਬ ਨੇ ਪੰਜਾਬ ਆਉਣ ਤੋਂ ਛੇਤੀ ਮਗਰੋਂ ਆਖਿਆ ਸੀ ਕਿ ਅਤਿਵਾਦੀਆਂ ਪਿਛੇ ਵਿਦੇਸ਼ੀ ਹਥ ਦਾ ਕੋਈ ਸਬੂਤ ਨਹੀਂ ਹੈ। ਪਰ ਹੁਣ ਉਸ ਨੇ ਆਖਿਆ ਹੈ ਕਿ ਵਿਦੇਸ਼ੀ ਮਦਦ ਤੇ ਹਥਿਆਰਾਂ ਦੀ ਗਲ ਸਾਹਮਣੇ ਆਈ ਹੈ। ਗਵਰਨਰ ਦੇ ਸਲਾਹਕਾਰ ਸ੍ਰੀ ਸਿਧੂ ਨੇ ਵੀ ਦਸਿਆ ਕਿ ਸਰਕਾਰ ਕੋਲ ਇਸ ਗਲ ਦੇ ਸਬੂਤ ਹਨ ਕਿ ਪੰਜਾਬ ਵਿਚ ਹਿੰਸਕ ਕਾਰਵਾਈਆਂ ਲਈ ਇਕ ਵਿਦੇਸ਼ੀ ਤਾਕਤ ਜ਼ਿੰਮੇਵਾਰ ਹੈ। ਇਹ ਗਲ ਪਾਰਲੀਮੈਂਟ ਵਿਚ ਵੀ ਗ੍ਰਹਿ ਮੰਤਰਾਲਿਆਂ ਦੇ ਸਟੇਟ ਤੇ ਡਿਪਟੀ ਮੰਤਰੀ ਨੇ ਦਸੀ ਹੈ।

ਸੰਤ ਭਿੰਡਰਾਂਵਾਲੇ ਨੇ ਨਿਸ਼ੰਗ ਹੋ ਕੇ ਬਹੁਤ ਭੜਕਾਊ ਬਿਆਨ ਦਿਤੇ ਅਤੇ ਅਗ ਲਾਊ ਗਲਾਂ ਕੀਤੀਆਂ। ਇਸ ਦੇ ਟੇਪ ਰੀਕਾਰਡ ਬਣੇ ਹਨ ਜੋ ਸਰਕਾਰ ਨੇ ਹੁਣ ਜ਼ਬਤ ਵੀ ਕੀਤੇ ਹਨ। ਉਸ ਉਤੇ ਅਠ ਨੌ ਕੇਸ ਵੀ ਹਨ। ਪਾਰਲੀਮੈਂਟ ਵਿਚ ਉਸਨੂੰ ਗ੍ਰਿਫਤਾਰ ਕਰਨ ਦੀ ਜ਼ੋਰਦਾਰ ਮੰਗ ਉਠੀ ਅਤੇ ਗਵਰਨਰ ਸਾਹਿਬ ਨੇ ਦੱਸਿਆ ਕਿ ਪੰਜਾਬ ਦੀ ਪੁਲਸ ਨੇ ਸਾਰੇ ਕੇਸਾਂ ਦੀ ਤਫਤੀਸ਼ ਮੁਕੰਮਲ ਕਰਨ ਦੀ ਹਦਾਇਤ ਕੀਤੀ ਗਈ ਹੈ ਤਾਂਕਿ ਅਦਾਲਤ ਤੋਂ ਉਸ ਨੂੰ ਮਫਰੂਰ ਕਰਾਰ ਦੁਆਇਆ ਜਾਏ। ਪਰ ਫੇਰ ਸਵਾਲ ਹੋਵੇਗਾ ਕਿ ਜੇ ਸੰਤ ਹਰਮੰਦਰ ਸਾਹਿਬ ਤੋਂ ਬਾਹਰ ਨਾ ਆਏ ਤਾਂ ਸ਼ਰੋਮਣੀ ਕਮੇਟੀ ਕੀ ਕਰੇਗੀ ?

ਇਸੇ ਸਵਾਲ ਨੂੰ ਲੈ ਕੇ ਸੰਤ ਲੌਂਗੋਵਾਲ ਦੇ ਸਾਬਕਾ ਪਰੈਸ ਸਕੱਤਰ ਨੇ ਪਰੈਸ ਕਾਨਫਰੰਸ ਲਾ ਕੇ ਸੰਤ ਭਿੰਡਰਾਂਵਾਲੇ ਨੂੰ ਸਲਾਹ ਦਿਤੀ ਕਿ ਉਹ ਆਪਣੇ ਆਪ ਨੂੰ ਪੁਲਸ ਹਵਾਲੇ ਕਰ ਦੇਣ।

ਇਸ ਬਿਆਨ ਦੀ ਭਾਵੇਂ ਸੰਤ ਲੌਂਗੋਵਾਲ ਨੇ ਨਰਮ ਤੇ ਸ੍ਰੀ ਟੌਹੜਾ ਨੇ ਗਰਮ ਨਿੰਦਿਆ ਕੀਤੀ ਹੈ ਪਰ ਇਹ ਪਹਿਲੀ ਵੇਰ ਹੈ ਜਦ ਕਿ ਸੰਤ ਲੌਂਗੋਵਾਲ ਦੇ ਇਕ ਨਿਕਟ ਵਰਤੀ ਨੇ ਸੰਤ ਭਿੰਡਰਾਂਵਾਲੇ ਨੂੰ ਹਰਮੰਦਰ ਸਾਹਿਬ ਛਡਣ ਦੀ ਮੰਗ ਪਰੈਸ ਕਾਨਫਰੰਸ ਲਾਕੇ ਕੀਤੀ ਹੈ।

ਗਲ ਇਸਤੋਂ ਵੀ ਅਗੇ ਚਲੇ ਗਈ। ਇਕ ਹੋਰ ਅਤਿਵਾਦੀ ਜਥੇ ਬਬਰ ਖਾਲਸਾ ਨੇ ਸੰਤ ਜਰਨੈਲ ਸਿੰਘ ਨੂੰ ਸਾਹਮਣਾ ਚੈਲੰਜ ਕੀਤਾ ਅਤੇ ਗੁਰੂ ਨਾਨਕ ਨਿਵਾਸ ਵਿਚ ਮੱਲੇ ਹੋਏ ਕਮਰੇ ਖਾਲੀ ਕਰਨ ਤੋਂ ਇਨਕਾਰ ਕਰ ਦਿਤਾ। ਦੋਨੋਂ ਜਥਿਆਂ ਨੇ ਇਕ ਦੂਜੇ ਦੀ ਖਬਰ ਲੈਣ ਵਾਸਤੇ ਪੁਜ਼ੀਸ਼ਨਾਂ ਮੱਲ ਲਈਆਂ ਇਸ ਸਾਰੇ ਝਗੜੇ ਅੰਦਰ ਨਾ ਸੰਤ ਲੌਂਗੋਵਾਲ ਨੇ ਕੋਈ ਦਖਲ ਦਿਤਾ ਹੈ ਅਤੇ ਨਾ ਹੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਿਸੇ ਅਧਿਕਾਰੀ ਨੇ। ਆਖਿਰ ਸੰਤ ਜਰਨੈਲ ਸਿੰਘ ਨੇ ਗੁਰੂ ਨਾਨਕ ਨਿਵਾਸ ਦੇ ਮੱਲੇ ਹੋਏ 29 ਕਮਰੇ ਖਾਲੀ ਕਰ ਦਿਤੇ ਅਤੇ ਸਾਰੇ ਲਾਉ ਲਸ਼ਕਰ ਸਮੇਤ ਸ੍ਰੀ ਅਕਾਲ ਤਖਤ ਵਿਚ ਜਾ ਡੇਰੇ ਲਾਏ। ਸ੍ਰੀ ਗੁਰਚਰਨ ਸਿੰਘ ਟੌਹੜਾ ਨੇ ਸਾਰੀਆਂ ਧਿਰਾਂ ਨਾਲ ਗਲ ਬਾਤ ਕੀਤੀ ਪਰ ਸੰਤ ਭਿੰਡਰਾਂ ਵਾਲੇ ਨੇ ਵਾਪਸ ਨਾਨਕ ਨਿਵਾਸ ਵਿਚ ਆਉਣੋਂ ਨਾਂਹ ਕਰ ਦਿਤੀ। ਕੁਥੇ ਨੂੰ ਲੱਤ ਮਾਰੀ ਰਾਸ ਆ ਗਈ। ਭਿੰਡਰਾਂ ਵਾਲਾ ਤਾਂ ਹੋਰ ਵੀ ਸੁਰਖਸ਼ਤ ਥਾਂ ਚਲੇ ਗਏ, ਕਾਹਤੋਂ ਪਿਛੇ ਮੁੜਨ।

ਸ੍ਰੀ ਟੌਹੜਾਂ ਨੇ ਇਸ ਝਗੜੇ ਨੂੰ ਟੱਬਰ ਦਾ ਮਸਲਾ ਦਸ ਕੇ ਭਾਵੇਂ ਗੋਲ ਕਰਨ ਦਾ ਯਤਨ ਕੀਤਾ ਹੈ ਪਰ ਇਸ ਘਟਨਾ ਨੇ ਸੰਤ ਭਿੰਡਰਾਂਵਾਲਾ ਤੇ ਸੰਤ ਲੌਂਗੋਵਾਲ ਵਿਚਕਾਰ ਮਤਭੇਦਾਂ ਨੂੰ ਕਾਫੀ ਉਜਾਗਰ ਕੀਤਾ ਹੈ। ਸੰਤ ਲੌਂਗੋਵਾਲ ਦੇ ਹਾਮੀ ਇਹ ਚਰਚਾ ਕਰ ਰਹੇ ਹਨ ਕਿ ਸੰਤ ਜਰਨੈਲ ਸਿੰਘ ਨੂੰ ਮਾਰਨ ਦੀਆਂ ਅਗੇ ਵੀ ਦੋ ਤਿੰਨ ਵੇਰੀ ਕੋਸ਼ਿਸ਼ਾਂ ਹੋਈਆਂ ਹਨ ਤੇ ਇਹ ਝਗੜਾ ਵੀ ਇਸੇ ਕਰਕੇ ਛੇੜਿਆ ਗਿਆ ਸੀ।

ਇਸ ਘਟਨਾ ਤੋਂ ਇਕ ਹੋਰ ਗੰਭੀਰ ਸਵਾਲ ਪੈਦਾ ਹੋਇਆ ਹੈ। ਕੀ ਗੁਰਦੁਆਰਿਆਂ ਦਾ ਪ੍ਰਬੰਧ ਇਹੋ ਹੈ ਕਿ ਅਤਿਵਾਦੀ ਟੋਲੇ ਜਿਹੜੀ ਥਾਂ ਮਰਜ਼ੀ ਸਾਂਭ ਕੇ ਬਹਿ ਜਾਣ ? ਕੋਈ ਇਕ ਥਾਂ ਘੁਸੜਦਾ ਹੈ ਤਾਂ ਦੂਜਾ ਉਥੋਂ ਨਿਕਲਕੇ ਹੋਰ ਥਾਂ ਜਾ ਡੇਰੇ ਲਾਉਂਦਾ ਹੈ। ਪ੍ਰਬੰਧਕ ਕਮੇਟੀ ਦੇ ਕੋਈ ਨਿਯਮ ਹਨ ਜਾਂ ਨਹੀਂ ? ਜੇ ਹਨ ਤਾਂ ਕੀ ਉਹ ਬੇਹਥਿਆਰੇ ਤੇ ਬੇਦੋਸ਼ਿਆਂ ਲਈ ਹਨ ਅਤੇ ਹਥਿਆਰਬੰਦ ਹਿੰਸਕ ਕਾਰਵਾਈ ਕਰਨ ਵਾਲਿਆਂ ਉਤੇ ਉਹ ਲਾਗੂ ਨਹੀਂ ਹੁੰਦੇ ? ਕੀ ਗੁਰਦੁਆਰੇ ਸਿੱਖ ਸਿੱਖਾਂ ਜਾਂ ਸ਼ਰਧਾਲੂਆਂ ਲਈ ਹਨ ਜਾਂ ਇਹ ਇਕੱਲੇ 'ਅਕਾਲੀਆਂ' ਦੀ ਜਾਗੀਰ ਹਨ ? ਸ੍ਰੀ ਅਕਾਲ ਤਖਤ ਸਾਹਿਬ ਜੋ ਸਮੁਚੇ ਸਿਖ ਜਗਤ ਦੇ ਮੰਨਣ ਵਾਲਾ ਸਥਾਨ ਹੈ, ਜਿਥੋਂ ਤਖਤ ਦੇ ਸਿੰਘ ਸਾਹਿਬ ਸੰਗਤਾਂ ਨੂੰ ਐਡਰੈਸ ਕਰਦੇ ਹਨ। ਹੁਣ ਉਥੇ ਸੰਤ ਭਿੰਡਰਾਂਵਾਲੇ ਦੇ ਨਿਸ਼ਾਨਚੀਆਂ ਨੇ ਮੋਰਚੇ ਮਲ ਲਏ ਹਨ ਤਾਂ ਬਹੁਤ ਸਾਰੇ ਲੋਕ ਉਥੋਂ ਭੈ ਮਹਿਸੂਸ ਕਰਕੇ ਲਾਗੇ ਨਹੀਂ ਆਉਣਗੇ। ਕੀ ਇਹ ਗਲ ਸ੍ਰੀ ਅਕਾਲ ਤਖਤ ਦੀ ਮਾਣ-ਮਰਯਾਦਾ ਵਿਚ ਵਾਧਾ ਕਰਦੀ ਹੈ ?

ਦਿਲੀ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਕਬਜ਼ਾ ਕਰਨ ਲਈ ਦੋ ਅਕਾਲੀ ਧੜਿਆਂ ਵਿਚ ਸਿਰ ਫਿਟੋਲ ਹੋਈ, ਪੁਲਸ ਦਾ ਦਖਲ ਵੀ ਹੋਇਆ ਅਤੇ ਬਾਦ ਵਿਚ ਦਿਲੀ ਮਾਸਟਰ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਰਛਪਾਲ ਸਿੰਘ ਦੀ ਗੁਰਪੁਰਬ ਦੇ ਦੋ ਸਮਾਗਮਾਂ ਵਿਚ ਸੰਤ ਲੌਂਗੋਵਾਲ ਦੇ ਹਮਾਇਤੀਆਂ ਵਲੋਂ ਅਜੇਹੀ ਗਤ ਬਣਾਈ ਗਈ ਕਿ ਉਨ੍ਹਾਂ ਦਾ ਕਿਸੇ ਗੁਰਦੁਆਰੇ ਅੰਦਰ ਜਾਣ ਦਾ ਹੀਆ ਹੀ ਨਹੀਂ ਹੈ। ਜਦ ਇਕ "ਅੰਮ੍ਰਿਤਧਾਰੀ" ਦੀ ਡੰਡੇ ਲਾਠੀ ਦੇ ਡਰ ਤੋਂ ਇਹ ਹਾਲਤ ਹੈ ਤਾਂ ਸੰਤ ਭਿੰਡਰਾਂ ਦੀਆਂ ਕਾਰਬਾਈਨਾਂ ਮੋਹਰੇ ਕਿਸੇ ਵਿਰੋਧੀ ਖਿਆਲ ਵਾਲੇ ਦਾ ਕੀ ਹਸ਼ਰ ਹੋਵੇਗਾ ?

ਸਰਦਾਰ ਰਛਪਾਲ ਸਿੰਘ ਦਾ ਕਹਿਣਾ ਹੈ ਕਿ ਤਸ਼ੱਦਦ ਦੇ ਡਰ ਤੋਂ ਉਹ ਗੁਰਦੁਆਰੇ ਜਾਣੋ ਹਟ ਗਏ ਹਨ। ਸੰਤ ਭਿੰਡਰਾਂਵਾਲੇ ਦਾ ਕਹਿਣਾ ਹੈ ਕਿ ਉਹ ਖੂਨ ਖਰਾਬੇ ਦੇ ਡਰ ਤੋਂ ਨਾਨਕ ਨਿਵਾਸ ਖਾਲੀ ਕਰ ਗਏ ਹਨ। ਕੀ ਗੁਰਦੁਆਰਿਆਂ ਅੰਦਰ ਦਹਿਸ਼ਤ ਦਾ ਇਹ ਮਾਹੌਲ ਸਿਖੀ ਪਰੰਪਰਾ ਦੇ ਮੁਤਾਬਕ ਹੈ ਅਤੇ ਕੀ ਇਹ ਸਿਖੀ ਲਈ ਲਾਭਦਾਇਕ ਹੈ ?

16 ਦਸੰਬਰ ਦੇ ਟ੍ਰਿਬਿਊਨ ਵਿਚ ਸ੍ਰੀ ਸਤਿੰਦਰ ਸਿੰਘ ਦਾ ਜੋ ਡਿਸਪੈਚ ਲਗਾ ਹੈ ਉਹ ਭਾਰਤ ਸਰਕਾਰ ਵਲੋਂ ਅਕਾਲੀ ਸਿਆਸਤ ਨਾਲ ਵਰਤਾਰੇ ਸਬੰਧੀ ਕਾਫੀ ਚਾਨਣਾ ਪਾਉਂਦਾ ਹੈ। ਉਸ ਨੇ ਸਪਸ਼ਟ ਕੀਤਾ ਹੈ ਕਿ ਸੰਤ ਭਿੰਡਰਾਂ ਵਾਲੇ ਇੰਦਰਾ ਕਾਂਗਰਸ ਦੀ ਉਪਜ ਹਨ ਅਤੇ ਉਸ ਨੂੰ ਹਰ ਨੁਮਨਾ, ਰਿਆਇਤ ਤੇ ਮਦਦ ਦੇਕੇ ਅਕਾਲੀ ਦਲ ਦੇ ਮੁਕਾਬਲੇ ਵਿਚ ਚਮਕਾਉਣ ਦਾ ਜਤਨ ਕੀਤਾ ਗਿਆ। ਅਕਾਲੀ ਦਲ ਦੀ ਥਾਂਹ ਉਸ ਨਾਲ ਸਮਝੌਤਾ ਟਿਕਾਉਣ ਦੀ ਕੋਸ਼ਿਸ਼ ਕੀਤੀ ਗਈ। ਪਰ ਆਖਰ ਉਸਦੇ ਕਟੜ ਰਵਈਏ ਕਾਰਨ ਪੈਂਤੜਾ ਬਦਲਣਾ ਪਿਆ ਹੈ। ਫੇਰ ਕੇਂਦਰੀ ਸਰਕਾਰ ਤੇ ਆਗੂਆਂ ਦਾ ਖਿਆਲ ਸੀ ਕਿ ਸੰਤ ਭਿੰਡਰਾਂਵਾਲਾ ਹੀ ਸਿਖਾਂ ਦਾ ਇਕ-ਮਾਤਰ ਲੀਡਰ ਬਣ ਚੁਕਾ ਹੈ ਅਤੇ ਸੰਤ ਅਕਾਲੀ ਦਲ ਦੀ ਬਹੁਤੀ ਪੁਛ ਪਰਤੀਤ ਨਹੀਂ ਅਤੇ ਨਾ ਹੀ ਸੰਤ ਅਕਾਲੀ ਦਲ ਸੰਤ ਭਿੰਡਰਾਂਵਾਲੇ ਦੀ ਮਰਜ਼ੀ ਤੋਂ ਬਿਨਾਂ ਕੋਈ ਫੈਸਲਾ ਮੁਕਾ ਸਕਦਾ ਹੈ। ਪਰ ਬਬਰ ਖਾਲਸਾ ਤੇ ਸੰਤ ਭਿੰਡਰਾਂਵਾਲੇ ਵਿਚਕਾਰ ਹੋਈ ਟਕਰ ਦੀ ਘਟਨਾ ਨੇ ਸਾਬਤ ਕਰ ਦਿਤਾ ਹੈ ਕਿ ਸੰਤ ਅਕਾਲੀ ਦਲ ਦਾ ਹਾਲਤ ਉਤੇ ਕਾਫੀ ਕੰਟਰੋਲ ਹੈ ਅਤੇ ਉਹ ਲੋੜ ਵੇਲੇ ਸੰਤ ਭਿੰਡਰਾਂਵਾਲੇ ਨੂੰ ਵੀ ਮੋਢਾ ਮਾਰ ਸਕਦਾ ਹੈ।

*    *

ਭਾਰਤ ਅੰਦਰ ਅਮਰੀਕਾ ਦੀ ਖੁਫੀਆ ਏਜੰਸੀ(ਸੀ. ਆਈ. ਏ) ਦਾ ਕਿਤਨਾ ਵਡਾ ਜਾਲ ਹੈ, ਇਹ ਰਟਾਇਰ ਹੋਏ ਕਈ ਫੌਜੀ ਜਰਨੈਲਾਂ ਦੀ ਗ੍ਰਿਫਤਾਰੀ ਤੋਂ ਆਮ ਲੋਕਾਂ ਸਾਹਮਣੇ ਆ ਗਿਆ ਹੈ। ਇਸ ਤੋਂ ਬਿਨਾਂ ਅਜ ਇਕ ਹੋਰ ਗੱਲ ਸਾਹਮਣੇ ਆਈ ਹੈ ਕਿ ਸਤੰਬਰ ਮਹੀਨੇ ਤੋਂ ਬੰਗਲੌਰ ਦੇ ਡੀਫੈਂਸ ਸਥਾਨ ਦੇ ਰਾਡਾਰ 'ਤੇ ਕੰਮ ਕਰਨ ਵਾਲਾ ਇਕ ਸਾਇੰਸਦਾਨ ਗੁੰਮ ਹੈ। ਉਸ ਨੂੰ 1980 ਵਿਚ ਇਕ ਅਮਰੀਕੀ ਫਰਮ ਨਾਲ ਕਾਰੋਬਾਰੀ ਗਲਬਾਤ ਕਰਨ ਵਾਸਤੇ ਭੇਜਿਆ ਗਿਆ ਸੀ, ਉਹ ਉਦੋਂ ਤੋਂ ਸੀ. ਆਈ. ਏ. ਦੇ ਜਾਲ ਵਿਚ ਫਸ ਗਿਆ ਪਰਸੋਂ ਗੁਰਦਾਸਪੁਰ ਵਿਚ ਇਕ ਅਵਤਾਰ ਸਿੰਘ ਨਾਂਅ ਦਾ ਫੌਜੀ ਜਵਾਨ ਫੜਿਆ ਗਿਆ ਹੈ ਜੋ ਇਕ ਜਾਸੂਸੀ ਕਰਨ ਵਾਲੇ ਗੈਂਗ ਦਾ ਮੈਂਬਰ ਹੈ।

ਦੂਜੇ ਬੰਨੇ ਅਤਿਵਾਦੀ ਕਾਰਵਾਈਆਂ ਪਿਛੇ ਵਿਦੇਸ਼ੀ ਹਥ ਦੀ ਗਲ ਹੁਣ ਪੂਰੀ ਤਰਾਂ ਮੰਨੀ ਜਾਣ ਲਗੀ ਹੈ। ਅਤਿਵਾਦੀਆਂ ਦੀ ਅਗੋਂ ਪੁਲਸ ਅਤੇ ਹੋਰ ਸਰਕਾਰ ਕਰਮਚਾਰੀਆਂ ਅੰਦਰ ਘੁਸਪੈਂਠ ਹੈ। ਨਤੀਜੇ ਵਜੋਂ ਕਈ ਅਤਿਵਾਦੀ ਪੁਲਸ ਦੀ ਹਿਰਾਸਤ ਚੋਂ ਨਠ ਜਾਂਦੇ ਹਨ। ਗਵਰਨਰ ਪੰਜਾਬ ਨੇ ਸਪਸ਼ਟ ਸ਼ਬਦਾਂ ਵਿਚ ਆਖਿਆ ਹੈ ਕਿ ਉਹ ਪੁਲਸ ਅਤੇ ਸੀ. ਆਈ. ਡੀ. ਦੇ ਕੰਮ ਤੋਂ ਸੰਤੁਸ਼ਟ ਨਹੀਂ ਹਨ ਅਤੇ ਪੁਲਸ ਅੰਦਰ ਅਤਿਵਾਦੀਆਂ ਦੀ ਘੁਸਪੈਂਠ ਦੀ ਪੜਤਾਲ ਹੋ ਰਹੀ ਹੈ।

—ਚੈਨ ਸਿੰਘ ਚੈਨ—

(ਪੰਨਾ 19 ਦੀ ਬਾਕੀ)


ਨਾਲ ਲੰਡਨ ਆਏ। ਉਹਨਾਂ ਦੇ ਸਵਾਗਤ ਲਈ ਸਰਕਾਰ ਦੀ ਤਰਫੋਂ 'ਭਾਰਤ ਹਾਊਸ' ਵਿਚ ਵਾਲ ਡਾਂਸ ਦਾ ਇੰਤਜ਼ਾਮ ਕੀਤਾ ਗਿਆ। ਇਸਦਾ ਖਰਚ ਵੀ ਹਿੰਦੁਸਤਾਨ ਦੇ ਨਾਂ ਚੜਾਇਆ ਗਿਆ। ਇਸੇ ਈਲਿੰਗ ਵਿਚ ਇਕ ਪਾਗਲਖਾਨਾ ਬਣਿਆ, ਜੰਜੀਬਾਰ ਦੀਪ ਦੇ ਮਹਿਮਾਨ ਮੰਡਲ ਨੂੰ ਤੋਹਫੇ ਦਿਤੇ ਗਏ ਚੀਨ ਅਤੇ ਫਾਰਸ ਇੰਗਲੈਂਡ ਦੇ ਦੂਤਘਰ ਖੋਹਲੇ ਗਏ ਇਹਨਾਂ ਸਭ ਦਾ ਖਰਚ ਹਿੰਦੁਸਤਾਨ ਤੋਂ ਵਸੂਲ ਕੀਤਾ।"

1857 ਵਿਚ ਬਗਾਵਤ ਰੋਕਣ ਲਈ ਜੋ ਗੋਰੀ ਫੌਜ ਵਲੈਤ ਤੋਂ ਆਈ ਇੰਗਲੈਂਡ ਤੋਂ ਉਸਦੇ ਚਲਣ ਤੋਂ 6 ਮਹੀਨੇ ਪਹਿਲਾਂ ਦੀਆਂ ਤਨਖਾਹਾਂ ਅਤੇ ਇੰਗਲੈਂਡ ਦੀਆਂ ਛਾਉਣੀਆਂ ਵਿਚ ਭਾਰਤ ਦੇ ਲਈ ਜਮਾਂ ਫੌਜ ਦੀ 1830 ਤਕ ਤਨਖਾਹਾਂ ਭਾਰਤ ਤੋਂ ਵਸੂਲ ਕੀਤੀਆਂ ਗਈਆਂ।

ਇਸ ਤਰ੍ਹਾਂ ਅੰਗਰੇਜ਼ ਸਰਮਾਏਦਾਰ ਭਾਰਤ ਉਤੇ ਝੂਠੇ ਕਰਜ਼ੇ ਦਾ ਬੋਝ ਚੜ੍ਹਾਉਂਦੇ ਰਹੇ। ਇਹ ਸਿਲਸਿਲਾ ਦੂਜੀ ਸੰਸਾਰ ਜੰਗ ਤਕ ਜਾਰੀ ਰਿਹਾ। 1858 ਵਿਚ ਜਦੋਂ ਬ੍ਰਿਟਿਸ਼ ਸਰਕਾਰ ਨੇ ਕੰਪਨੀ ਦੀ ਹਕੂਮਤ ਖਤਮ ਕਰਕੇ ਹਿੰਦੁਸਤਾਨ ਦਾ ਰਾਜ ਸੰਭਾਲਿਆ ਤਾਂ ਉਸਨੇ ਕੰਪਨੀ ਤੋਂ 7 ਕਰੋੜ ਪੌਂਡ ਦਾ ਕਰਜ਼ ਵੀ ਆਪਣੇ ਬਹੀ ਖਾਤੇ ਵਿਚ ਦਰਜ ਕਰ ਲਿਆ। ਇਹ ਕਰਜ਼ਾ 18 ਸਾਲ ਵਿਚ 14 ਕਰੋੜ ਪੌਂਡ, 1900 ਈ: ਵਿਚ 22 ਕਰੋੜ 40 ਲੱਖ ਪੌਂਡ (336 ਕਰੋੜ ਰੁਪਿਆ) 1913 ਈ: ਵਿਚ 27 ਕਰੋੜ 40 ਲੱਖ ਪੌਂਡ (411 ਕਰੋੜ ਰੁਪਿਆ) ਅਤੇ ਦੂਜੀ ਵੱਡੀ ਜੰਗ ਦੇ ਆਰੰਭ ਹੋਣ ਤੋਂ ਪਹਿਲਾਂ 88 ਕਰੋੜ 48 ਲੱਖ ਪੌਂਡ (1179 ਕਰੋੜ ਰੁਪਿਆ) ਹੋ ਗਿਆ।

ਬ੍ਰਿਟਿਸ਼ ਸਰਮਾਏਦਾਰਾਂ ਦੇ ਇਸ ਸੋਸ਼ਣ ਨਾਲ ਹਿੰਦੁਸਤਾਨ ਵਿਚ ਵਾਰ ਵਾਰ ਕਾਲ ਪੈਣ ਲਗੇ। 19ਵੀਂ ਸਦੀ ਦੇ ਪਹਿਲੇ ਅੱਧ ਵਿਚ ਸਤ ਵਾਰ ਕਾਲ ਪਿਆ, ਜਿਸ ਵਿਚ ਕੁਲ ਅੰਦਾਜ਼ਨ 14 ਲਖ ਆਦਮੀ ਮਰੇ। ਲੇਕਿਨ ਇਸੇ ਸਦੀ ਦੇ ਦੂਜੇ ਅੱਧ ਵਿਚ 24 ਵਾਰ ਕਾਲ ਪਿਆ, ਜਿਸ ਵਿਚ ਖੁਦ ਸਰਕਾਰੀ ਅੰਕੜਿਆਂ ਅਨੁਸਾਰ ਕੁਲ ਦੋ ਕਰੋੜ ਆਦਮੀ ਮਰੇ।

## ਲੋਹੜੀ



### ਹਰਜੀਤ ਦੌਧਰੀਆ

ਪੋਹ ਦੀ ਕਾਲੀ ਬੋਲੀ ਰਾਤੇ
ਚੁਤਰਫੀਂ ਘੁੱਪ ਹਨੇਰ-ਖਾਤੇ
ਉੱਗੀਆਂ ਕਣਕਾਂ
ਚੁਗੀਆਂ ਕਪਾਹਾਂ ਦੇ
ਲੁਟੇਰਿਆਂ ਦਾ ਲੋਹੜਾ ਪਸਰਿਆ
ਲੁੱਟਾਂ
ਦੱਬਾਂ
ਗੋਲੀਆਂ ਦੇ ਸੀਨਿਆਂ 'ਚ ਲਗਣ ਦੀ
ਹਾਹਾਕਾਰ ਏ।
ਇਸ ਅੱਤ ਦੇ ਰਾਕਸ਼ ਨੂੰ ਸਾੜਨ ਲਈ
ਆਉ
ਲੋਹੜੀ ਲਾਈਏ !
ਸੁੱਕੇ ਸਰਕੜੇ ਦਾ ਪੂਲਾਵਿਚਾਲੇਟਿਕਾ ਕੇ
ਉਦਾਲੇ-ਪੁਦਾਲੇ ਡੱਕਰੇ ਪਾਥੀਆਂ
ਸੁੱਕਾ-ਗਿੱਲਾ ਬਾਲਣ
ਪਾਈਏ।
ਔਹ ਦੇਖੋ
ਪਿੱਪਲਾਂ-ਬੋਹੜਾਂ ਦੇ ਮੁੱਢ
ਰਾਹਾਂ 'ਚ ਪਏ ਖੁੰਢ
ਇਹਨਾਂ ਨੂੰ ਪਾੜ ਪਾੜ ਕੇ
ਲੋਹੜੀ 'ਤੇ ਪਾਈਏ
ਇਕ ਤੀਲੀ ਸਰਕੜੇ ਨੂੰ ਲਾਈਏ
ਭਾਂਬੜ ਮੱਚ ਪਏਗਾ......।
ਆਉ ਲੋਕੋ !
ਮੁੱਛ-ਫੁੱਟ ਸ਼ਹੀਦਾਂ ਦੇ
ਹੋਇਆਂ ਨਾਤਿਆਂ ਦਾ ਗੁੜ ਵੰਡੀਏ।
ਆਉਂਦੇ ਸਾਲ ਪਤਾ ਨੀ
ਕਿੰਨੇ ਹੋਰ ਮੰਗੇ ਜਾਣੇ ਨੇ ?
ਕਿੰਨੇ ਹੋਰ ਨਿਉਂਦੇ ਪੈਣੇ ਨੇ ?
ਪਤਾ ਨੀ
ਕਿੰਨਿਆਂ ਦੀ ਰੋਕ ਰੋਕੀ ਜਾਣੀ ਏਂ ?
ਤੇ ਲਾਗੀਆਂ ਨੇ ਲਾਗ ਲੈਣੇ ਨੇ।
ਪਤਾ ਨੀ
ਆਉਂਦੀ ਲੋਹੜੀ ਨੂੰ
ਕਿੰਨੀਆਂ ਰਕਮਾਂ ਤਰਨੀਆਂ ਨੇ ?
ਕਿੰਨੇ ਕਬਜ਼ੇ ਟੁਟਣੇ ਨੇ ?
ਤੇ ਕਿੰਨੇ ਖਾਤੇ ਹੋਣੇ ਨੇ ?
ਆਉ !
ਹਰ ਸੱਥ 'ਚ ਲੋਹੜੀ ਲਾਈਏ !!
ਲੋਹੜੀ ਦੀ ਅੱਗ
ਕੱਕਰਾਂ ਨੂੰ ਗਰਮਾਏਗੀ
ਸੂਰਜ ਦੀ ਅੱਖ ਚਮਕਦਿਆਂ
ਅੰਧ-ਘੋਰ ਦੀ ਹੋਈ ਸੁਆਹ ਦੇਖੀਏ।
ਕੁਝ ਗਿੱਲੇ ਮੁੱਢਾਂ ਦੇ ਸਿਰ
ਅਜੇ ਧੁਖ ਰਹੇ ਹੋਣਗੇ
ਹੋਈ ਸੁਆਹ ਦੇ ਢੇਰਾਂ ਨੂੰ
ਖੇਤਾਂ 'ਚ ਪਾਈਏ
ਖੇਤ ਵਾਹਈਏ,
ਫੇਰ ਰੱਟਣਾਂ ਦੀ ਉਪਜ
ਤੁਹਾਡੀ ਕਾਮਿਆਂ ਦੀ ਆਪਣੀ ਹੋਵੇਗੀ
ਆਉ ਹਿੰਮਤੀਉ !
ਲੋਹੜੀ ਲਾਈਏ
ਏਕੇ ਤੇ ਵਿਧੀ ਦੇ ਤਿਲ
ਮਘਦੀ ਸੂਹੀ ਧੂਣੀ 'ਤੇ ਪਾਈਏ
ਗੀਤ ਗਾਈਏ—

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਗੁਰਪੁਰਬ ਦੀ ਲੱਖ ਲੱਖ ਵਧਾਈ ਹੋਵੇ

ਸ: ਦਲਜੀਤ ਸਿੰਘ ਸਿੱਧੂ ਤੇ ਰਣਜੀਤ ਸਿੰਘ ਬੈਂਸ ਸੂਚਨਾ ਦਿੰਦੇ ਹਨ ਕਿ

# S & S INSURANCE

(ਐਸ. ਐਂਡ. ਐਸ. ਇੰਨਸ਼ੋਰੈਂਸ)

ਅਤੇ

## Bains Tax & Accounting Service

(ਬੈਂਸ ਟੈਕਸ ਐਂਡ ਅਕਾਊਂਟਿੰਗ ਸਰਵਿਸਜ਼)

# ਨਵੀਂ ਥਾਂ ਤੇ ਮੂਵ ਹੋ ਰਹੇ ਹਨ

ਇਨ੍ਹਾਂ ਦੇ ਨਵੇਂ ਦਫ਼ਤਰ ਦਾ ਪਤਾ ਹੈ :

## 6658, MAIN St., Vancouver, B.C.

## 6658, ਮੇਨ ਸਟਰੀਟ, ਵੈਨਕੂਵਰ, ਬੀ. ਸੀ.

## (ਜਿਥੇ ਸ਼ਾਨ ਸਾੜ੍ਹੀਜ਼ ਦਾ ਪੁਰਾਣਾ ਸਟੋਰ ਸੀ)

# BAINS TAX & ACCOUNTING SERVICES

## 321-2132

## ਹੋਰ ਜਾਣਕਾਰੀ ਲਈ ਫੋਨ ਕਰੋ :—



ਦਲਜੀਤ ਸਿੰਘ ਸਿੱਧੂ

## S & S Insurance

## 324-2311



ਹਰਦੇਵ ਸਿੰਘ ਗਿੱਲ

# ਫਗਵਾੜਾ ਨੇੜੇ ਗੋਲੀ ਚਲੀ

ਫਗਵਾੜਾ—ਇਥੋਂ ਲਗਭਗ 4 ਕਿਲੋਮੀਟਰ ਦੂਰ ਪਿਡ ਚੱਕ ਹਕੀਮ, ਵਿਚ ਦੋ ਧੜਿਆਂ ਵਿਚ ਲੜਾਈ ਭਾਵੇਂ ਟਲ ਗਈ ਪਰ ਇਕ ਧੜੇ ਵਲੋਂ ਗੋਲੀਆਂ ਚਲਾਉਣ ਦੀ ਸੂਚਨਾ ਮਿਲੀ ਹੈ। ਕਿਹਾ ਜਾਂਦਾ ਹੈ ਕਿ ਹਰਜਾਪ ਸਿੰਘ ਆਪਣਾ ਟਰੈਕਟਰ ਲੈ ਕੇ ਬਾਹਰ ਜਾ ਰਿਹਾ ਸੀ ਕਿ ਉਹ ਉਸ ਦੇ ਗਵਾਂਢੀ ਤੇਜਾ ਸਿੰਘ ਦੀ ਕੰਧ ਨਾਲ ਟਕਰਾ ਗਿਆ ਜਿਸਤੇ ਦੋਹਾਂ ਵਿਚ ਗਰਮਾ-ਗਰਮੀ ਵਧ ਗਈ। ਦੋਸ਼ ਹੈ ਕਿ ਟਰੈਕਟਰ ਟਰਾਲੀ ਵਿਚਲੇ ਬੰਦੇ ਕਥਿਤ ਤੌਰ ਤੇ ਹਥਿਆਰਬੰਦ ਸਨ ਤੇ ਉਹਨਾਂ ਨੇ ਪਹਿਲਾਂ ਹਵਾ ਵਿਚ ਤੇ ਪਿਛੋਂ ਤੇਜਾ ਸਿੰਘ ਦੇ ਮਕਾਨ ਤੇ ਗੋਲੀਆਂ ਚਲਾਈਆਂ। ਗੋਲੀ ਕਿਸੇ ਦੇ ਲਗੀ ਨਹੀਂ ਕਿਉਂਕਿ ਤੇਜਾ ਸਿੰਘ ਆਦਿ ਅੰਦਰ ਵੜ ਗਏ ਸਨ। ਪੁਲਸ ਨੇ ਕੇਸ ਦਰਜ਼ ਕਰਕੇ ਚਾਰ ਵਿਅਕਤੀਆਂ ਹਰਜਾਪ ਸਿੰਘ, ਭੱਜੀ, ਰਾਜਿੰਦਰ ਸਿੰਘ ਤੇ ਦਵਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ।

# ਕੇਂਦਰੀ ਮੁਲਾਜ਼ਮਾਂ ਨੂੰ 15 ਦਿਨ ਦੀ ਤਨਖਾਹ ਬੋਨਸ ਵਜੋਂ ਦੇਣ ਦੇ ਪੱਤਰ

ਚੰਡੀਗੜ੍ਹ — ਉਤਪਾਦਨ-ਜੋੜ-ਬੋਨਸ ਜੋ ਕਈ ਸਾਲਾਂ ਤੋਂ ਰੇਲਵੇ ਰੱਖਿਆ ਉਤਪਾਦਨ, ਡਾਕਤਾਰ ਵਿਭਾਗ 'ਚ ਮਿਲਦਾ ਸੀ ਤੋਂ ਬਿਨਾਂ ਕੇਂਦਰੀ ਕਰਮਚਾਰੀਆਂ ਨੂੰ ਸਾਲ 1982-83 ਦਾ ਬੋਨਸ ਦੇਣ-ਸਬੰਧੀ ਵਿਤ ਮੰਤਰਾਲੇ ਨੇ ਪੱਤਰ ਨੰਬਰ ਐਫ 14(6)-ਈ(ਤਾਲਮੇਲ)—83 ਅਨੁਸਾਰ ਹੁਕਮ ਜਾਰੀ ਕੀਤੇ ਗਏ ਹਨ। ਇਹਨਾਂ ਕੇਂਦਰੀ ਕਰਮਚਾਰੀਆਂ ਦੇ ਬੋਨਸ ਬਾਰੇ ਨਵੇਂ ਜਾਂ ਅੱਡ ਬੋਨਸ ਫਾਰਮੂਲੇ ਬਨਣ ਤੋਂ ਪਹਿਲਾਂ ਸਾਲ 1982-83 ਲਈ ਮਾਰਚ 83 ਦੇ ਮਹੀਨੇ ਦੀ ਤਨਖਾਹ ਦੇ ਆਧਾਰ ਤੇ ਬੋਨਸ ਦੇ ਤੌਰ ਤੇ ਦਿਤੀ ਜਾਣ ਦੇ ਹੁਕਮ ਕੀਤੇ ਹਨ। ਬੋਨਸ ਦਾ ਲਾਭ ਹੋਰਨਾਂ ਕੇਂਦਰੀ ਕਰਮਚਾਰੀਆਂ ਤੋਂ ਬਿਨਾਂ ਕੇਂਦਰੀ ਪੁਲੀਸ ਹਥਿਆਰਬੰਦ ਪੈਰਾ ਮਿਲਟਰੀ ਮੁਲਾਜ਼ਮ ਤੇ ਫੌਜਾਂ ਦੇ ਜਵਾਨਾਂ ਨੂੰ ਮਿਲੇਗਾ ਇਹ ਬੋਨਸ ਉਸ ਕਰਮਚਾਰੀ ਨੂੰ ਮਿਲੇਗਾ ਜਿਸ ਦੀ 31 ਮਾਰਚ 83 ਤਕ 6 ਮਹੀਨੇ ਦੀ ਲਗਾਤਾਰ ਨੌਕਰੀ ਕੀਤੀ ਬਣਦੀ ਹੋਵੇ।

ਬੋਨਸ ਦਾ ਲਾਭ 1600 ਰੁਪੈ ਤਕ ਤਨਖਾਹ ਲੈਣ ਵਾਲੇ ਕਰਮਚਾਰੀਆਂ ਨੂੰ ਮਿਲੇਗਾ। ਵਧ ਤੋਂ ਵਧ ਬੋਨਸ 750 ਰੁਪਏ ਕਰਮਚਾਰੀ ਦੇ ਬੋਨਸ ਬਰਾਬਰ ਹੀ ਹੋਵੇਗਾ। ਤਨਖਾਹ ਵਿਚ ਬੁਨਿਆਦੀ ਤਨਖਾਹ ਮਹਿੰਗਾਈ ਭੱਤਾ ਸਪੈਸ਼ਲ ਤੇ ਪ੍ਰਸਨਲ ਤਨਖਾਹ ਵਿਚ ਗਿਣ ਕੇ ਬੋਨਸ ਦਿੱਤਾ ਗਿਆ ਹੈ।

# ਰੀਪਬਲਿਕਨ ਪਾਰਟੀ ਫਰੰਟ 'ਚ ਨਹੀਂ ਜਾਵੇਗੀ

ਲੁਧਿਆਣਾ—ਰੀਪਬਲਿਕਨ ਪਾਰਟੀ 5 ਪਾਰਟੀਆਂ ਤੇ ਅਧਾਰਤ ਸਾਂਝੇ ਮੋਰਚੇ ਵਿਚ ਸ਼ਾਮਲ ਨਹੀਂ ਹੋਵੇਗੀ। ਇਹ ਜਾਣਕਾਰੀ ਪਾਰਟੀ ਦੀ ਰਾਜ ਸ਼ਾਖਾ ਦੇ ਜਨਰਲ ਸਕੱਤਰ ਚੌਧਰੀ ਰਤੀ ਰਾਮ ਨੇ ਇਥੇ ਜਾਰੀ ਇਕ ਪਰੈਸ ਨੋਟ ਵਿਚ ਦਿਤੀ। ਉਨ੍ਹਾਂ ਕਿਹਾ ਕਿ ਅਜੇ ਤਕ ਮੋਰਚੇ ਦੇ ਪਰਮੁਖ ਨੇਤਾ ਅਤੇ ਰਾਜ ਸੀ. ਪੀ. ਆਈ. ਜਨਰਲ ਸਕਤਰ ਕ: ਅਵਤਾਰ ਸਿੰਘ ਮਲਹੋਤਰਾ ਨੇ ਵੀ ਉਨ੍ਹਾਂ ਨੂੰ ਕੋਈ ਸਦਾ ਨਹੀਂ ਦਿਤਾ ਹੈ।

# ਸਰਵਣ ਸਿੰਘ ਦਾ 29 ਤਕ ਅਦਾਲਤੀ ਰਿਮਾਂਡ

## ਦੋਸ਼ੀ ਤੋਂ ਤਿੰਨ ਰਿਵਾਲਵਰ ਅਤੇ ਇਕ ਹੈਂਡ ਗ੍ਰਨੇਡ ਬ੍ਰਾਮਦ

ਲੁਧਿਆਣਾ—ਬੀਤੇ ਦਿਨ ਗ੍ਰਿਫਤਾਰ ਕੀਤੇ ਗਏ ਕਥਿਤ ਦੋਸ਼ੀ ਸਰਵਣ ਸਿੰਘ ਤੋਂ ਤਲਾਸ਼ੀ ਦੇ ਦੌਰਾਨ ਇਕ ਹੈਂਡ ਗਰਨੇਡ ਅਤੇ ਤਿੰਨ ਰਿਵਾਲਵਰ ਬਰਾਮਦ ਕੀਤੇ ਗਏ ਹਨ। ਉਕਤ ਜਾਣਕਾਰੀ ਦੇਂਦੇ ਹੋਏ ਐਸ. ਐਸ. ਪੀ. ਸ੍ਰੀ ਬੂਆ ਸਿੰਘ ਨੇ ਦਸਿਆ ਕਿ ਦੋਸ਼ੀ ਸਰਵਣ ਸਿੰਘ ਤੋਂ ਬਰਾਮਦ ਕੀਤਾ ਗਿਆ ਹੈਂਡ ਗਰਨੇਡ ਫੌਜ ਦਾ ਹੈ ਅਤੇ ਉਸਦਾ ਨੰਬਰ ਐਚ. ਈ.-36 ਹੈ। ਜਦ ਕਿ ਬਰਾਮਦ ਹੋਏ ਤਿੰਨ ਪਿਸਤੌਲਾਂ ਵਿਚੋਂ ਦੋ ਵਿਦੇਸ਼ੀ ਪਿਸਤੌਲ ਹਨ। ਉਨ੍ਹਾਂ ਦਸਿਆ ਕਿ ਸਰਵਣ ਸਿੰਘ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ। ਜਿਥੇ ਉਸ ਦਾ 29 ਦਸੰਬਰ ਤਕ ਜੁਡੀਸ਼ੀਅਲ ਰਿਮਾਂਡ ਪ੍ਰਾਪਤ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਪੁਛ ਗਿਛ ਦੇ ਦੌਰਾਨ ਦੋਸ਼ੀ ਤੋਂ ਕਈ ਮਹਤਵ ਪੂਰਣ ਜਾਣਕਾਰੀ ਪ੍ਰਾਪਤ ਹੋਣ ਦੀ ਸੰਭਾਵਨਾ ਹੈ। ਇਹ ਵਰਨਣਯੋਗ ਹੈ ਕਿ ਸਰਵਣ ਸਿੰਘ ਨਿਰੰਕਾਰੀ ਡਾਕਟਰ ਬਲਬੀਰ ਸਿੰਘ ਦੇ ਕਤਲ ਕਾਂਡ ਦੇ ਮਾਮਲੇ ਵਿਚ ਬੀਤੇ ਦਿਨੀਂ ਆਪਣੇ ਸਾਥੀ ਬਿਕਰ ਸਿੰਘ ਨਾਲ ਗ੍ਰਿਫਤਾਰ ਕੀਤਾ ਗਿਆ ਸੀ।

# ਲੁਟੇਰਿਆਂ ਦਾ ਗਰੋਹ ਗ੍ਰਿਫਤਾਰ

## ਰਿਵਾਲਵਰ ਅਤੇ ਲੁਟਿਆ ਸਮਾਨ ਬਰਾਮਦ

ਲੁਧਿਆਣਾ—ਐਸ. ਐਸ. ਪੀ. ਸ੍ਰੀ ਬੂਆ ਸਿੰਘ ਨੇ ਲੁਟੇਰਿਆਂ ਦੇ ਇਕ ਗਰੋਹ ਦੇ ਚਾਰ ਮੈਂਬਰਾਂ ਨੂੰ ਫੜਨ ਦਾ ਦਾਅਵਾ ਕੀਤਾ ਹੈ। ਇਥੇ ਹ. ਸ. ਨਾਲ ਇਕ ਮੁਲਾਕਾਤ ਦੇ ਦੌਰਾਨ ਉਨਾਂ ਦੱਸਿਆ ਕਿ ਬਠਿੰਡਾ ਦਾ ਨਿਰਮਲ ਸਿੰਘ ਇਸ ਗਰੋਹ ਦਾ ਸਰਗਨਾ ਹੈ ਜਦ ਕਿ ਕੁਲਵਿੰਦਰ ਸਿੰਘ, ਜਗਜੀਤ ਸਿੰਘ ਅਤੇ ਜੀਤ ਸਿੰਘ ਤਿੰਨੇ ਲੁਧਿਆਣਾ ਦੇ ਵਾਸੀ ਹਨ। ਸ੍ਰੀ ਬੂਆ ਸਿੰਘ ਨੇ ਦਸਿਆ ਕਿ ਜਾਂਚ ਦੇ ਦੌਰਾਨ ਇਸ ਗਰੋਹ ਨੇ ਰਾਜ ਦੇ ਵਖ ਵਖ ਹਿਸਿਆਂ ਵਿਚ ਪਿਸਤੌਲ ਦੀ ਨੋਕ ਤੇ 11 ਲੁਟਮਾਰ ਦੀਆਂ ਘਟਨਾਵਾਂ ਸਵੀਕਾਰ ਕੀਤੀਆਂ ਹਨ। ਇਨ੍ਹਾਂ ਪਾਸੋਂ ਤਿੰਨ ਨਜਾਇਜ਼ ਰਿਵਾਲਵਰ ਅਤੇ ਕੁਝ ਛੂਰੇ ਬਰਾਮਦ ਹੋਏ ਹਨ। ਇਸਦੇ ਇਲਾਵਾ ਲਗਭਗ 6 ਹਜ਼ਾਰ ਰੁਪਏ ਮੁਲ ਦਾ ਲੁਟ ਦਾ ਮਾਲ ਵੀ ਬਰਾਮਦ ਹੋਇਆ ਹੈ। ਉਨ੍ਹਾਂ ਨੇ ਦੱਸਿਆ ਕਿ ਇਨ੍ਹਾ ਲੁਟੇਰਿਆਂ ਨੇ ਹੀ ਬੀਤੀ 16 ਅਕਤੂਬਰ ਨੂੰ ਸਰਾਭਾ ਨਗਰ ਦੇ ਨੇੜੇ ਇਕ ਡਾਕਟਰ ਨੂੰ ਲੁਟਿਆ ਸੀ ਅਤੇ ਫੋਕਲ ਪੁਆਇੰਟ ਤੇ ਇਕ ਰਾਹਗੀਰ ਨੂੰ ਪਿਸਤੌਲ ਦਿਖਾ ਕੇ ਉਸ ਪਾਸੋਂ 25 ਹਜ਼ਾਰ ਰੁਪਏ ਦੀ ਰਕਮ ਵੀ ਖੋਹ ਲਈ ਸੀ। ਸ੍ਰੀ ਬੂਆ ਸਿੰਘ ਨੇ ਦਸਿਆ ਕਿ ਅਜੇ ਪੁਛਗਿਛ ਜਾਰੀ ਹੈ ਅਤੇ ਪੁਛਗਿਛ ਦੌਰਾਨ ਕਈ ਹੋਰ ਮਹਤਵਪੂਰਨ ਘਟਨਾਵਾਂ ਦਾ ਇਕਸ਼ਾਫ ਹੋਣ ਦੀ ਸੰਭਾਵਨਾ ਹੈ।

# "ਚੰਡੀਗੜ੍ਹ ਲਈ ਅਕਾਲੀ ਜ਼ਿੱਦ ਨਾ ਕਰਨ"

ਗੁਰਦਾਸਪੁਰ—ਕਾਂਗਰਸ (ਆਈ) ਵਿਧਾਇਕ ਇਕਬਾਲ ਸਿੰਘ ਨੇ ਇਥੇ ਇਕ ਬਿਆਨ ਵਿਚ ਕਿਹਾ ਕਿ ਚੰਡੀਗੜ੍ਹ ਪ੍ਰਾਪਤ ਕਰਨ ਲਈ ਅਕਾਲੀਆਂ ਨੂੰ ਜ਼ਿਦ ਨਹੀਂ ਕਰਨੀ ਚਾਹੀਦੀ। ਉਨ੍ਹਾਂ ਕਿਹਾ ਕਿ ਫਿਲੌਰ ਨੇੜੇ ਰਣਜੀਤਗੜ੍ਹ ਨੂੰ ਨਵੀਂ ਰਾਜਧਾਨੀ ਬਣਾਉਣਾ ਚਾਹੀਦਾ ਹੈ।

ਵਿਧਾਇਕ ਨੇ ਗਵਰਨਰੀ ਰਾਜ ਵਿਚ ਅਮਨ ਕਾਨੂੰਨ ਦੀ ਪਤਲੀ ਹਾਲਤ 'ਤੇ ਟਿਪਣੀ ਕੀਤੀ ਅਤੇ ਕਿਹਾ ਕਿ ਰਾਜਪਾਲ ਦੇ ਸਲਾਹਕਾਰਾਂ ਨੂੰ ਮਿਲਣ ਲਈ ਆਮ ਲੋਕਾਂ ਨੂੰ ਬੜੀ ਮੁਸ਼ਕਲ ਪੇਸ਼ ਆ ਰਹੀ ਹੈ।

---

ਜਾਣ ਵੇਲੇ ਇਸ ਤਰ੍ਹਾਂ ਉਹ ਕਰ ਰਹੇ ਨੇ ਅਲਵਿਦਾ।
ਪਲਕ ਤੋਂ ਹੰਝੂ ਜਿਵੇਂ ਮੁੜ ਜਾਣ ਦੀ ਹੈ ਸੋਚਦਾ।

# ਜਨਤਾ ਦੇ ਸੇਵਕ 'ਡਾਕਟਰ' ਜਾਂ ਹਵਸ ਦੇ ਕੁੱਤੇ

## ਬਲਾਤਕਾਰ

ਲੁਧਿਆਣਾ —ਲੁਧਿਆਣੇ ਦੇ ਮਸ਼ਹੂਰ ਕ੍ਰਿਸ਼ਚੀਅਨ ਮੈਡੀਕਲ ਕਾਲਜ ਐਂਡ ਬਰਾਊਨ ਮੈਮੋਰੀਅਲ ਹਸਪਤਾਲ ਵਿਚ ਮੈਡੀਸਨ ਵਿਭਾਗ ਦੇ ਇਕ ਡਾਕਟਰ ਵਲੋਂ ਇਕ 24-25 ਸਾਲਾ ਨੌਜਵਾਨ ਮਰੀਜ਼ ਜਸਪਾਲ ਕੌਰ ਨਾਲ ਕਥਿਤ ਤੌਰ ਤੇ ਜਬਰਜ਼ਨਾਹ ਕਰਨ ਦੀ ਦਿਲ ਕੰਬਾਊ ਖਬਰ ਮਿਲੀ ਹੈ। ਉਸਦੀ ਮਾਂ ਅਤੇ ਵਾਰਸ ਇਨਸਾਫ ਦੀ ਭਾਲ ਵਿਚ ਮਾਰੇ ਮਾਰੇ ਫਿਰਦੇ ਹਨ ਪਰ ਹਸਪਤਾਲ ਦੀ ਮੈਨੇਜਮੈਂਟ ਇਸ ਕੇਸ ਨੂੰ ਪੁਲਸ ਦੇ ਹਵਾਲੇ ਨਹੀਂ ਕਰ ਰਹੀ।

ਨੌਜਵਾਨ ਮਰੀਜ਼ ਲੜਕੀ ਵਾਰਡ ਨੰਬਰ 5 ਵਿਚ ਦਾਖਲ ਸੀ। ਰਿਕਾਰਡ ਮੁਤਾਬਕ ਉਹ ਜ਼ਿਲਾ ਲੁਧਿਆਣੇ ਦੀ ਤਹਿਸੀਲ ਸਮਰਾਲਾ ਦੇ ਇਕ ਪਿੰਡ ਦੀ ਵਾਸੀ ਸੀ। ਉਸ ਲੜਕੀ ਦੀ ਮਾਂ ਉਸ ਦੇ ਨਾਲ ਦੇਖ ਭਾਲ ਕਰਨ ਲਈ ਹਸਪਤਾਲ ਵਿਚ ਰਹਿੰਦੀ ਸੀ। 9 ਦਸੰਬਰ ਸ਼ਾਮ ਨੂੰ 5 ਵਜੇ ਤੋਂ ਬਾਅਦ ਡਾਕਟਰ ਫਰੈਮੂ ਕੁਰਵਿਲਾ ਵਾਰਡ ਵਿਚ ਆਇਆ ਤੇ ਰੋਗੀ ਨੂੰ ਈ.ਸੀ.ਜੀ. ਰੂਮ ਵਿਚ ਲੈ ਗਿਆ, ਜਦੋਂ ਕਿ ਇਹ ਰੋਗੀ ਇਸ ਡਾਕਟਰ ਦੀ ਟੀਮ ਦਾ ਰੋਗੀਨਹੀਂ ਸੀ। ਸ਼ਾਮ 5 ਵਜੇ ਤੋਂ ਬਾਅਦ ਈ.ਸੀ.ਜੀ. ਰੂਮ ਵਿਚ ਕੋਈ ਵੀ ਟੈਕਨੀਸ਼ਨ ਨਹੀਂ ਹੁੰਦਾ ਕਿਉਂਕਿ ਸਭ ਛੁੱਟੀ ਕਰ ਕੇ ਚਲੇ ਜਾਂਦੇ ਹਨ। ਡਾਕਟਰ ਨੇ ਵਾਰਡ ਹੈਲਪਰ ਨੂੰ ਕਿਹਾ ਕਿ ਇਸਦੀ ਈ.ਸੀ.ਜੀ. ਕਰਨੀ ਹੈ। ਪੌਣੇ ਘੰਟੇ ਬਾਅਦ ਇਸ ਨੂੰ ਆ ਕੇ ਲੈ ਜਾਣਾ। ਮਰੀਜ਼ ਲੜਕੀ ਦੀ ਮਾਂ ਉਸ ਕਮਰੇ ਦੇ ਬਾਹਰ ਬੈਠੀ ਰਹੀ। ਉਹ ਅੰਦਰ ਚੀਕਾਂ ਮਾਰਦੀ ਰਹੀ। ਸਾਧਾਰਨ ਤੌਰ ਤੇ ਈ.ਸੀ.ਜੀ. ਕਰਨ ਲਈ 7-8 ਮਿੰਟ ਹੀ ਲਗਦੇ ਹਨ। ਇਹ ਵੀ ਪਤਾ ਲੱਗਾ ਹੈ ਕਿ ਜਦੋਂ ਮਰੀਜ਼ ਨੂੰ ਕਮਰੇ ਵਿਚ ਗਏ ਨੂੰ ਦਸ ਮਿੰਟ ਹੀ ਹੋਏ ਸਨ ਤਾਂ ਬਾਹਰ ਬੈਠੀ ਉਸਦੀ ਮਾਂ ਨੇ ਚੀਕਣ ਦੀਆਂ ਆਵਾਜ਼ਾਂ ਸੁਣੀਆਂ ਪਰ ਚੀਕਾਂ ਜਲਦੀ ਬੰਦ ਹੋ ਜਾਣ ਕਾਰਨ ਮਾਂ ਨੂੰ ਕਿਸੇ ਕਿਸਮ ਦੀ ਕੋਈ ਸ਼ੱਕ ਨ ਹੋਈ ਅਤੇ ਜਦੋਂ ਇਕ ਘੰਟੇ ਤੋਂ ਜ਼ਿਆਦਾ ਦੇਰ ਤਕ ਇਹ ਮਰੀਜ਼ ਦੇ ਕਮਰੇ ਵਿਚ ਬੰਦ ਰਹਿਣ ਤੋਂ ਬਾਅਦ ਵਾਰਡ ਦੇ ਮੁਲਾਜ਼ਮ ਇਸ ਨੂੰ ਵਾਪਸ ਲੈ ਜਾਣ ਲਈ ਆਏ ਤਾਂ ਮਰੀਜ਼ ਰੋ ਰਹੀ ਸੀ। ਉਸਨੇ ਆਪਣੀ ਮਾਂ ਨੂੰ ਦਸਿਆ ਕਿ ਡਾਕਟਰ ਨੇ ਉਸਨੂੰ ਕਮਰੇ ਵਿਚ ਲਿਜਾਕੇ ਉਸਦੀ ਇਜ਼ੱਤ ਲੁੱਟੀ ਹੈ। ਉਸਨੇ ਕਿਹਾ ਕਿ ਉਹ ਇਹ ਬੇਇਜ਼ਤੀ ਬਰਦਾਸ਼ਤ ਨਹੀਂ ਕਰ ਸਕਦੀ ਅਤੇ ਉਸੇ ਰਾਤ ਨੂੰ ਸਦਮਾ ਬਰਦਾਸ਼ਤ ਨਾ ਕਰਦੀ ਹੋਈ ਦਮ ਤੋੜ ਗਈ ਪਰ ਹਸਪਤਾਲ ਦੀ ਮੈਨੇਜਮੈਂਟ ਨੇ ਉਸਦੀ ਮਾਂ ਦੀ ਸ਼ਕਾਇਤ ਉਤੇ ਕੋਈ ਧਿਆਨ ਨਾ ਦਿੱਤਾ ਅਤੇ ਉਸਦਾ ਪੋਸਟਮਾਰਟਮ ਕਰਾਏ ਬਗੈਰ ਉਸਦੀ ਲਾਸ਼ ਉਸਦੇ ਪਿੰਡ ਭੇਜ ਦਿੱਤੀ। ਪਰ ਬਾਅਦ ਵਿਚ ਜਦੋਂ ਇਹ ਖਬਰ ਹਸਪਤਾਲ ਕਰਮਚਾਰੀ ਯੂਨੀਅਨ ਦੇ ਜਨਰਲ ਸਕੱਤਰ ਬੀ.ਐਮ.ਫਰੈਡਰਿਕ ਨੂੰ ਪਤਾ ਲਗੀ ਤਾਂ ਉਸਦੇ ਦਬਾਅ ਹੇਠ ਮੈਨੇਜਮੈਂਟ ਕਈ ਦਿਨਾਂ ਬਾਅਦ ਉਸਦੀ ਮਾਂ ਨੂੰ ਪਿੰਡੋਂ ਬੁਲਾਇਆ ਤੇ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾਕਟਰ ਰਿਚਰਡ ਡੈਨੀਅਲ ਅਤੇ ਪ੍ਰੀਤਮ ਸਿੰਘ ਨੂੰ ਇਸ ਦੀ ਜਾਂਚ ਕਰਨ ਲਈ ਕਿਹਾ।

ਸ੍ਰੀ ਬੀ.ਐਮ ਫਰੈਡਰਿਕ ਜਨਰਲ ਸਕੱਤਰ ਦੇ ਅਨੁਸਾਰ ਇਸ ਇਨਕੁਆਰੀ ਨੂੰ ਖੁਫੀਆ ਰਖਿਆ ਜਾ ਰਿਹਾ ਹੈ। ਉਹਨਾਂ ਆਪਣੇ ਲਿਖਤੀ ਪ੍ਰੈਸ ਨੋਟ ਵਿਚ ਮੰਗ ਕੀਤੀ ਹੈ ਕਿ ਇਸ ਗੰਭੀਰ ਮੁਆਮਲੇ ਦੀ ਉਚ ਪੱਧਰੀ ਸਰਕਾਰੀ ਜਾਂਚ ਕਰਵਾਈ ਜਾਵੇ। ਇਹ ਵੀ ਪਤਾ ਲਗਾ ਹੈ ਕਿ ਕਸੂਰਵਾਰ ਡਾਕਟਰ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ।



ਕਿਸੇ ਹੋਰ ਥਾਂ ਮੂਵ ਹੋ ਰਹੇ ਹੋ?
ਕ੍ਰਿਪਾ ਕਰਕੇ ਸਾਨੂੰ ਜਰੂਰ ਦੱਸੋ।

ਚਿਟ ਨੰਬਰ------------------------
ਪੁਰਾਣਾ ਪਤਾ------------------------------
------------------------------------
------------------------------------
------------------------------------
ਨਵਾਂ ਪਤਾ ਸਟਰੀਟ/ਐਵੇਨਿਊ--------------
ਟਾਊਨ--------------------------------
ਸਟੇਟ--------------------------------
ਪੋਸਟਲ ਕੋਡ---------------------------
ਫੋਨ ਨੰਬਰ----------------------------

# ਪੰਜਾਬ ਦਰਪਣ

## ਹਰਿਮੰਦਰ ਸਾਹਿਬ ਵਿਚ ਕਿਨ੍ਹੇ ਧੜੇ, ਕਿੰਨੇ ਅੱਡੇ?

ਅੰਮ੍ਰਿਤਸਰ — ਹਰਿਮੰਦਰ ਸਾਹਿਬ ਦੀ ਚਾਰ ਦੀਵਾਰੀ ਅੰਦਰ ਅਤਿਵਾਦੀ ਜਥੇਬੰਦੀਆਂ ਦੀਆਂ ਸਰਗਰਮੀਆਂ ਨੂੰ ਲੈ ਕੇ ਆਮ ਆਦਮੀ ਦੇ ਦਿਮਾਗ ਵਿਚ ਤਰ੍ਹਾਂ ਤਰ੍ਹਾਂ ਦੇ ਸਵਾਲ ਉਠਦੇ ਰਹਿੰਦੇ ਹਨ, ਲੋਕਾਂ ਦੇ ਮਨਾਂ ਵਿਚ ਉਠਣ ਵਾਲੇ ਸਵਾਲ ਹਨ ਕਿ ਹਰਿਮੰਦਰ ਸਾਹਿਬ ਦੀ ਚਾਰਦੀਵਾਰੀ ਵਿਚ ਕਿੰਨੀਆਂ ਸਿਖ ਜੱਥੇਬੰਦੀਆਂ ਸਰਗਰਮ ਹਨ ? ਉਨ੍ਹਾਂ ਦੀ ਤਾਕਤ ਕਿੰਨੀ ਹੈ ? ਉਹ ਕਿਹੜੀ ਇਮਾਰਤ ਵਿਚ ਰਹਿੰਦੇ ਹਨ ਅਤੇ ਉਨ੍ਹਾਂ ਦਾ ਆਗੂ ਕੌਣ ਹੈ? ਪਰ ਇਹਨਾਂ ਸਵਾਲਾਂ ਤੇ ਪਈ ਧੁੰਧ ਹੁਣ ਥੋੜੀ ਥੋੜੀ ਸਾਫ ਹੋਣ ਲੱਗੀ ਹੈ।

ਹਰਿਮੰਦਰ ਸਾਹਿਬ ਦੀ ਚਾਰਦੀਵਾਰੀ ਅੰਦਰ ਇਸ ਸਮੇਂ ਅੱਠ ਗਰੁਪ ਜਾਂ ਜਥੇਬੰਦੀਆਂ ਸਰਗਰਮ ਹਨ, ਇਹ ਗਰੁਪ ਹਨ — ਭਿੰਡਰਾਂ ਵਾਲਾ ਧੜਾ, ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ, ਅਖੰਡ ਕੀਰਤਨੀ ਜੱਥਾ, ਬੱਬਰ ਖਾਲਸਾ, ਯੂਥ ਅਕਾਲੀ ਦਲ, ਨੈਸ਼ਨਲ ਕੌਂਸਲ ਆਫ ਖਾਲਿਸਤਾਨ, ਦਲ ਖਾਲਸਾ ਅਤੇ ਅਕਾਲ ਫੈਡਰੇਸ਼ਨ। ਇਹਨਾਂ ਵਿਚੋਂ ਸੰਤ ਭਿੰਡਰਾਂਵਾਲੇ ਦਾ ਗੁੱਟ ਤਾਕਤ ਅਤੇ ਗਿਣਤੀ ਦੇ ਪਖ ਤੋਂ ਸਭ ਤੋਂ ਵਧ ਅਸਰਦਾਰ ਹੈ, ਇਸਦੇ ਲਗਭਗ 200 ਮੈਂਬਰ ਹਨ।

ਇਸ ਧੜੇ ਦਾ ਹਰੇਕ ਮੈਂਬਰ ਹਥਿਆਰਬੰਦ ਹੈ। ਗੁਰੂ ਨਾਨਕ ਨਿਵਾਸ ਛੱਡਣ ਤੋਂ ਪਹਿਲਾਂ ਉਹ ਇਥੇ ਘੁੰਮਦੇ ਰਹਿੰਦੇ ਸੀ ਅਤੇ ਸ਼ਾਮ ਨੂੰ ਇਮਾਰਤ ਦੀ ਛੱਤ ਤੇ ਬੈਠ ਕੇ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਪ੍ਰਵਚਨ ਸੁਣਦੇ ਸੀ।

ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦਾ ਆਗੂ ਅਮਰੀਕ ਸਿੰਘ ਹੈ ਅਤੇ ਇਸ ਦੇ 25 ਕੁ ਮੈਂਬਰ ਹਰਿਮੰਦਰ ਸਾਹਿਬ ਦੀ ਚਾਰਦੀਵਾਰੀ ਅੰਦਰ ਹਨ। ਇਹ ਜਾਂ ਤਾ ਗੁਰੂ ਨਾਨਕ ਨਿਵਾਸ ਵਿਚ ਰਹਿੰਦੇ ਹਨ ਜਾਂ ਫਿਰ ਅਕਾਲ ਰੈਸਟ ਹਾਊਸ ਵਿਚ। ਇਸ ਦੇ ਬਹੁਤੇ ਮੈਂਬਰ ਹਥਿਆਰਬੰਦ ਹਨ।। ਅਕਾਲੀ ਦਲ ਦੇ ਦਫਤਰ ਨਾਲ ਹੀ ਫੈਡਰੇਸ਼ਨ ਦਾ ਦਫਤਰ ਹੈ। ਹਰਮਿੰਦਰ ਸਿੰਘ ਸੰਧੂ ਦਫਤਰ ਦੀ ਦੇਖਭਾਲ ਅਤੇ ਪੱਤਰਕਾਰਾਂ ਨਾਲ ਗਲਬਾਤ ਕਰਦਾ ਹੈ। ਪਿਛਲੇ ਇਕ ਸਾਲ ਤੋਂ ਇਹਨਾਂ ਨੇ ਆਪਣੇ ਆਪ ਨੂੰ ਭਿੰਡਰਾਂਵਾਲੇ ਨਾਲ ਜੋੜ ਲਿਆ ਹੈ ਕਿਉਂਕਿ ਅਮਰੀਕ ਸਿੰਘ ਅਤੇ ਸੰਧੂ ਅੱਤਵਾਦੀ ਆਗੂ ਦੇ ਭਰੋਸੇ ਦੇ ਸਾਥੀ ਸਮਝੇ ਜਾਂਦੇ ਹਨ। ਅਖੰਡ ਕੀਰਤਨੀ ਜੱਥੇ ਦੀ ਆਗੂ ਬੀਬੀ ਅਮਰਜੀਤ ਕੌਰ ਹੈ । ਕੇਂਦਰ ਅਤੇ ਰਾਜ ਦੋਹਾਂ ਦੀਆਂ ਖੁਫੀਆ ਏਜੰਸੀਆਂ ਇਹ ਸਮਝਦੀਆਂ ਹਨ ਕਿ ਪੰਜਾਬ ਵਿਚ ਕਤਲੋਗਾਰਤ ਦੀਆਂ ਹੋਈਆਂ ਵਾਰਦਾਤਾਂ ਪਿਛੇ ਉਸਦਾ ਦਿਮਾਗ ਕੰਮ ਕਰਦਾ ਹੈ। ਅਮਰਜੀਤ ਕੌਰ ਖੇਤੀ ਬਾੜੀ ਇਨਸਪੈਕਟਰ ਨਿਹੰਗ ਫੌਜਾ ਸਿੰਘ ਦੀ ਪੱਤਨੀ ਹੈ ਜੋ ਸਿਖ ਨਿਰੰਕਾਰੀ ਝਗੜੇ ਵਿਚ ਮਰ ਗਿਆ ਸੀ। ਇਸ ਗਰੁਪ ਦੇ 20 ਮੈਂਬਰ ਹਨ, ਜਿਨ੍ਹਾਂ ਵਿਚੋਂ ਕੁਝ ਹਥਿਆਰਬੰਦ ਹਨ । ਇਹ ਗੁਰੂ ਰਾਮਦਾਸ ਸਰਾਂ ਵਿਚ ਰਹਿੰਦੇ ਹਨ ਜੋ ਯਾਤਰੀਆਂ ਲਈ ਬਣਾਈ ਗਈ ਹੈ ।

ਬੀਬੀ ਅਮਰਜੀਤ ਕੌਰ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਭਰੋਸੇ ਦੀ ਸਮਝੀ ਜਾਂਦੀ ਹੈ। ਬੱਬਰ ਖਾਲਸਾ ਅਖੰਡ ਕੀਰਤਨੀ ਜੱਥੇ ਦਾ ਹੀ ਇੱਕ ਹਿਸਾ ਹੈ ਪਰ ਇਹ ਸਤ ਪ੍ਰਤੀਸਤ ਅੱਤਵਾਦੀ ਜਥੇਬੰਦੀ ਹੈ। ਇਸ ਧੜੇ ਦੇ ਇਕ ਦਰਜਨ ਤੋਂ ਵਧ ਮੈਂਬਰ ਹਰਿਮੰਦਰ ਸਾਹਿਬ ਵਿਚ ਰਹਿੰਦੇ ਹਨ । ਗੁਰੂ ਰਾਮਦਾਸ ਸਰਾਂ ਇਨ੍ਹਾਂ ਦਾ ਅੱਡਾ ਹੈ । ਇਹ ਭਿੰਡਰਾਂਵਾਲੇ ਦੇ ਵਿਰੁਧ ਹਨ ਅਤੇ ਆਪਣਾ ਬਹੁਤ ਵਕਤ ਬੈਠਕਾਂ ਕਰਕੇ ਜਾਂ ਘੁੰਮ ਫਿਰਕੇ ਬਤੀਤ ਕਰਦੇ ਹਨ। ਸੁਖਦੇਵ ਸਿੰਘ ਇਹਨਾ ਬੱਬਰਾਂ ਦਾ ਮੁੱਖ ਆਗੂ ਹੈ।

ਯੂਥ ਅਕਾਲੀ ਦਲ ਨਵੀਂ ਜੱਥੇਬੰਦੀ ਹੈ ਜਿਸ ਨੂੰ ਇਕ ਸਾਲ ਪਹਿਲਾਂ ਅਕਾਲੀ ਦਲ ਨੇ ਸ਼ੁਰੂ ਕੀਤਾ ਸੀ ਤਾਂ ਕਿ ਸਿਖ ਸਟੂਡੈਂਟਸ ਫੈਡਰੇਸ਼ਨ ਦਾ ਮੁਕਾਬਲਾ ਕੀਤਾ ਜਾ ਸਕੇ ਜੋ ਪੂਰੀ ਤਰ੍ਹਾਂ ਭਿੰਡਰਾਂਵਾਲੇ ਨਾਲ ਮਿਲ ਚੁੱਕੇ ਹਨ। ਪ੍ਰੇਮ ਸਿੰਘ ਚੰਦੂ ਮਾਜਰਾ ਇਸ ਦਾ ਪ੍ਰਧਾਨ ਹੈ । ਇਸ ਦੇ 25 ਮੈਂਬਰ ਗੁਰੂ ਰਾਮਦਾਸ ਸਰਾਂ ਵਿਚ ਰਹਿੰਦੇ ਹਨ।

## ਗੁਰਦੁਆਰਾ ਐਕਟ 'ਚ ਤਰਮੀਮ ਲਈ ਕੇਂਦਰ ਨੂੰ ਯਾਦ ਪੱਤਰ

ਚੰਡੀਗੜ੍ਹ—ਪੰਜਾਬ ਸਰਕਾਰ ਦੇ ਮੁਖ ਚੋਣ ਅਧਿਕਾਰੀ ਨੇ ਕੇਂਦਰੀ ਸਰਕਾਰ ਨੂੰ ਮੁੜ ਯਾਦ ਪੱਤਰ ਭੇਜਿਆ ਹੈ ਜਿਸ ਵਿਚ ਪੰਜਾਬ ਗੁਰਦੁਆਰਾ ਐਕਟ ਅਧੀਨ ਨਿਯਮਾਂ ਵਿਚ ਸੋਧ ਦੀ ਪ੍ਰਵਾਨਗੀ ਮੰਗੀ ਗਈ ਹੈ ਤਾਂ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਕਰਾਉਣ ਲਈ ਨਵੀਂ ਹਲਕਾਬੰਦੀ ਅਤੇ ਵੋਟਰ ਸੂਚੀਆਂ ਤਿਆਰ ਕਰਾਈਆਂ ਜਾਣ । ਇਹ ਕਾਰਵਾਈ ਰਾਜਪਾਲ ਬੀ. ਡੀ. ਪਾਂਡੇ ਦੀ ਹਦਾਇਤ ਉਤੇ ਕੀਤੀ ਗਈ ਹੈ ਜਿਨ੍ਹਾਂ ਨੇ ਚੋਣ ਵਿਭਾਗ ਨੂੰ ਕਿਹਾ ਹੈ ਕਿ ਉਹ ਸ਼ਰੋਮਣੀ ਕਮੇਟੀ ਦੀਆਂ ਚੋਣਾਂ ਨਿਸ਼ਚਤ ਸਮੇਂ ਉਤੇ ਕਰਾਉਣ ਲਈ ਮੁਢਲੀਆਂ ਤਿਆਰੀਆਂ ਕਰੇ ਪਰ ਕੇਂਦਰੀ ਸਰਕਾਰ ਇਸ ਸਬੰਧ ਵਿਚ ਖਾਮੋਸ਼ ਬੈਠੀ ਹੋਈ ਹੈ ।

ਚੋਣ ਵਿਭਾਗ ਨੇ ਕੇਂਦਰ ਨੂੰ ਨਿਯਮਾਂ ਵਿਚ ਸੋਧ ਲਈ ਭੇਜੀਆਂ ਤਜਵੀਜ਼ਾਂ ਵਿਚ ਲਿਖਿਆ ਹੈ ਕਿ ਚਾਰਾਂ ਰਾਜਾਂ ਪੰਜਾਬ, ਹਿਮਾਚਲ, ਹਰਿਆਣਾ ਅਤੇ ਚੰਡੀਗੜ੍ਹ ਦੇ ਹਲਕੇ ਵੱਖ ਵੱਖ ਕਰ ਦਿਤੇ ਜਾਣ ਤਾਂ ਜੋ ਚੋਣਾਂ ਵਿਚ ਕਠਿਨਾਈ ਨਾ ਆਵੇ ਅਤੇ ਪੰਜਾਬ ਵਿਚ ਅਤੇ ਕੁਝ ਦੂਜੇ ਰਾਜਾਂ ਵਿਚ ਨਹੀਂ ਹੋਣਾ ਚਾਹੀਦਾ । ਕਿਸੇ ਵੀ ਹਲਕੇ ਦਾ ਕੁਝ ਹਿੱਸਾ ਇਹ ਵੀ ਤਜਵੀਜ਼ ਕੀਤਾ ਹੈ ਕਿ ਸ਼ਰੋਮਣੀ ਕਮੇਟੀ ਦੇ ਚੁਣੇ ਹੋਏ ਮੈਂਬਰਾਂ ਦੀ ਗਿਣਤੀ 141 ਕੀਤੀ ਜਾਵੇ ਜਿਨ੍ਹਾਂ ਵਿਚੋਂ 131 ਪੰਜਾਬ, 8 ਹਰਿਆਣਾ, ਇਕ ਹਿਮਾਚਲ ਅਤੇ ਇਕ ਚੰਡੀਗੜ੍ਹ ਤੋਂ ਚੁਣਿਆ ਜਾ ਸਕੇ ।

ਉਧਰ ਸੁਪਰੀਮਕੋਰਟ ਵਿਚ ਪੰਜਾਬ ਗੁਰਦੁਆਰਾ ਐਕਟ ਨੂੰ ਖਤਮ ਕਰਨ ਸਬੰਧੀ ਤਿੰਨ ਸਿੱਖਾਂ ਵਲੋਂ ਕੀਤੀ ਰਿਟ ਦਾ ਮਾਮਲਾ ਉਸ ਤੇ ਸਮੇਂ ਦਿਲਚਸਪ ਸੂਰਤ ਧਾਰਨ ਕਰ ਗਿਆ ਜਦੋਂ ਪਿਛਲੀ ਪੇਸ਼ੀ 'ਤੇ ਬਿਨੈਕਾਰਾਂ ਦੇ ਦੋ ਵਕੀਲ ਡੀ. ਡੀ. ਸ਼ਰਮਾ ਅਤੇ ਰਵਿੰਦਰ ਜੈਨ ਸੁਪਰੀਮ ਕੋਰਟ ਵਿਚ ਆਪਸ ਵਿਚ ਹੀ ਉਲਝ ਪਏ । ਸ੍ਰੀ ਸ਼ਰਮਾ ਨੇ ਬਿਨੈਕਾਰਾਂ ਦੇ ਲਿਖਤੀ ਪੱਤਰ ਪੇਸ਼ ਕਰਕੇ ਰਿਟ ਵਾਪਸ ਲੈਣ ਦੀ ਬੇਨਤੀ ਕੀਤੀ ਪਰ ਸ੍ਰੀ ਰਵਿੰਦਰ ਜੈਨ ਜਿਨ੍ਹਾਂ ਇਹ ਰਿਟ ਦਾਖਲ ਕੀਤੀ ਸੀ, ਨੇ ਰਿਟ ਵਾਪਸ ਲੈਣ ਤੋਂ ਇਨਕਾਰ ਕਰ ਦਿਤਾ ਤੇ ਕਿਹਾ ਕਿ ਸ਼ਰਮਾ ਨੇ ਰਿਟ ਵਾਪਸ ਲੈਣ ਦੀ ਗੱਲ ਕੋਲੋਂ ਘੜੀ ਹੈ । ਇਕੋ ਪੱਖ ਦੇ ਦੋਵਾਂ ਵਕੀਲਾਂ ਦੇ ਗੁੱਥਮਗੁੱਥਾ ਹੋਣ ਦੇ ਡਰੋਂ ਫਾਜ਼ਲ ਜੱਜ ਨੇ ਕੇਸ ਦੀ ਅਗਲੀ ਤਾਰੀਖ 19 ਜਨਵਰੀ ਪਾ ਦਿਤੀ ਹੈ । ਇਸ ਕੇਸ ਦੇ ਜਵਾਬੀ ਦਾਅਵੇ ਵਿਚ ਪੰਜਾਬ ਸਰਕਾਰ ਅਤੇ ਹਿਮਾਚਲ ਸਰਕਾਰ ਦੋਵਾਂ ਨੇ ਗੁਰਦੁਆਰਾ ਐਕਟ ਕਾਇਮ ਰੱਖਣ ਉਤੇ ਜ਼ੋਰ ਦਿਤਾ ।



ਗੁਰੂ ਨਾਨਕ ਨਿਵਾਸ ਛੱਡਣ ਤੋਂ ਪਹਿਲਾਂ ਸੰਤ ਭਿੰਡਰਾਂਵਾਲਾ ਗੁਰੂ ਨਾਨਕ ਨਿਵਾਸ ਦੀ ਛੱਤ ਉਤੇ

## ਦਰਬਾਰ ਸਾਹਿਬ ਵਿਚ ਤਣਾਅ ਦਾ ਵਾਤਾਵਰਨ ਹੈ ਪਰ ਚੁੱਪ ਵੀ ਹੈ।

ਅੰਮ੍ਰਿਤਸਰ — ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਹਨਾ ਦੇ ਚੇਲਿਆਂ ਨੇ ਗੁਰੂ ਨਾਨਕ ਨਿਵਾਸ ਛੱਡ ਕੇ ਅਕਾਲ ਤਖਤ ਉਤੇ ਜਾ ਟਿਕਣ ਦੀ ਨਾਟਕੀ ਘਟਨਾ ਪਿਛੋਂ ਦਰਬਾਰ ਸਾਹਿਬ ਵਿਚ ਬੇਚੈਨੀ ਭਰੀ ਚੁੱਪ ਦਾ ਮਾਹੌਲ ਛਾਇਆ ਹੋਇਆ ਹੈ।

ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਇਹ ਖਬਰ ਮਿਲਦਿਆਂ ਸਾਰ ਹੀ ਵਾਪਸ ਅੰਮ੍ਰਿਤਸਰ ਪਰਤ ਆਏ ਸਨ। ਉਹਨਾ ਨੇ ਪਹਿਲਾਂ ਸਵੇਰ ਵੇਲੇ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਅਤੇ ਸ਼ਾਮ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਗਲਬਾਤ ਕੀਤੀ। ਪਰ ਉਹਨਾਂ ਨੇ ਪੱਤਰਕਾਰਾਂ ਨੂੰ ਇਹਨਾਂ ਮੁਲਾਕਾਤਾਂ ਦਾ ਕੋਈ ਵੇਰਵਾ ਨਹੀਂ ਦਸਿਆ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਚੇਲੇ ਖਾਸ ਤੌਰ ਤੇ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਮੈਂਬਰ ਅਕਾਲ ਤਖਤ ਦੇ ਕਮਰਿਆਂ ਵਿਚ ਜਾ ਟਿਕੇ ਹਨ । ਤਾਂ ਵੀ ਸੰਤ ਭਿੰਡਰਾਂਵਾਲੇ ਨੇ ਆਪਣੇ ਸਮਰਥਕਾਂ ਨਾਲ ਰੋਜ਼ਾਨਾ ਗਲਬਾਤ ਲਈ ਗੁਰੂ ਰਾਮਦਾਸ ਲੰਗਰ ਦੀ ਸਭ ਤੋਂ ਉਤਲੀ ਮੰਜ਼ਲ ਦੀ ਛੱਤ ਨੂੰ ਚੁਣਿਆ ਹੈ। ਪਤਰਕਾਰਾਂ ਨੇ ਭਿੰਡਰਾਂਵਾਲੇ ਨੂੰ ਪੁਛਿਆ ਕਿ ਜੇ ਜਥੇਦਾਰ ਟੌਹੜਾ ਉਹਨਾ ਨੂੰ ਮੁੜਕੇ ਗੁਰੂ ਨਾਨਕ ਨਿਵਾਸ ਵਿਚ ਪਰਤ ਜਾਣ ਦੀ ਬੇਨਤੀ ਕਰਨ ਤਾਂ ਕੀ ਉਹ ਵਾਪਸ ਪਰਤ ਜਾਣਗੇ। ਉਹਨਾਂ ਸਪਸ਼ਟ ਲਫਜ਼ਾਂ ਵਿਚ ਇਨਕਾਰ ਕੀਤਾ। ਭਾਵੇਂ ਸੰਤ ਲੌਂਗੋਵਾਲ ਸਮੇਤ ਬਹੁਤੇ ਆਗੂ ਇਸ ਬਾਰੇ ਕੁਝ ਨਹੀਂ ਆਖ ਰਹੇ ਪਰ ਸੰਤ ਭਿੰਡਾਂਾਵਾਲੇ ਨੇ ਕਿਸੇ ਦਾ ਨਾਂਅ ਲਏ ਬਿਨਾਂ ਕੁਝ 'ਅੰਸ਼ਾਂ' ਉਤੇ ਦੋਸ਼ ਲਾਇਆ ਹੈ ਕਿ ਉਹ ਦਰਬਾਰ ਸਾਹਿਬ ਵਿਚ ਟਕਰਾ ਪੈਦਾ ਕਰਕੇ ਪੁਲੀਸ ਦੇ ਦਾਖਲੇ ਲਈ ਰਾਹ ਪੱਧਰਾ ਕਰ ਰਹੇ ਹਨ।

## ਪਾਕਿ ਦੇ ਗੁਰਧਾਮਾਂ ਦੇ ਦਰਸ਼ਨ ਕਰਨ ਲਈ ਜਥੇ ਭੇਜਣ ਵੇਲੇ ਸਾਨੂੰ ਵੀ ਪ੍ਰਤੀਨਿਧਤਾ ਦਿਓ

### ਸਹਿਜਧਾਰੀ ਸਿਖਾਂ ਵਲੋਂ ਸ਼ਰੋਮਣੀ ਕਮੇਟੀ ਤੋਂ ਮੰਗ

ਪਟਿਆਲਾ—ਸਰਬ ਹਿਂਦ ਸਹਿਜਧਾਰੀ ਸਿਖ ਐਸੋਸੀਏਸ਼ਨ ਨੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜ: ਗੁਰਚਰਨ ਸਿੰਘ ਟੌਹੜਾ ਤੋਂ ਮੰਗ ਕੀਤੀ ਹੈ ਕਿ ਪਾਕਿਸਤਾਨ ਵਿਖੇ ਰਹਿ ਗਏ ਗੁਰਧਾਮਾਂ ਦੀ ਯਾਤਰਾ ਵਿਚ ਜਥੇ ਭੇਜਣ ਸਮੇਂ ਵਿਸ਼ਵ ਭਰ ਦੇ ਸਹਿਜਧਾਰੀ ਸਿਖਾਂ ਨੂੰ ਵੀ ਪੂਰੀ ਪ੍ਰਤੀਨਿਧਤਾ ਦਿਤੀ ਜਾਵੇ । ਜਥੇ ਦਾ ਜੇਕਰ ਲੀਡਰ ਪੂਰਨ ਸਿਖ ਹੋਵੇ ਤੇ ਡਿਪਟੀ ਲੀਡਰ ਸਹਿਜਧਾਰੀ ਸਿਖ ਨੂੰ ਥਾਪਿਆ ਜਾਵੇ, ਕਿਉਂਕਿ ਵਿਸ਼ਵ ਭਰ ਵਿਚ ਰਹਿਣ ਵਾਲੇ ਗੁਰੂ ਸਾਹਿਬਾਨ ਦੇ ਨਾਮ ਲੇਵਾ ਸਹਿਜਧਾਰੀ ਸਿਖ ਇਹ ਮਹਿਸੂਸ ਕਰਦੇ ਹਨ ਕਿ ਪਾਕਿਸਤਾਨ ਵਿਚ ਜਥੇ ਭੇਜਣ ਵੇਲੇ ਸਹਿਜਧਾਰੀ ਸਿਖਾਂ ਨੂੰ ਅਖੋਂ ਉਹਲੇ ਕੀਤਾ ਜਾਂਦਾ ਹੈ । ਸਹਿਜਧਾਰੀ ਸਿਖ ਗੁਰਬਾਣੀ ਤੇ ਇਤਨਾ ਵਿਸ਼ਵਾਸ਼ ਰਖਦੇ ਹਨ ਕਿ ਹਰ ਕੰਮ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਸਰਾ ਲੈ ਕੇ ਆਰੰਭ ਕਰਦੇ ਹਨ । ਸਹਿਜਧਾਰੀ ਸਿਖ ਐਸੋਸੀਏਸ਼ਨ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਦਾ ਮਸਲਾ ਤੁਰੰਤ ਹਲ ਕੀਤਾ ਜਾਵੇ ਤੇ ਫੁਟ ਪਾਉਣ ਵਾਲੇ ਤਤਾਂ ਵਿਰੁਧ ਸਖਤ ਕਾਰਵਾਈ ਕੀਤੀ ਜਾਵੇ । ਇਹ ਵੀ ਕਿਹਾ ਹੈ ਕਿ ਲਗਬਾਤ ਰਾਹੀਂ ਹੀ ਇਹ ਮਸਲਾ ਹਲ ਹੋ ਸਕਦਾ ਹੈ ।

## ਕਤਲ ਦਾ ਕਾਰਨ ਬਣ ਗਿਆ "ਗਲਾਸ ਦਾ ਟੁੱਟ ਜਾਣਾ"

ਅੰਮ੍ਰਿਤਸਰ — ਇਥੋਂ ਦੇ ਥਾਣਾ ਸਦਰ ਦੀ ਆਬਾਦੀ ਗੁਰੂ ਨਾਨਕ ਬਾੜਾ ਵਿਚ ਇਕ ਵਿਅਕਤੀ ਸੁਰਿੰਦਰ ਕੁਮਾਰ ਦਾ ਕਤਲ ਹੋ ਗਿਆ ਹੈ । ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਸੁਰਿੰਦਰ ਕੁਮਾਰ ਆਪਣੇ ਤਿੰਨ ਹੋਰ ਸਾਥੀਆਂ ਨਾਲ ਸ਼ਰਾਬ ਪੀ ਰਿਹਾ ਸੀ ਕਿ ਸ਼ਰਾਬੀ ਹਾਲਤ ਵਿਚ ਉਸਨੇ ਗਲਾਸ ਤੋੜ ਦਿੱਤਾ ਜਿਸ ਤੇ ਉਸ ਦੇ ਸਾਥੀਆਂ ਨੇ ਕਰੋਧ ਵਿਚ ਆਕੇ ਉਸਨੂੰ ਕੁਟਣਾ ਸ਼ੁਰੂ ਕਰ ਦਿੱਤਾ ਅਤੇ ਉਸ ਦੇ ਸਿਰ ਵਿਚ ਇਟ ਮਾਰ ਕੇ ਗਲਾਸ ਵਾਂਗੂੰ ਸਿਰ ਵੀ ਭੰਨ ਦਿੱਤਾ। ਉਹ ਥਾਂ ਤੇ ਹੀ ਢੇਰੀ ਹੋ ਗਿਆ । ਥਾਣਾ ਸਦਰ ਨੇ 304 ਆਈ.ਪੀ.ਸੀ.ਅਧੀਨ ਕੇਸ ਦਰਜ ਕਰ ਲਿਆ ਹੈ।

## ਪਾਕਿਸਤਾਨ ਨੂੰ ਪਾਣੀ ਜਾਣਾ ਜਾਰੀ

ਨਵੀਂ ਦਿੱਲੀ—ਸਤਲੁਜ ਬਿਆਸ ਦਰਿਆਵਾਂ ਦਾ 14.5 ਲੱਖ ਏਕੜ ਫੁੱਟ ਪਾਣੀ ਪਿਛਲੇ ਤਿੰਨ ਸਾਲਾਂ ਦੌਰਾਨ ਹਰ ਸਾਲ ਪਾਕਿਸਤਾਨ ਨੂੰ ਜਾਂਦਾ ਰਿਹਾ ਹੈ । ਬਹੁਤਾ ਪਾਣੀ ਮੌਨਸੂਨ ਦੇ ਮੌਸਮ ਦੌਰਾਨ ਜਾਂਦਾ ਹੈ । ਇਹ ਗੱਲ ਸਿੰਜਾਈ ਰਾਜ ਮੰਤਰੀ ਰਾਮ ਨਿਵਾਸ ਮਿਰਧਾ ਨੇ ਰਾਜ ਸਭਾ ਵਿਚ ਦੱਸੀ ।

ਉਨ੍ਹਾਂ ਇਕ ਸਵਾਲ ਦੇ ਲਿਖਤੀ ਜਵਾਬ ਵਿਚ ਕਿਹਾ ਕਿ ਸਤਲੁਜ ਯਮਨਾ ਲਿੰਕ ਨਹਿਰ ਅਤੇ ਰਾਜਸਥਾਨ ਨਹਿਰ ਪ੍ਰਾਜੈਕਟ ਦੀ ਉਸਾਰੀ ਮਗਰ ↗

## ਫਿਰੋਜ਼ਪੁਰ ਸ਼ਹਿਰ ਤੇ ਛਾਉਣੀ 'ਚ ਪਏ ਡਾਕਿਆਂ ਦੇ ਸਬੰਧ 'ਚ 20 ਵਿਅਕਤੀਆਂ ਤੋਂ ਪੁਛ-ਗਿਛ

ਫੀਰੋਜ਼ਪੁਰ—ਪਿਛਲੇ ਦਿਨੀਂ ਇਥੇ ਕਰਿਆਨਾ ਮਰਚੈਂਟ ਸ੍ਰੀ ਰਾਮ ਸਰਨ ਦੀ ਦੁਕਾਨ ਤੇ ਪਏ ਡਾਕੇ ਦੇ ਸਬੰਧ ਵਿਚ ਪੁਲੀਸ ਹੁਣ ਤਕ 20 ਵਿਅਕਤੀਆਂ ਤੋਂ ਪੁਛ ਗਿੱਛ ਕਰ ਚੁਕੀ ਹੈ । ਇਹ ਜਾਣਕਾਰੀ ਦਿੰਦਿਆਂ ਇਕ ਸਰਕਾਰੀ ਬੁਲਾਰੇ ਨੇ ਦਸਿਆ ਕਿ ਅਜੇ ਤਕ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ । ਬੁਲਾਰੇ ਨੇ ਆਸ ਪਰਗਟ ਕੀਤੀ ਕਿ ਦੋਸ਼ੀਆਂ ਬਾਰੇ ਛੇਤੀ ਹੀ ਪਤਾ ਲਗ ਜਾਏਗਾ । ਉਪਰੋਕਤ ਦੁਕਾਨਦਾਰ ਕੋਲੋਂ ਤਿੰਨ ਵਿਅਕਤੀਆਂ ਨੇ ਪਿਸਤੌਲ ਦੀ ਨੋਕ ਤੇ 900 ਰੁਪੈ ਖੋਹ ਲਏ ਸਨ । ਪਿਛਲੇ ਮੰਗਲਵਾਰ ਫੀਰੋਜ਼ਪੁਰ ਛਾਉਣੀ ਵਿਚ ਇਕ ਸ਼ਰਾਬ ਦੇ ਠੇਕੇ ਤੋਂ 2600 ਰੁਪੈ ਲੁਟ ਲਏ ਗਏ ਸਨ । ਇਸ ਸਬੰਧ ਵਿਚ ਵੀ ਦੋਸ਼ੀ ਗ੍ਰਿਫਤਾਰ ਨਹੀਂ ਕੀਤੇ ਜਾ ਸਕੇ । ਇਹ ਖੋਹ ਬੰਦੂਕ ਦੀ ਨੋਕ ਤੇ ਕੀਤੀ ਗਈ ਸੀ ।

ਪਾਕਿਸਤਾਨ ਨੂੰ ਜਾਣ ਵਾਲਾ ਪਾਣੀ ਰੋਕਿਆ ਜਾ ਸਕੇਗਾ । ਉਨ੍ਹਾਂ ਹੋਰ ਕਿਹਾ ਕਿ ਲਿੰਕ ਨਹਿਰ ਦਾ ਹਰਿਆਣਾ ਵਾਲਾ ਹਿਸਾ ਮੁਕੰਮਲ ਹੋ ਚੁੱਕਿਆ ਹੈ ਪਰ ਪੰਜਾਬ 'ਚ ਅਜੇ ਅਧੂਰਾ ਹੈ ।

# ਜਥੇਦਾਰ ਸੁਖਦੇਵ ਸਿੰਘ ਨੂੰ ਸਾਡੇ ਹਵਾਲੇ ਕਰੋ

ਅੰਮ੍ਰਿਤਸਰ—ਇਥੇ ਸ੍ਰੀ ਅਜੈਪਾਲ ਸਿੰਘ ਨੇ ਮਾਨ, ਸੀਨੀਅਰ ਸੁਪਰਡੈਂਟ ਪੁਲੀਸ ਨੇ ਗੁਰਮੁਖੀ ਵਿਚ ਲਿਖੇ ਇਕ ਪਤਰ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਕਿਹਾ ਕਿ ਜਥੇਦਾਰ ਸੁਖਦੇਵ ਸਿੰਘ, ਬਬਰ ਖਾਲਸਾ ਮੁਖੀ ਨੂੰ ਪੁਲਸ ਦੇ ਹਵਾਲੇ ਕਰ ਦਿੱਤਾ ਜਾਵੇ। ਕਿਉਂਕਿ ਜਥੇਦਾਰ ਸੁਖਦੇਵ ਸਿੰਘ ਨੇ ਇਕ ਪੱਤਰਕਾਰ ਨੂੰ ਦਿੱਤੇ ਬਿਆਨ ਵਿਚ ਇਹ ਮੰਨਿਆ ਹੈ ਕਿ 35 ਨਿਰੰਕਾਰੀਆਂ ਦਾ ਕਤਲ ਅਤੇ ਤਲਵੰਡੀ ਸਾਬੋ ਦੇ ਇਕ ਹਥਿਆਰਾਂ ਦੀ ਦੁਕਾਨ ਤੇ ਲੁੱਟ ਦੀ ਜ਼ਿੰਮੇਵਾਰੀ ਇਨ੍ਹਾਂ ਦੀ ਹੀ ਸੰਸਥਾ ਦੇ ਸਿਰ ਹੈ।

# ਗੁਰੂ ਘਰ ਡੈਲਟਾ-ਸਰੀ ਦੇ ਆਉਂਦੇ ਪਰੋਗਰਾਮ

ਗੁਰੂ ਨਾਨਕ ਸਿਖ ਟੈਂਪਲ ਡੈਲਟਾ-ਸਰੀ ਵਿਖੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸ਼ਮੇਸ਼ ਪਿਤਾ ਦੇ ਜੀਵਨ ਸਬੰਧੀ ਸ਼ਬਦ ਕੀਰਤਨ ਰਾਹੀਂ ਗੁਰਬਾਣੀ ਦੇ ਅਧਾਰ ਤੇ ਵਿਆਖਿਆ ਕਰਦੇ ਹੋਏ ਹਰ ਰੋਜ਼ ਸ਼ਾਮ ਨੂੰ ਦੀਵਾਨ ਸਜ ਰਹੇ ਹਨ। ਜਿਸ ਵਿਚ ਕੀਰਤਨ ਭਾਈ ਬਲਵਿੰਦਰ ਸਿੰਘ ਰੰਗੀਲਾ ਦਾ ਜਥਾ ਕਰੇਗਾ। ਗੁਰੂ ਉਪਦੇਸ਼ ਤੇ ਗੁਰੂ ਸਾਹਿਬਾਨ ਦੀ ਲਾਸਾਨੀ ਕੁਰਬਾਨੀ, ਸਰਬੰਸ ਵਾਰ ਕੇ ਮਨੁੱਖਤਾ ਦਾ ਸਿਰ ਉਚਾ ਕੀਤਾ, ਢਠਿਆਂ ਨੂੰ ਉਠਾਇਆ ਨਿਆਸਰਿਆਂ ਨੂੰ ਐਸਾ ਆਸਰਾ ਦਿਤਾ ਕਿ ਜਦ ਇਹ ਸ਼ੇਰ ਮਰਦ ਮੈਦਾਨੇ ਜੰਗ ਵਿਚ ਉਤਰੇ ਤਾਂ ਵੱਡੇ ਵੱਡੇ ਖਬੀ ਖਾਨ ਜਰਨੈਲ ਇਹਨਾਂ ਸੰਤ ਸਿਪਾਹੀਆਂ ਅਗੇ ਥਰ ਥਰ ਕੰਬਣ ਲਗੇ।

ਸੇਵਾ ਦੇ ਸਹੀ ਅਰਥ ਭਾਈ ਘਨ੍ਹਈਆਂ ਜੀ ਨੂੰ ਗਲਵਕੜੀ ਵਿਚ ਲੈ ਕੇ ਕਿਹਾ ਕਿ ਮੇਰੀ ਗੱਲ ਤੂੰ ਹੀ ਸਮਝੀ ਹੈ। ਆਪਣੇ ਸਿੱਖਾਂ ਨੂੰ ਐਨਾਂ ਮਾਣ ਦਿਤਾ "ਇਨ੍ਹੀ ਕੀ ਕ੍ਰਿਪਾ ਸੇ ਸਜੇ ਹਮ ਹੈਂ" ਨਿਰੇ ਪੁਰੇ ਬਾਣਾ ਪਹਿਨ ਕੇ ਗੁਰੂ ਜੀ ਦੇ ਅਸੂਲਾਂ ਨੂੰ ਨਾ ਮੰਨਣ ਵਾਲੇ ਭੇਖ ਧਾਰੀ ਮਸੰਦਾਂ ਨੂੰ ਇਬਰਤਨਾਕ ਸਜਾ ਦਿਤੀ ਸਾਹਿਬਾਂ ਨੇ ਫੁਰਮਾਨ ਸਮਝਾਏ :

ਭੇਖ ਦਿਖਾਇ ਜਗਤ ਕੋ
ਲੋਗਨ ਕੋ ਬਸਿ ਕੀਨ,
ਅੰਤ ਕਾਲਿ ਕਾਤੀ ਕਟਯੋ
ਬਾਸੁ ਨਰਕ ਮੇ ਲੀਨ

ਸੋ ਸਾਧ ਸੰਗਤ ਜੀ ਬੇਨਤੀ ਹੈ 6-7-8 ਤਾਰੀਖ ਨੂੰ ਗੁਰੂ ਸਾਹਿਬ ਦੇ ਚਾਰੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਪੁਰਬ ਅਤੇ 13-14-15 ਜਨਵਰੀ 1984 ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਦਿਹਾੜਾ ਮਨਾਇਆ ਜਾ ਰਿਹਾ ਹੈ। ਗੁਰੂ ਘਰ ਦਰਸ਼ਨ ਦੇ ਕੇ ਧੰਨਵਾਦੀ ਬਣਾਉ।

ਗੁਰੂ ਘਰ ਦੇ ਸੇਵਾਦਾਰ
ਗੁਰੂ ਨਾਨਕ ਸਿਖ ਟੈਂਪਲ ਡੈਲਟਾ-ਸਰੀ

# ਘੱਲੂਘਾਰਾ : ਧੀਰ ਮੱਲੀਆਂ ਦਾ ਕਾਰਾ

## ਝੂਠੇ ਲੇਖ ਦਾ ਖੰਡਨ

### ਪ੍ਰਬੰਧਕ ਕਮੇਟੀ ਸਿੱਖ ਸੁਸਾਇਟੀ, ਵਿਨੀਪੈਗ

ਵੈਨਕੂਵਰ ਤੋਂ ਛੱਪਣ ਵਾਲੇ ਇਕ ਅਖਬਾਰ ਵਿਚ 'ਘੱਲੂਘਾਰਿਆਂ ਦਾ ਆਰੰਭ' ਲੇਖ ਛਪਿਆ ਹੈ। ਇਸ ਲੇਖ ਵਿਚ ਦੱਸਿਆ ਗਿਆ ਹੈ ਕਿ ਪਹਿਲੀ ਅਕਤੂਬਰ 1983 ✱ ਜਿਸ ਦਿਨ ਭਾਰਤੀ ਕਾਨਸਲ ਮਿਸਟਰ ਮਲਕ ਦਾ ਸਿਖ ਸੁਸਾਇਟੀ ਆਫ ਮਨਿਟੋਬਾ, ਵਿਨੀਪੈਗ, ਦੇ ਗੁਰਦੁਆਰੇ ਆਉਣ ਦਾ ਪਰੋਗਰਾਮ ਸੀ ਤਾਂ ਸਥਾਨਕ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਕੇਵਲ ਸਿੰਘ, ਆਪਣੇ 30-35 ਸਿਰਲੱਥ ਸਿੰਘਾਂ ਸਮੇਤ ਕਾਲੀਆਂ ਝੰਡੀਆਂ ਨਾਲ ਪਰਦਰਸ਼ਨ ਕਰਨ ਲਈ ਓਥੇ ਪੁੱਜੇ ਤਾਂ ਉਸ ਸਮੇਂ, ਥੱਲੇ ਅੰਕਿਤ ਘਟਨਾਵਾਂ ਹੋਈਆਂ ;

(1) ਸਿੱਖ ਸੁਸਾਇਟੀ ਦੇ ਪ੍ਰਧਾਨ ਸ. ਲਾਹੌਰਾ ਸਿੰਘ ਨੇ ਜਥੇਦਾਰ ਕੇਵਲ ਸਿੰਘ ਨੂੰ ਗੁਰਦੁਆਰਾ ਅੰਦਰ ਮੱਥਾ ਟੇਕਣ ਤੋਂ ਰੋਕਿਆ।

(2) ਜਥੇਦਾਰ ਕੇਵਲ ਸਿੰਘ ਨੂੰ ਗੁਰਦੁਆਰਾ ਚੋਂ ਕੱਢਣ ਲਈ ਧੱਕੇ ਮਾਰੇ ਗਏ।

(3) ਸ. ਲਾਹੌਰਾ ਸਿੰਘ ਜਥੇਦਾਰ ਕੇਵਲ ਸਿੰਘ ਦੀ ਦਸਤਾਰ ਨੂੰ ਝਪਟਿਆ।

ਅਸੀਂ ਥੱਲੇ ਦਸਤਖਤ ਕਰਨ ਵਾਲੇ ਵਿਅਕਤੀ ਇਸ ਦੇਸ਼ ਦੇ ਸਿੱਖਾਂ ਨੂੰ ਦੱਸਦੇ ਹਾਂ ਕਿ ਉਪਰ ਅੰਕਿਤ ਗੱਲਾਂ ਵਿਚ ਕੋਈ ਸਚਾਈ ਨਹੀਂ ਹੈ। ਇਹ ਸਭ ਗੁਰੂ ਘਰ ਦੇ ਦੋਖੀਆਂ ਵਲੋਂ ਉਡਾਈਆਂ ਜਾਂ ਰਹੀਆਂ ਅਫਵਾਹਾਂ ਹਨ।

ਪਹਿਲੀ ਅਕਤੂਬਰ 1983, ਜਾਂ ਉਸ ਤੋਂ ਕਦੇ ਅੱਗੇ ਜਾਂ ਪਿਛੋਂ, ਭਾਰਤੀ ਕਾਨਸਲ ਮਿਸਟਰ ਮਲਕ, ਸਿੱਖ ਸੁਸਾਇਟੀ ਦੇ ਗੁਰਦੁਆਰੇ ਨਹੀਂ ਆਏ। ਅਸੀਂ ਇਹ ਵੀ ਦੱਸਣਾ ਚਾਹੁੰਦੇ ਹਾਂ ਕਿ ਵਿਨੀਪੈਗ ਵਿਚ ਦੋ ਮੁੱਖ ਗੁਰਦੁਆਰੇ ਹਨ, ਇਕ ਸਿੱਖ ਸੁਸਾਇਟੀ ਦਾ ਅਤੇ ਦੂਜਾ ਸਿੰਘ ਸਭਾ ਦਾ। ਜਥੇਦਾਰ ਕੇਵਲ ਸਿੰਘ ਜੋ ਇਕ ਅੰਮ੍ਰਿਤਧਾਰੀ ਸਿੱਖ ਹਨ, ਪਿਛਲੇ ਸੱਤ ਸਾਲਾਂ ਤੋਂ ਸਿੰਘ ਸਭਾ ਦੇ ਗੁਰਦੁਆਰਾ ਅੰਦਰ ਸਕੱਤਰ ਦੀ ਡਿਊਟੀ ਨਿਭਾਉਂਦੇ ਆ ਰਹੇ ਹਨ।

### ਸਾਂਝਾ ਬਿਆਨ

ਸਿੱਖ ਸੁਸਾਇਟੀ, ਵਿਨੀਪੈਗ, ਦੇ ਪ੍ਰਬੰਧਕ ਉਪਰ ਅੰਕਿਤ ਲਿਖਤ ਲੈ ਕੇ, 11 ਦਸੰਬਰ ਵਾਲੇ ਦਿਨ, ਸਿੰਘ ਸਭਾ ਵਿਨੀਪੈਗ ਦੇ ਗੁਰਦੁਆਰੇ ਵਿਚ, ਸਰਦਾਰ ਕੇਵਲ ਸਿੰਘ ਨੂੰ ਮਿਲੇ। ਉਹਨਾਂ ਸ. ਕੇਵਲ ਸਿੰਘ ਨੂੰ ਬੇਨਤੀ ਕੀਤੀ ਕਿ ਲੇਖ 'ਘਲੂਘਾਰਿਆਂ ਦਾ ਆਰੰਭ' (ਅਕਤੂਬਰ 28/83) ਦਾ ਸਾਂਝੇ ਬਿਆਨ ਦੁਆਰਾ ਖੰਡਨ ਕੀਤਾ ਜਾਏ। ਸ. ਕੇਵਲ ਸਿੰਘ ਨੇ ਆਪਣੀ ਸੁਹਰਦਤਾ ਦਾ ਸਬੂਤ ਦੇਂਦੇ ਹੋਏ, ਸਿੱਖ ਸੁਸਾਇਟੀ ਵਲੋਂ ਤਿਆਰ ਕੀਤੀ ਲਿਖਤ ਦੇ ਥੱਲੇ ਦੋ ਵਾਕਾਂ ਦਾ ਵਾਧਾ ਕਰਕੇ, ਆਪਣੇ ਦਸਤਖਤ ਕਰ ਦਿੱਤੇ। ਉਹਨਾਂ ਦੇ ਨਾਲ ਹੀ, ਸ. ਲਾਹੌਰਾ ਸਿੰਘ ਨੇ ਆਪਣੇ ਹਸਤਾਖਰ ਪਾ ਦਿੱਤੇ। ਸ. ਕੇਵਲ ਸਿੰਘ ਵਲੋਂ ਲਿਖੇ ਦੋ ਵਾਕ ਥੱਲੇ ਦਿਤੇ ਜਾਂਦੇ ਹਨ :

"ਇਹਨਾਂ ਤਿੰਨ(ਉਪਰ ਅੰਕਿਤ) ਗੱਲਾਂ ਦੇ ਸਬੰਧ ਵਿਚ ਸਾਡੀ ਏਹੀ ਬੇਨੰਤੀ ਹੈ ਕਿ ਅਸੀਂ ਗੁਰੂ ਘਰਾਂ ਦੇ ਸੇਵਾਦਾਰ ਹਾਂ ਤੇ ਕੈਨੇਡਾ ਦੀ ਸਮੂਹ ਸੰਗਤਾਂ ਦੇ ਪਾਸ ਉਸਰ ਰਹੇ ਸਿੱਖ ਸੁਸਾਇਟੀ ਦੇ ਗੁਰੂ ਘਰ ਵਿਚ ਯੋਗ ਦਾਨ ਪਾਇਆ ਜਾਏ ਤੇ ਸਾਡੇ ਨਿੱਜੀ ਵਖੇੜਿਆਂ ਨੂੰ ਨਾ ਚਤਾਰਦੇ ਹੋਏ ਸਾਨੂੰ ਸਹਿਯੋਗ ਦੇਕੇ ਵਿਨੀਪੈਗ ਦੀ ਸੰਗਤਾਂ ਨੂੰ ਧੰਨਵਾਦੀ ਬਣਾਇਆ ਜਾਏ। ਸਾਡਾ ਦੋਨਾਂ ਦਾ ਆਪਸ ਵਿਚ ਕੋਈ ਮਤਭੇਦ ਨਹੀਂ ਹੈ।"

### ਸੰਗਤ ਦੇ ਧੰਨਵਾਦੀ

ਦਸਤਖਤ
(1) ਕੇਵਲ ਸਿੰਘ
(ਸਕੱਤਰ, ਸਿੰਘ ਸਭਾ, ਵਿਨੀਪੈਗ)

ਦਸਤਖਤ
(2) ਲਾਹੌਰਾ ਸਿੰਘ ਬਰਾੜ
(ਪ੍ਰਧਾਨ ਸਿੱਖ ਸੁਸਾਇਟੀ ਵਿਨੀਪੈਗ)

### ਨੋਟ :


(1) ਖਾਲਸਾ ਜੀ, ਇਸ ਸਮੇਂ ਸਿੱਖ ਸੁਸਾਇਟੀ, ਵਿਨੀਪੈਗ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ, ਇਕ ਬੜਾ ਹੀ ਵਿਸ਼ਾਲ ਤੇ ਸੁੰਦਰ ਗ੍ਰਹਿ ਬਣਾਇਆ ਜਾ ਰਿਹਾ ਹੈ। ਇਸ ਗੱਲ ਨਾਲ ਜਿਥੇ ਆਮ ਸਿੱਖਾਂ ਦੇ ਘਰਾਂ ਵਿਚ ਪ੍ਰਸੰਨਤਾ ਦੀ ਲਹਿਰ ਵਰਤੀ ਹੋਈ ਹੈ, ਓਥੇ ਸ਼ਹਿਰ ਦੇ ਕੁਝ ਧੀਰ ਮੱਲੀਆਂ ਵਲੋਂ ਮਾਤਮ ਮਨਾਇਆ ਜਾ ਰਿਹਾ ਹੈ। ਲੇਖ 'ਘੱਲੂਘਾਰਿਆਂ ਦਾ ਆਰੰਭ' ਕਿਸੇ ਐਸੇ ਹੀ ਦੋਖੀ ਬੇਨਾਮ ਪਤਰ-ਪਰੇਰਕ ਦਾ ਕਾਰਾ ਹੈ।

(2) ਐਸੇ ਗਿਰੇ ਹੋਏ ਪਤਰ ਪਰੇਰਕਾਂ ਤੋਂ ਕਈ ਗੁਣਾਂ ਜ਼ਿਆਦਾ ਜ਼ਿੰਮੇਵਾਰੀ ਉਹਨਾਂ ਮਾਲਕਾਂ ਦੀ ਹੈ ਜੋ ਆਪਣੇ ਅਖਬਾਰਾਂ ਵਿਚ ਗਲਤ ਖਬਰਾਂ ਦੇ ਕੇ ਸ੍ਰੀ ਗੁਰੂ ਨਾਨਕ ਦੇ ਪਵਿੱਤਰ ਘਰਾਂ ਦਾ ਘੋਰ ਅਸਤਿਕਾਰ ਕਰ ਰਹੇ ਹਨ। ਇਹ ਠੀਕ ਹੈ ਕਿ ਉਹ ਇਸ ਨਿਯਮ ਦੀ ਕ੍ਰਿਆ ਨਾਲ ਆਪਣੇ ਅਖਬਾਰਾਂ ਦੀ ਸੇਲ ਵਧਾ ਲੈਂਦੇ ਹਨ, ਪਰ ਉਹਨਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਪਾਪ ਦੀ ਕਮਾਈ ਹੈ। ਇਕ ਆਮ ਆਦਮੀ ਹੋਵੇ ਜਾਂ ਇਕ ਅਖਬਾਰ ਦਾ ਮਾਲਕ, ਪਾਪ ਦੀ ਕਮਾਈ ਸਭ ਲਈ ਵਰਜਤ ਹੈ। ਚੰਗੀ ਮਾੜੀ ਰੋਟੀ ਤਾਂ ਸਭ ਨੂੰ ਮਿਲਦੀ ਹੈ, ਪਾਪ ਦੀ ਕਮਾਈ ਦਾ ਪੈਸਾ ਹਜਮ ਕਰਨਾ ਬਹੁਤ ਸੌਖਾ ਹੈ। ਓ ਅਖਬਾਰਾਂ ਦੇ ਮਾਲਕੋ, ਪ੍ਰਮਾਤਮਾ ਦੇ ਇਨਸਾਫ ਦਾ ਡਰ ਕਰੋ। ਤੁਹਾਨੂੰ ਆਪਣੀਆਂ ਕ੍ਰਿਆਵਾਂ ਦੀ ਸਜਾ ਇਕ ਦਿਨ ਜ਼ਰੂਰ ਭੁਗਤਨੀ ਪਏਗੀ।

✱ ਕਥਿਤ ਤੌਰ ਤੇ ਜਥੇਦਾਰ ਸੁਖਦੇਵ ਸਿੰਘ ਸ੍ਰੀ ਦਰਬਾਰ ਸਾਹਿਬ ਦੀ ਚਾਰ ਦੀਵਾਰੀ ਵਿਚ ਹੀ ਰਹਿ ਰਿਹਾ ਹੈ।

# ਗੁਰੂ ਘਰ ਡੈਲਟਾ-ਸਰੀ ਵਿਚ ਸ਼ਬਦ-ਕੀਰਤਨ ਕਰਦੇ ਪ੍ਰਸਿੱਧ ਕੀਰਤਨੀ ਜਥੇ





# ਲੌਂਗੋਵਾਲ ਦਲ ਦੀ ਉਚੇਚੀ ਮੀਟਿੰਗ ਬਲਾਉਣਗੇ

ਅੰਮ੍ਰਿਤਸਰ—ਪਰਦੇ ਦੇ ਪਿਛੇ "ਗੈਰ-ਪੁਲੀਟੀਕਲ" "ਵਿਚੋਲਿਆਂ" ਵਲੋਂ ਇਹ ਯਤਨ ਕੀਤੇ ਜਾ ਰਹੇ ਹਨ ਕਿ ਸੈਂਟਰ ਨੂੰ ਅਤੇ ਅਕਾਲੀ ਦਲ ਨੂੰ ਗਲਬਾਤ ਕਰਨ ਲਈ ਇਕੱਠੇ ਕੀਤਾ ਜਾਵੇ ਤਾਂ ਕਿ ਪੰਜਾਬ ਦੀ ਬਿਗੜਦੀ ਸਥਿਤੀ ਨੂੰ ਸੁਧਾਰਿਆ ਜਾ ਸਕੇ।

ਇਸ ਲਈ ਜਨਵਰੀ ਦੇ ਪਹਿਲੇ ਹਫਤੇ ਦਲ ਦੇ ਸੀਨੀਅਰ ਮੈਂਬਰਾਂ ਨਾਲ ਸੰਤ ਹਰਚੰਦ ਸਿੰਘ ਲੌਂਗੋਵਾਲ ਇਕ ਉਚੇਚੀ ਮੀਟਿੰਗ ਕਰਨਗੇ।

ਕਥਿਤ ਤੌਰ ਤੇ ਅਕਾਲ ਹਾਈ ਕਮਾਂਡ ਵਲੋਂ ਇਹ ਐਲਾਨ ਕੀਤਾ ਗਿਆ ਹੈ ਕਿ 26 ਜਨਵਰੀ 84 ਮਗਰੋਂ ਪਾਰਟੀ ਦਾ ਪਰੋਗਰਾਮ "ਇਨਕਲਾਬੀ" ਹੋਵੇਗਾ।

# ਇੰਦਰਾ ਗਾਂਧੀ ਪੰਜਾਬ ਮਸਲੇ ਨੂੰ ਉਲਝਾ ਰਹੀ ਹੈ —ਬਾਦਲ ਦਾ ਦੋਸ਼

ਚੰਡੀਗੜ੍ਹ—ਪੰਜਾਬ ਦੇ ਸਾਬਕ ਅਕਾਲੀ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦੋਸ਼ ਲਗਾਇਆ ਹੈ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਜਾਣ-ਬੁਝ ਕੇ ਪੰਜਾਬ ਦੀਆਂ ਸਮੱਸਿਆਵਾਂ ਨੂੰ ਹੱਲ ਨਹੀਂ ਕਰ ਰਹੇ। ਉਨ੍ਹਾਂ ਕਿਹਾ ਕਿ ਇਸ ਕਾਰਨ ਉਲਝਣਾਂ ਹੋਰ ਵਧ ਰਹੀਆਂ ਹਨ ਪਰ ਜਦੋਂ ਤਕ ਕੋਈ ਫੈਸਲਾ ਨਹੀਂ ਹੁੰਦਾ ਤਦ ਤਕ ਅਕਾਲੀ ਦਲ ਦਾ ਮੋਰਚਾ ਜਾਰੀ ਰਹੇਗਾ।

ਇਥੇ ਇਕ ਵਿਸ਼ੇਸ਼ ਮੁਲਾਕਾਤ ਵਿਚ ਸ. ਬਾਦਲ ਨੇ ਕਿਹਾ ਕਿ ਦਲ ਦੀਆਂ ਮੰਗਾਂ ਕਿਸੇ ਹੋਰ ਫਿਰਕੇ ਵਿਰੁਧ ਨਹੀਂ ਸਗੋਂ ਸਾਰੇ ਪੰਜਾਬੀਆਂ ਲਈ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਕਾਂਗਰਸ (ਇ) ਨੇਤਾ ਪੰਜਾਬੀਆਂ ਦੇ ਹਿਤਾਂ ਨੂੰ ਨੁਕਸਾਨ ਪਹੁੰਚਾਉਣ ਲਈ ਉਨ੍ਹਾਂ ਮੰਗਾਂ ਨੂੰ ਗਲਤ ਰੰਗ ਦੇ ਰਹੇ ਹਨ। ਉਨ੍ਹਾਂ ਦਾਅਵੇ ਨਾਲ ਕਿਹਾ ਕਿ ਰਾਜ ਵਿਚ ਕਿਧਰੇ ਵੀ ਫਿਰਕੂ ਤਣਾਓ ਨਹੀਂ ਅਤੇ ਹਿੰਦੂ ਸਿਖ ਮਿਲ ਕੇ ਰਹਿ ਰਹੇ ਹਨ।

ਲੁਟਮਾਰ ਤੇ ਡਾਕਿਆਂ ਦੀਆਂ ਘਟਨਾਵਾਂ ਬਾਰੇ ਉਨ੍ਹਾਂ ਕਿਹਾ ਕਿ ਸਰਕਾਰ ਇਨ੍ਹਾਂ ਦੀ ਕਿਸੇ ਸੁਪਰੀਮ ਕੋਰਟ ਦੇ ਜੱਜ ਜਾਂ ਨਿਰਪੱਖ ਏਜੰਸੀ ਤੋਂ ਜਾਂਚ ਕਰਵਾਏ ਤਾਂ ਸਾਬਤ ਹੋ ਜਾਏਗਾ ਕਿ ਇਨ੍ਹਾਂ ਘਟਨਾਵਾਂ ਨਾਲ ਅਕਾਲੀਆਂ ਜਾਂ ਅੰਮ੍ਰਿਤਧਾਰੀ ਸਿੰਘਾਂ ਦਾ ਕੋਈ ਸਬੰਧ ਨਹੀਂ।

ਇਹ ਪੁੱਛਣ 'ਤੇ ਕਿ ਤੁਸੀਂ ਕੇਂਦਰੀ ਗ੍ਰਹਿ ਮੰਤਰੀ ਤੇ ਪ੍ਰਧਾਨ ਮੰਤਰੀ ਦੇ ਸੱਦੇ 'ਤੇ ਉਨ੍ਹਾਂ ਨਾਲ ਗੱਲਬਾਤ ਕਿਉਂ ਨਹੀਂ ਕਰਦੇ, ਉਨ੍ਹਾਂ ਕਿਹਾ ਕਿ ਅਸੀਂ ਕਈ ਵਾਰੀ ਗਲਬਾਤ ਕਰਕੇ ਦਲ ਦੀਆਂ ਮੰਗਾਂ ਸਬੰਧੀ ਸਪਸ਼ਟੀਕਰਨ ਦੇ ਚੁਕੇ ਹਾਂ, ਹੁਣ ਤੇ ਫੈਸਲਾ ਕਰਨਾ ਉਨ੍ਹਾਂ ਦੇ ਹੱਥ ਹੈ। "ਅਸੀਂ ਕੀ ਗੱਲ ਕਰੀਏ

ਇਕ ਹੋਰ ਪ੍ਰਸ਼ਨ 'ਤੇ ਸ. ਬਾਦਲ ਨੇ ਦੁਖ ਪ੍ਰਗਟ ਕੀਤਾ ਕਿ ਕਾਂਗਰਸ (ਇ) ਦੇ ਮੁਕਾਬਲੇ ਵਿਰੋਧੀ ਦਲ ਇਕੱਠੇ ਨਹੀਂ ਹੋ ਰਹੇ। ਨਹੀਂ ਤੇ ਕਾਂਗਰਸ ਸੰਸਦ ਤੇ ਵਿਧਾਨ ਸਭਾਵਾਂ ਦੀਆਂ ਜ਼ਿਮਨੀ ਚੋਣਾਂ ਕਦੇ ਨਾ ਜਿੱਤਦੀ। ਉਨ੍ਹਾਂ ਨਿਰਾਸ਼ਾ ਦੇ ਮੂਡ ਵਿਚ ਕਿਹਾ ਕਿ ਅਗਲੀਆਂ ਚੋਣਾਂ ਤਕ ਵੀ ਵਿਰੋਧੀ ਦਲ ਕੋਈ ਸਾਂਝਾ ਮੁਹਾਜ਼ ਨਹੀਂ ਬਣਾ ਸਕਣਗੇ। ਕਿਉਂਕਿ ਉਨ੍ਹਾਂ ਦੀਆਂ ਨੀਤੀਆਂ ਟਕਰਾਉਂਦੀਆਂ ਹਨ।

ਇਹ ਪੁਛਣ 'ਤੇ ਕਿ ਜੇਕਰ ਪ੍ਰਧਾਨ ਮੰਤਰੀ ਨੇ ਲੋਕ ਸਭਾ ਤੇ ਪੰਜਾਬ ਵਿਧਾਨ ਸਭਾ ਦੀਆਂ ਮਧਵਰਤੀ ਚੋਣਾਂ ਕਰਾਈਆਂ ਤਾਂ ਅਕਾਲੀ ਦਲ ਚੋਣਾਂ ਲੜੇਗਾ, ਉਨ੍ਹਾਂ ਕਿਹਾ ਕਿ ਮਧਵਰਤੀ ਚੋਣਾਂ ਨਹੀਂ ਹੋਣੀਆਂ, ਉਹ ਕੁਝ ਵਿਰੋਧੀ ਨੇਤਾਵਾਂ ਦੇ ਨਿਜੀ ਕਿਆਫੇ ਹੀ ਹਨ।



ਅਕਾਲੀ ਲੀਡਰ ਬਲਵੰਤ ਸਿੰਘ ਤੇ ਪ੍ਰਕਾਸ਼ ਸਿੰਘ ਬਾਦਲ ਗਵਰਨਰ ਪਾਂਡੇ ਨਾਲ।

# ਇੰਦਰਾ ਨੂੰ ਰੀਗਨ, ਆਂਦਰੋਪੋਵ ਨਾਲ ਮੀਟਿੰਗ ਕਰਨ ਦਾ ਸੱਦਾ

ਨਵੀਂ ਦਿੱਲੀ—ਸੰਯੁਕਤ ਰਾਸ਼ਟਰ ਮਹਾਂ ਸਭਾ ਦੇ ਪ੍ਰਧਾਨ ਜੋਰਜ ਇਲੂਸ਼ੀਆ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਇਕ ਪੱਤਰ ਭੇਜ ਕੇ ਨਵੇਂ ਸਾਲ ਵਿਚ ਨਿਊਯਾਰਕ ਆਉਣ ਅਤੇ ਅਮਰੀਕੀ ਰਾਸ਼ਟਰਪਤੀ ਰੋਨਲਡ ਰੀਗਨ ਤੇ ਸੋਵੀਅਤ ਰਾਸ਼ਟਰਪਤੀ ਯੂਰੀ ਆਂਦਰੋਪੋਵ ਨਾਲ ਮਿਲ ਬੈਠ ਕੇ ਹਥਿਆਰਾਂ ਦੀ ਦੌੜ ਰੋਕਣ ਤੇ ਵਿਸ਼ਵ-ਸ਼ਾਂਤੀ ਕਾਇਮ ਰੱਖਣ ਦੇ ਯਤਨ ਕਰਨ ਦਾ ਸੱਦਾ ਦਿਤਾ ਹੈ।

ਪ੍ਰਧਾਨ ਮੰਤਰੀ ਦੇ ਸਕੱਤਰੇਤ ਅਨੁਸਾਰ ਸ੍ਰੀਮਤੀ ਗਾਂਧੀ ਪੱਤਰ ਦਾ ਅਧਿਐਨ ਕਰ ਰਹੇ ਹਨ ਅਤੇ ਉਨ੍ਹਾਂ ਨੇ ਇਹ ਸੱਦਾ ਸਵੀਕਾਰ ਜਾਂ ਅਸਵੀਕਾਰ ਕਰਨ ਬਾਰੇ ਅਜੇ ਤਕ ਕੋਈ ਫੈਸਲਾ ਨਹੀਂ ਲਿਆ। ਇਹ ਪੱਤਰ ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਸਥਾਈ ਪ੍ਰਤੀਨਿਧ ਨੂੰ ਸ਼ੁਕਰਵਾਰ ਨੂੰ ਦਿੱਤਾ ਗਿਆ।

ਵਿਦੇਸ਼ ਮੰਤਰਾਲੇ ਦੇ ਇਕ ਤਰਜਮਾਨ ਨੇ ਇਹ ਮੰਨਿਆ ਕਿ ਪ੍ਰਧਾਨ ਮੰਤਰੀ ਨੂੰ ਉਕਤ ਪੱਤਰ ਪ੍ਰਾਪਤ ਹੋਇਆ ਹੈ, ਪਰ ਉਸਨੇ ਪੱਤਰ ਵਿਚਲੇ ਵੇਰਵਿਆਂ ਬਾਰੇ ਜਾਣਕਾਰੀ ਦੇਣ ਜਾਂ ਜੋਰਜ ਇਲੂਸ਼ੀਆ ਦੇ ਸੱਦੇ ਬਾਰੇ ਕੋਈ ਟਿੱਪਣੀ ਕਰਨ ਤੋਂ ਨਾਂਹ ਕਰ ਦਿਤੀ।

# ਰਾਜੀਵ ਕਾਂਗਰਸ—ਆਈ ਦੇ ਪ੍ਰਧਾਨ ਬਨਣ ਲਗੇ

## ਸਬ-ਜੈਕਟਸ ਕਮੇਟੀ ਲਈ ਗੈਰ ਸਰਕਾਰੀ ਮਤੇ ਦਾ ਨੋਟਿਸ

ਸੁਰੇਂਦਰ ਨਗਰ(ਕਲਕਤਾ)—ਇਸ ਗੱਲ ਦੇ ਸੰਕੇਤ ਮਿਲੇ ਹਨ ਕਿ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਕਾਂਗਰਸ (ਆਈ) ਦੀ ਪ੍ਰਧਾਨਗੀ ਛਡ ਰਹੇ ਹਨ ਅਤੇ ਉਹਨਾਂ ਸ੍ਰੀਮਤੀ ਗਾਂਧੀ ਦੇ ਲੜਕੇ ਸ੍ਰੀ ਰਾਜੀਵ ਗਾਂਧੀ ਜਨਰਲ ਸਕਤਰ ਤੇ ਮੈਂਬਰ ਪਾਰਲੀਮੈਂਟ ਨੂੰ ਪ੍ਰਧਾਨਗੀ ਦੀ ਜ਼ਿੰਮੇਵਾਰੀ ਸੌਂਪੀ ਜਾ ਰਹੀ ਹੈ। ਇਸ ਮੰਤਵ ਲਈ ਇਕ ਗੈਰ-ਸਰਕਾਰੀ ਰੈਜ਼ੂਲੇਸ਼ਨ ਦਾ ਨੋਟਿਸ ਸ੍ਰੀ ਵਿਮਲ ਕੁਮਾਰ ਮਹਿਰੋਤਰਾ ਮੈਂਬਰ ਆਲ ਇੰਡੀਆ ਕਾਂਗਰਸ ਕਮੇਟੀ ਆਈ(ਯੂ. ਪੀ.) ਨੇ ਦਿਤਾ ਹੈ। ਅਜੇਹਾ ਇਸ ਲਈ ਕੀਤਾ ਜਾ ਰਿਹਾ ਹੈ ਕਿਉਂਕਿ ਸ੍ਰੀਮਤੀ ਗਾਂਧੀ ਦੀਆਂ ਰਾਸ਼ਟਰੀ, ਅੰਤਰ ਰਾਸ਼ਟਰੀ ਅਤੇ ਧੜਿਆਂ ਤੋਂ ਨਿਰਲੇਪ ਗੁਟ ਦੀ ਚੇਅਰਮੈਨ ਹੋਣ ਦੇ ਨਾਤੇ ਉਹਨਾਂ ਦੀਆਂ ਜ਼ਿੰਮੇਵਾਰੀਆਂ ਬਹੁਤ ਵਧ ਗਈਆਂ ਹਨ। ਰੈਜ਼ੂਲੇਸ਼ਨ ਵਿਚ ਕਿਹਾ ਗਿਆ ਹੈ ਕਿ ਇਸ ਲਈ ਪਾਰਟੀ ਦੀ ਪ੍ਰਧਾਨਗੀ ਪਾਰਟੀ ਦੇ ਜਨਰਲ ਸਕਤਰ ਸ੍ਰੀ ਰਾਜੀਵ ਗਾਂਧੀ ਨੂੰ ਸੌਂਪ ਦਿਤੀ ਜਾਣੀ ਚਾਹੀਦੀ ਹੈ। ਇਹ ਰੈਜ਼ੂਲੇਸ਼ਨ ਤੇ ਸਬਜੈਕਟਸ ਕਮੇਟੀ ਦੀ ਮੀਟਿੰਗ ਵਿਚ ਵਿਚਾਰ ਕੀਤੀ ਜਾਵੇਗੀ। ਇਕ ਹੋਰ ਗੈਰ ਸਰਕਾਰੀ ਰੈਜ਼ੂਲੇਸ਼ਨ ਦਾ ਸ੍ਰੀ ਬੰਸੀ ਲਾਲ ਮਹਿਤਾ ਨੇ ਨੋਟਿਸ ਦਿਤਾ ਹੈ ਜਿਸ ਵਿਚ ਸਰਕਾਰ ਨੂੰ ਕਿਹਾ ਗਿਆ ਹੈ ਕਿ ਟਰੇਡ ਯੂਨੀਅਨਾਂ ਦੀ ਬਹੁਤਾਤ ਰੋਕਣ ਲਈ ਤੁਰੰਤ ਕਾਰਵਾਈ ਕੀਤੀ ਜਾਵੇ।

# ਅਕਾਲੀ ਵਿਧਾਇਕ ਹੋਰ ਮਸਲੇ ਵੀ ਗਲਬਾਤ ਦੁਆਰਾ ਹੱਲ ਕਰਨ— ਸਪੀਕਰ ਸ੍ਰੀ ਮਹਿਰਾ

ਚੰਡੀਗੜ੍ਹ—ਪੰਜਾਬ ਅਸੰਬਲੀ ਦੇ ਸਪੀਕਰ ਸ੍ਰੀ ਬ੍ਰਿਜ ਭੂਸ਼ਨ ਮਹਿਰਾ ਨੇ ਬਿਆਨ ਵਿਚ ਦੱਸਿਆ ਕਿ ਅਕਾਲੀ ਦਲ ਦੇ ਵਿਧਾਇਕਾਂ ਵਲੋਂ ਲੋਕ ਰਾਜੀ ਢੰਗ ਅਪਣਾਕੇ, ਕਪਾਹ ਉਤਪਾਦਕਾਂ ਦੀਆਂ ਮੁਸ਼ਕਲਾਂ ਬਾਰੇ ਗਵਰਨਰ ਸ੍ਰੀ ਬੀ. ਡੀ. ਪਾਂਡੇ ਨਾਲ ਭੇਂਟ ਕੀਤੀ ਗਈ। ਆਪਣੇ ਇਕ ਬਿਆਨ ਵਿਚ ਸ੍ਰੀ ਮਹਿਰਾ ਨੇ ਕਿਹਾ ਕਿ ਜੇਕਰ ਪੰਜਾਬ ਦੇ ਹੋਰ ਵਿਸ਼ਾਲ ਮਸਲਿਆਂ ਬਾਰੇ ਵੀ ਅਕਾਲੀ ਲੀਡਰ ਇਹ ਰਾਹ ਅਪਣਾਉਣ ਤਾਂ ਉਸਨੂੰ ਯਕੀਨ ਹੈ ਕਿ ਸਮਝੌਤਾ ਹੋ ਜਾਏਗਾ। ਉਨ੍ਹਾਂ ਕਿਹਾ ਕਿ ਕੇਂਦਰ ਪੰਜਾਬੀ ਮਸਲਾ ਹਲ ਕਰਨ ਲਈ ਕਈ ਵਾਰ ਗਲਬਾਤ ਦੀ ਪੇਸ਼ਕਸ਼ ਕਰ ਚੁਕਾ ਹੈ।

# ਉਪਜ 'ਤਸੱਲੀ ਬਖਸ਼' ਹੋਣ ਦੇ ਬਾਵਜੂਦ ਮਹਿੰਗਾਈ ਵਧੀ

ਨਵੀਂ ਦਿੱਲੀ—ਕੇਂਦਰ ਸਰਕਾਰ ਦੀਆਂ ਇਨ੍ਹਾਂ ਆਸਾਂ ਦੇ ਬਾਵਜੂਦ ਕਿ 1983-84 ਦੌਰਾਨ ਅਨਾਜ, ਦਾਲਾਂ ਤੇ ਤੇਲ ਬੀਜਾਂ ਦਾ ਉਤਪਾਦਨ ਜ਼ਿਆਦਾ ਹੋਵੇਗਾ, ਦਸੰਬਰ 83 ਦੇ ਅੱਧ ਤੱਕ ਸਿੱਕੇ ਦਾ ਪਸਾਰ ਜਿੰਨੀ ਤੇਜ਼ੀ ਨਾਲ ਹੋਇਆ ਹੈ ਉਹ ਪਿਛਲੇ ਉਨ੍ਹਾਂ ਸਾਲਾਂ ਦੇ ਮੁਕਾਬਲੇ ਵਧੇਰੇ ਹੈ ਜਦੋਂ ਫਸਲਾਂ ਸੋਕੇ ਦੀ ਮਾਰ ਹੇਠ ਆਈਆਂ ਸਨ। ਸਿੱਕੇ ਦੇ ਪਸਾਰ ਵਿਚ ਵਾਰਸ਼ਿਕ ਵਾਧਾ 10 ਦਸੰਬਰ 1983 ਨੂੰ 9.2 ਪ੍ਰਤੀਸ਼ਤ ਰਿਕਾਰਡ ਕੀਤਾ ਗਿਆ ਜਦ ਕਿ ਪਿਛਲੇ ਸਾਲ ਇਸੇ ਸਮੇਂ 3.2 ਪ੍ਰਤੀਸ਼ਤ ਰਿਕਾਰਡ ਕੀਤਾ ਗਿਆ ਸੀ।

ਸਨਅਤੀ ਵਰਕਰਾਂ ਲਈ ਕੁੱਲ ਹਿੰਦ ਖਪਤਕਾਰਾਂ ਕੀਮਤ ਸੂਚਕ ਅੰਕ-ਜਿਸ ਨਾਲ ਕਿ ਸਿੱਕੇ ਦੇ ਪਸਾਰ ਦਾ ਸਹੀ ਪਤਾ ਲਗਦਾ ਹੈ ਅਕਤੂਬਰ 1983 ਤਕ ਪਿਛਲੇ ਸਾਲ ਨਾਲੋਂ 13.7 ਪ੍ਰਤੀਸ਼ਤ ਵਧਿਆ। ਜਨਵਰੀ 1983 ਤੋਂ ਇਹ 12.7 ਪ੍ਰਤੀਸ਼ਤ ਵਧਿਆ। ਕੇਂਦਰੀ ਵਿਤ ਮੰਤਰੀ ਸ੍ਰੀ ਪ੍ਰਨਾਬ ਮੁਕਰਜੀ ਜਿਨ੍ਹਾਂ ਨੇ ਇਕ ਤੋਂ ਵੱਧ ਵਾਰ ਇਹ ਗੱਲ ਦੁਹਰਾਈ ਹੈ ਕਿ ਸਿੱਕੇ ਦੇ ਪਾਸਾਰ ਨੂੰ ਇਕ ਅੰਕ ਦੇ ਵਾਧੇ ਤਕ ਸੀਮਤ ਰੱਖਿਆ ਜਾਵੇਗਾ, ਹੁਣ ਬੇਸ਼ੱਕ ਇਹ ਗੱਲ ਮੰਨ ਲਈ ਹੈ ਕਿ ਦੇਸ਼ ਅੰਦਰ ਕੀਮਤਾਂ ਦੀ ਸਥਿਤੀ "ਗੰਭੀਰ" ਹੈ, ਭਾਵੇਂ ਉਨ੍ਹਾਂ ਅਨੁਸਾਰ ਏਨੀ ਖਤਰਨਾਕ ਨਹੀਂ।

ਖੇਤੀ ਉਤਪਾਦਨ ਚੰਗਾ ਹੋਣ ਦੇ ਬਾਵਜੂਦ ਵੀ ਸਨਅਤੀ ਵਸਤਾਂ ਦੀ ਮੰਗ ਨਹੀਂ ਵਧੀ ਜਿਸ ਨਾਲ ਕਿ ਸਨਅਤੀ ਉਤਪਾਦਨ ਵਿਚ ਵਾਧਾ ਹੁੰਦਾ। ਅਪਰੈਲ-ਦਸੰਬਰ 1983 ਤਕ ਸਨਅਤੀ ਉਤਪਾਦਨ ਦਾ ਆਮ ਸੂਚਕ ਅੰਕ ਪਿਛਲੇ ਸਾਲ ਦੇ ਮੁਕਾਬਲੇ 4 ਪ੍ਰਤੀਸ਼ਤ ਵਧਿਆ ਤੇ ਇਸ ਤੋਂ ਪਿਛਲੇਰੇ ਸਾਲ ਵੀ ਇਹ ਫਰਕ ਲਗਭਗ ਏਨਾ ਕੁ ਸੀ। ਸਨਅਤੀ ਸੂਤਰਾਂ ਦਾ ਅਨੁਮਾਨ ਹੈ ਕਿ ਆਉਣ ਵਾਲੇ ਮਹੀਨਿਆਂ ਵਿਚ ਉਤਪਾਦਨ ਦਾ ਵਾਧਾ 4.5 ਪ੍ਰਤੀਸ਼ਤ ਤਕ ਦੇ ਵਾਧੇ ਦਾ ਟੀਚਾ ਨਹੀਂ ਛੋਹਿਆ ਜਾ ਸਕਦਾ।

ਇਸ ਸਾਲ ਅਪਰੈਲ ਤੋਂ ਦਸੰਬਰ ਤਕ ਕੋਇਲੇ ਦਾ ਉਤਪਾਦਨ 8.67 ਕਰੋੜ ਟਨ ਹੋਇਆ ਜਦੋਂ ਕਿ ਪਿਛਲੇ ਸਾਲ ਇਸ ਸਮੇਂ 'ਚ ਇਹ 8.35 ਕਰੋੜ ਟਨ ਸੀ। ਇਸੇ ਤਰਾਂ ਬਿਜਲੀ ਉਤਪਾਦਨ ਵਿਚ ਸਿਰਫ 3.3 ਪ੍ਰਤੀਸ਼ਤ ਵਾਧਾ ਹੋਇਆ ਹੈ। ਏਨੀਆਂ ਬਾਰਸ਼ਾਂ ਹੋਣ ਦੇ ਬਾਵਜੂਦ ਵੀ ਪਣ-ਬਿਜਲੀ ਉਤਪਾਦਨ 4 ਪ੍ਰਤੀਸ਼ਤ ਘਟਿਆ।

ਰੇਲਵੇ ਵਿਭਾਗ ਨੇ ਵੀ ਅਪਰੈਲ ਤੋਂ ਅਕਤੂਬਰ ਦੇ ਸਮੇਂ ਤਕ ਕੋਈ ਤਸੱਲੀਬਖਸ਼ ਮਾਲੀਆ ਨਹੀਂ ਦਿਖਾਇਆ ਸਗੋਂ ਪਿਛਲੇ ਸਾਲ ਨਾਲੋਂ 1.7 ਪ੍ਰਤੀਸ਼ਤ ਘੱਟ ਰਿਹਾ ਹੈ। ਇਸ ਲਈ ਸੰਭਵ ਹੈ ਕਿ ਸਾਲ ਦਹੇ ਅਖੀਰ ਤਕ ਬਜਟ ਦਾ ਘਾਟਾ ਮਨਫੀ ਕਰਨ 'ਚ ਰੇਲਵੇ ਵਿਭਾਗ ਅਸਫਲ ਰਹੇਗਾ। ਮਹਿਗਾਈ ਭੱਤਿਆਂ ਦੀਆਂ ਕਿਸ਼ਤਾਂ ਦਾ ਵਾਰ ਵਾਰ ਐਲਾਨ ਕਰ ਕੇ ਕੇਂਦਰ ਸਰਕਾਰ ਨੇ ਤਨਖਾਹਦਾਰ ਮੁਲਾਜ਼ਮਾਂ ਨੂੰ ਕੀਮਤਾਂ ਦੇ ਵਾਧੇ ਦੀ ਮਾਰ ਤੋਂ ਬਚਾਈ ਰੱਖਣ ਦਾ ਉਪਰਾਲਾ ਕੀਤਾ ਹੈ।

# ਸਿੱਖ ਸਟੂਡੈਂਟਸ ਯੂਨੀਅਨ ਨੇ ਧਮਾਕਿਆਂ ਦੀ ਜ਼ਿੰਮੇਵਾਰੀ ਲਈ

ਸ੍ਰੀਨਗਰ—ਇਥੋਂ ਦੇ ਇਕ ਰੋਜ਼ਾਨਾ ਅਖਬਾਰ "ਆਫਤਾਬ" ਵਿਚ ਛਪੇ ਇਕ ਪਰੈਸ ਬਿਆਨ ਨੇ ਕਸ਼ਮੀਰ ਪੁਲੀਸ ਨੂੰ ਚੱਕਰ ਵਿਚ ਪਾ ਕੇ ਰੱਖ ਦਿੱਤਾ ਹੈ। ਇਸ ਬਿਆਨ ਰਾਹੀਂ ਇਕ 'ਸਿੱਖ ਸਟੂਡੈਂਟਸ ਯੂਨੀਅਨ' ਨੇ ਰਾਜ ਵਿਚ ਹੋਏ ਬੰਬ ਧਮਾਕਿਆਂ ਦੀ ਜ਼ਿੰਮੇਵਾਰੀ ਲਈ ਹੈ। ਪੁਲੀਸ ਦੀ ਪਰੇਸ਼ਾਨੀ ਦਾ ਮੁਖ ਕਾਰਨ ਇਹ ਹੈ ਕਿ ਹੁਣ ਤਕ ਰਾਜ ਵਿਚ ਹੋਏ ਬੰਬ ਧਮਾਕਿਆਂ ਲਈ ਅਤਵਾਦੀ ਮੁਸਲਿਮ ਜਥੇਬੰਦੀਆਂ ਜ਼ਿੰਮੇਵਾਰ ਹਨ। ਪ੍ਰੰਤੂ ਹੁਣ ਦਲੀਪ ਸਿੰਘ ਨਾਂ ਦੇ ਇਕ ਵਿਅਕਤੀ ਦੇ ਦਸਤਖਤਾਂ ਹੇਠ ਇਕ ਬਿਆਨ ਛਪਿਆ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਹਾਲ ਹੀ ਵਿਚ ਪਲੇਡੀਅਮ ਸਿਨਮੇ ਦੇ ਹਾਲ ਵਿਚ ਵੀ ਟਾਈਮ ਬੰਬ ਯੂਨੀਅਨ ਨੇ ਹੀ ਰੱਖਿਆ ਸੀ ਅਤੇ ਇਨ੍ਹਾਂ ਸਾਰੇ ਧਮਾਕਿਆਂ ਦਾ ਉਦੇਸ਼ ਸਿੱਖ ਮੰਗਾਂ ਵਲ ਲੋਕਾਂ ਦਾ ਧਿਆਨ ਕੇਂਦਰਤ ਕਰਨਾ ਸੀ।

ਅਖਬਾਰ ਦੇ ਸੰਪਾਦਕ ਅਨੁਸਾਰ ਉਰਦੂ ਵਿਚ ਲਿਖਿਆ ਇਹ ਬਿਆਨ ਡਾਕ ਰਾਹੀਂ ਉਨ੍ਹਾਂ ਤਕ ਪੁਜਿਆ। ਪੁਲੀਸ ਤੇ ਖੁਫੀਆ ਅਧਿਕਾਰੀ ਇਸ ਬਿਆਨ ਉਪਰ ਵਿਸ਼ਵਾਸ਼ ਕਰਨ ਲਈ ਤਿਆਰ ਨਹੀਂ। ਉਨ੍ਹਾਂ ਦਾ ਵਿਚਾਰ ਹੈ ਕਿ ਕਿਸੇ ਨੇ ਪੁਲੀਸ ਦਾ ਧਿਆਨ ਲਾਂਭੇ ਕਰਨ ਲਈ ਇਹ ਚਿੱਠੀ ਲਿਖੀ ਹੈ।

# ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਗੁਰਮਤਿ ਸਿਖਲਾਈ ਕੈਂਪ

ਅੰਮ੍ਰਿਤਸਰ—ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਛੇ ਰੋਜ਼ਾ "ਗੁਰਮਤਿ" ਸਿਖਲਾਈ ਕੈਂਪ ਇਥੇ ਹੋਇਆ ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਸਿੰਘ ਭਾਈ ਸਾਹਿਬ ਸਿੰਘ ਨੇ ਕੈਂਪ ਦੇ ਉਦਘਾਟਨ ਦੀ ਅਰਦਾਸ ਕੀਤੀ ਅਤੇ ਫੈਡਰੇਸ਼ਨ ਦੇ ਕੋਈ 250 ਵਲੰਟੀਅਰਾਂ ਨੇ ਗੁਰੂ ਰਾਮ ਦਾਸ ਲੰਗਰ ਦੀ ਇਮਾਰਤ ਉਪਰ ਝੂਲ ਰਹੇ "ਕੇਸਰੀ" ਨਿਸ਼ਾਨ ਸਾਹਿਬ ਨੂੰ ਸਲਾਮੀ ਦਿਤੀ।

ਸਿੰਘ ਸਾਹਿਬ ਭਾਈ ਸਾਹਿਬ ਸਿੰਘ ਦੇ ਐਨ ਪਿਛੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਖੜੇ ਸਨ ਪ੍ਰੰਤੂ ਅਕਾਲੀ ਪਾਰਟੀ ਦੇ ਮੁਖੀ ਸੰਤ ਹਰਚੰਦ ਸਿੰਘ ਲੌਂਗੋਵਾਲ ਇਸ ਸਮੇਂ ਹਾਜ਼ਰ ਨਹੀਂ ਸਨ। ਅਰਦਾਸ ਪਿਛੋਂ ਕੈਂਪ ਵਿਚ ਭਾਗ ਲੈਣ ਆਏ ਵਲੰਟੀਅਰ ਲੰਗਰ ਦੀ ਇਮਾਰਤ ਉਪਰ ਦੂਸਰੀ ਮਜ਼ਲ ਦੇ ਹਾਲ ਵਿਚ ਚਲੇ ਗਏ ਜਿਥੇ ਇਨ੍ਹਾਂ ਨੂੰ ਫੈਡਰੇਸ਼ਨ ਦੇ ਜਨਰਲ ←

ਸਕੱਤਰ ਹਰਮਿੰਦਰ ਸਾਹਿਬ ਸਿੰਘ ਨੇ ਸੰਬੋਧਨ ਕੀਤਾ। ਕੈਂਪ ਵਿਚ ਭਾਸ਼ਨ ਦੇਣ ਲਈ ਸ. ਗੁਰਤੇਜ ਸਿੰਘ ਆਈ. ਏ. ਐਸ.(ਰਿਟਾਇਰਡ), ਮੇਜਰ ਜਨਰਲ ਸੁਬੇਗ ਸਿੰਘ, ਪ੍ਰੋਫੈਸਰ ਸੂਬਾ ਸਿੰਘ ਅਤੇ ਪ੍ਰਿੰਸੀਪਲ ਮਹਿੰਦਰ ਸਿੰਘ ਨੂੰ ਸੱਦਾ ਦਿਤਾ ਗਿਆ ਹੈ। ਫੈਡਰੇਸ਼ਨ ਵਲੋਂ ਸੱਦੇ ਦਾ ਸਪੀਕਰ ਬਲਰਾਮ ਜਾਖੜ ਜਾਂ ਕੇਂਦਰੀ ਗ੍ਰਹਿ ਮੰਤਰੀ ਪ੍ਰਕਾਸ਼ ਚੰਦ ਸੇਠੀ ਨੇ ਹਾਲਾਂ ਤੀਕਰ ਕੋਈ ਉਤਰ ਨਹੀਂ ਦਿਤਾ।

# ਸਾ ਹਿ ਤ ਦ ਰ ਪ ਣ

## ਸੰਤੋਖ ਸਿੰਘ ਧੀਰ ਨੂੰ ਮਨਜੀਤ ਯਾਦਗਾਰੀ ਪੁਰਸਕਾਰ

ਦੋ ਸੂਬਿਆਂ ਅਤੇ ਇਕ ਯੂਨੀਅਨ ਟੈਰੀਟਰੀ ਦੀ ਰਾਜਧਾਨੀ ਚੰਡੀਗੜ੍ਹ ਉਤਰੀ ਭਾਰਤ ਵਿਚ ਸਾਹਿਤਕ ਅਤੇ ਸਭਿਆਚਾਰਕ ਸਰਗਰਮੀਆਂ ਦਾ ਇਕ ਅਹਿਮ ਕੇਂਦਰ ਹੈ, ਜਿਥੇ ਭਾਂਤ-ਭਾਂਤ ਦੇ ਸਮਾਗਮ ਅਤੇ ਪਰੋਗਰਾਮ ਹੁੰਦੇ ਰਹਿੰਦੇ ਹਨ ਪਰ ਪਿਛਲੇ ਦਿਨੀਂ ਗੌਰਮਿੰਟ ਮਿਊਜ਼ੀਅਮ ਆਡੀਟੋਰੀਅਮ ਵਿਖੇ ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟਰੱਸਟ, ਕੈਨੇਡਾ ਵਲੋਂ ਕੀਤਾ ਗਿਆ ਸਮਾਰੋਹ ਆਪਣੀ ਸ਼ਾਨ ਅਤੇ ਸੁਹਿਰਦਤਾ ਦੇ ਪੱਖੋਂ ਅਦੁੱਤੀ ਸੀ। ਟਰੱਸਟ ਵਲੋਂ ਪ੍ਰਸਿੱਧ ਸਾਹਿਤਕਾਰ ਸੰਤੋਖ ਸਿੰਘ ਧੀਰ ਨੂੰ ਪੰਜ ਸੌ ਕੈਨੇਡੀਅਨ ਡਾਲਰ ਦਾ "ਸਾਹਿਤ-ਸ਼ਰੋਮਣੀ ਮਨਜੀਤ ਯਾਦਗਾਰੀ ਪੁਰਸਕਾਰ" ਅਤੇ ਇਕ ਸਨਮਾਨ-ਪੱਤਰ ਭੇਟ ਕੀਤੇ ਗਏ। ਇਸ ਮੌਕੇ ਦੀ ਇਕ ਨਿਵੇਕਲੀ ਗੱਲ ਧੀਰ ਜੀ ਦੇ ਨਾਲ ਹੀ ਉਹਨਾਂ ਦੀ ਪਤਨੀ, ਕੁਰਬਾਨੀ ਦੀ ਅਬੋਲ ਮੂਰਤ ਸ੍ਰੀਮਤੀ ਸੁਰਿੰਦਰ ਕੌਰ ਨੂੰ ਦੁਸ਼ਾਲਾ ਭੇਟ ਕੀਤੇ ਜਾਣਾ ਸੀ।

ਟਰੱਸਟ ਦੇ ਮੈਂਬਰ ਪ੍ਰੋ: ਨੱਤ ਨੇ ਟਰੱਸਟ ਦਾ ਪਿਛੋਕੜ ਦਸਿਆ ਅਤੇ ਜਨਰਲ ਸਕੱਤਰ ਦਰਸ਼ਨ ਗਿੱਲ ਨੇ ਸੁਆਗਤੀ ਭਾਸ਼ਨ ਦਿੱਤਾ। ਵਿਸ਼ਾਲ ਲੇਖਕ-ਸਮੂਹ ਵਲੋਂ ਪ੍ਰਤੀਨਿਧ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ-ਸਕੱਤਰ ਤੇਰਾ ਸਿੰਘ ਚੰਨ ਨੇ ਟਰੱਸਟ ਨੂੰ ਸਹੀ ਚੋਣ ਉਤੇ ਅਤੇ ਧੀਰ ਜੀ ਨੂੰ ਪੁਰਸਕਾਰ-ਪਰਾਪਤੀ ਉਤੇ ਵਧਾਈ ਦਿਤੀ। ਦਰਸ਼ਨ ਗਿੱਲ ਨੇ ਸਰੋਤਿਆਂ ਦੀ ਬੇਨਤੀ ਉਤੇ ਆਪਣੀ ਪ੍ਰਸਿੱਧ ਕਵਿਤਾ ਰੂਪ-ਅਰੂਪ ਸੁਣਾਈ ਜੋ ਉਹਨਾਂ ਨੇ ਆਪਣੀ ਪਤਨੀ ਬੀਬੀ ਮਨਜੀਤ—ਜੀਹਦੀ ਯਾਦ ਵਿਚ ਇਹ ਟਰੱਸਟ ਅਤੇ ਪੁਰਸਕਾਰ ਸਥਾਪਤ ਕੀਤਾ ਗਿਆ ਹੈ— ਦੀ ਬੇਵਕਤ ਮੌਤ ਉਤੇ ਲਿਖੀ ਸੀ। ਆਪਣੇ ਧੰਨਵਾਦੀ ਸ਼ਬਦਾਂ ਵਜੋਂ ਸੰਤੋਖ ਸਿੰਘ ਧੀਰ ਨੇ ਇਸੇ ਮੌਕੇ ਲਈ ਲਿਖੀਆਂ ਗਈਆਂ ਆਪਣੀਆਂ ਤਿੰਨ ਕਵਿਤਾਵਾਂ ਪੇਸ਼ ਕੀਤੀਆਂ।

ਸਮਾਗਮ ਦੌਰਾਨ ਚਰਨ ਸਿੰਘ ਸਿੰਧਰਾ, ਚਰਨਜੀਤ ਕੌਰ ਅਤੇ ਗੁਰਦਿਆਲ ਸਿੰਘ ਤੇ ਉਹਨਾਂ ਦੇ ਸਾਥੀਆਂ ਵਲੋਂ ਧੀਰ ਜੀ ਦੇ ਗੀਤ ਪੇਸ਼ ਕੀਤੇ ਗਏ। ਗੁਰਬਚਨ ਸਿੰਘ ਭੁੱਲਰ ਵਲੋਂ ਆਪਣੀ ਸੰਪਾਦਿਤ ਪੁਸਤਕ ਧੀਰ ਜੀ ਨੂੰ ਭੇਟ ਕੀਤੀ ਗਈ ਦਰਸ਼ਨ ਗਿੱਲ ਦੀ ਪੰਜਵੀਂ ਕਾਵਿ-ਪੁਸਤਕ "ਕਾਲਾ ਸੂਰਜ" ਤੇ ਆਲੋਚਨਾ-ਪੁਸਤਕ "ਪੰਜਾਬੀ ਕਾਵਿ ਵਿਚ ਨਿਰਾਸ਼ਾਵਾਦ" ਅਤੇ ਪ੍ਰੋ: ਦਰਸ਼ਨ ਨੱਤ ਦੀ ਕਾਵਿ-ਪੁਸਤਕ "ਨੁਹਾਰ" ਰਿਲੀਜ਼ ਕੀਤੀਆਂ ਗਈਆਂ।

ਸਮਾਗਮ ਦੀ ਇਕ ਹੋਰ ਵਿਸ਼ੇਸ਼ਤਾ ਇਹਦੀ ਪ੍ਰਧਾਨਗੀ ਕਿਸੇ ਵਜ਼ੀਰ ਜਾਂ ਰਾਜਨੀਤਕ ਆਗੂ ਦੀ ਥਾਂ ਧੀਰ ਜੀ ਦੇ ਇਕ ਪਾਤਰ ਤੋਂ ਕਰਵਾਏ ਜਾਣਾ ਸੀ। ਸਮਾਗਮ ਦੇ ਪ੍ਰਧਾਨ ਗਿਆਨੀ ਆਤਮਾ ਸਿੰਘ ਸ਼ਾਂਤ ਧੀਰ ਜੀ ਦੇ ਪ੍ਰਸਿੱਧ ਨਾਵਲ "ਯਾਦਗਾਰ" ਦੇ ਮੁੱਖ-ਪਾਤਰ ਪਵਿੱਤਰ ਸਿੰਘ ਦਰਵੇਸ਼ ਹਨ।

ਸਨਮਾਨ-ਸਮਾਗਮ ਵਿਚ ਆਪਣੀ ਦੇਣ ਵਜੋਂ ਪੰਜਾਬੀ ਸਾਹਿਤ ਸਭਾ ਚੰਡੀਗੜ੍ਹ ਵਲੋਂ ਨ. ਸ. ਰਤਨ ਅਤੇ ਬੇਅੰਤ ਪ੍ਰਧਾਨ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

ਗੁਰਬਚਨ ਸਿੰਘ ਭੁੱਲਰ ਵਲੋਂ ਚਲਾਏ ਗਏ ਦੋ ਘੰਟਿਆਂ ਦੇ ਇਸ ਗੌਰਵਸ਼ਾਲੀ ਅਤੇ ਸੁਹਿਰਦ ਪਰੋਗਰਾਮ ਨੂੰ ਦੋ ਸੌ ਲੇਖਕਾਂ, ਪਾਠਕਾਂ ਅਤੇ ਸਾਹਿਤ-ਰਸੀਆਂ ਨੇ ਡੂੰਘੇ ਧਿਆਨ ਨਾਲ ਸੁਣਿਆ ਅਤੇ ਮਾਣਿਆ। ਪਰੋਗਰਾਮ ਦੇ ਅੰਤ ਉਤੇ ਟਰੱਸਟ ਵਲੋਂ ਸਭਨਾਂ ਆਏ ਸੱਜਣਾਂ ਦੀ ਚਾਹ-ਪਾਣੀ ਨਾਲ ਸੇਵਾ ਕੀਤੀ ਗਈ।



ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟਰੱਸਟ ਦੇ ਜਨਰਲ ਸਕੱਤਰ ਸ੍ਰੀ ਦਰਸ਼ਨ ਗਿੱਲ ਤੇ ਮੀਤ ਪ੍ਰਧਾਨ ਗੁਰਬਚਨ ਸਿੰਘ ਭੁੱਲਰ ਇਨਾਮ ਦਿੰਦੇ ਹੋਏ।



ਸ੍ਰੀਮਤੀ ਸੁਰਜੀਤ ਨੱਤ ਸ੍ਰੀ ਮਤੀ ਸੁਰਿੰਦਰ ਕੌਰ ਧੀਰ ਨੂੰ ਦੁਸ਼ਾਲਾ ਭੇਟ ਕਰ ਰਹੇ ਹਨ



ਟਰੱਸਟ ਵਲੋਂ ਪ੍ਰਕਾਸ਼ਤ ਪੁਸਤਕ 'ਸੰਤੋਖ ਸਿੰਘ ਧੀਰ' ਦੀ ਪਹਿਲੀ ਕਾਪੀ ਗੁਰਬਚਨ ਸਿੰਘ ਭੁੱਲਰ ਸ: ਸੰਤੋਖ ਸਿੰਘ ਧੀਰ ਨੂੰ ਪੇਸ਼ ਕਰਦੇ ਹੋਏ



ਦਰਸ਼ਨ ਨੱਤ ਆਪਣੇ ਕਾਵਿ-ਸੰਗ੍ਰਹਿ 'ਨੁਹਾਰ' ਦੀ ਕਾਪੀ ਨਾਟਕਕਾਰ ਅਜਮੇਰ ਸਿੰਘ ਔਲਖ ਨੂੰ ਪੇਸ਼ ਕਰ ਰਹੇ ਹਨ



ਸਰੋਤਿਆਂ ਵਿਚ ਪੰਜਾਬੀ ਕਵੀ ਨਿਰਪਇੰਦਰ ਸਿੰਘ ਆਈ. ਏ. ਐਸ., ਹਰਭਜਨ ਸਿੰਘ ਹਲਵਾਰਵੀ ਤੇ ਅਜਮੇਰ ਸਿੰਘ ਔਲਖ



'ਨਵਾਂ ਜ਼ਮਾਨਾ' ਦੇ ਸੰਪਾਦਕੀ ਮੰਡਲ ਦੇ ਮੈਂਬਰ ਲਖਵਿੰਦਰ ਜੌਹਲ ਤੇ 'ਪੰਜਾਬੀ ਟ੍ਰਿਬਿਊਨ' ਦੇ ਸਹਾਇਕ ਸੰਪਾਦਕ ਸ਼ਿਗਾਰਾ ਸਿੰਘ ਭੁੱਲਰ।

### ਕੁਝ ਸਤਰਾਂ

ਜਗਤਾਰ ਢਾਅ

ਇਕ ਉਡਾਰੀ ਦਾ ਸੁਆਦ
ਜਦ ਪੰਛੀ ਮਾਣ ਲਏ—
ਰਾਤਾਂ ਨੂੰ ਸੁਤਾ ਵੀ ਫਿਰ ਉਹ
ਸੁਪਨੇ ਅੰਬਰ ਦੇ ਲਏ।

ਫੁੱਲਾਂ ਉਤੇ ਇਕ ਵਾਰ ਉਡੀ ਤਿਤਲੀ
ਫੁੱਲ ਬਿਨ ਕਿਤੇ ਨਾ ਬਹੇ—
ਬਿਨ ਸੁਗੰਧੀ ਮਰ ਜਾਏ ਉਹ
ਖ਼ੁਸ਼ਬੂ ਸਖਣੇ ਸਾਹ ਨਾ ਲਏ।

ਪੈਰਾਂ ਦੀਆਂ ਤਲੀਆਂ ਹੇਠ
ਰੱਖ ਭਖਦੇ ਅੰਗਿਆਰ
ਸਿਰ ਉਤੇ ਮੰਡਲਾਉਣ ਲਈ
ਛੱਡਣ ਨਾਲ ਘੁਗੀਆਂ ਦੀ ਡਾਰ
ਕੋਈ ਫ਼ਰਕ ਨਹੀਂ ਪੈਂਦਾ—

(ਪੰਨਾ 11 ਦੀ ਬਾਕੀ)


ਧੀਰ ਨਿੱਜੀ ਤੌਰ ਉਤੇ ਮੈਨੂੰ ਏਨਾ ਚੰਗਾ ਕਿਉਂ ਲੱਗਦਾ ਹੈ, ਆਪਣੀਆਂ ਸਾਰੀਆਂ ਮਨੁੱਖੀ ਕਮਜ਼ੋਰੀਆਂ ਅਤੇ ਕਦੇ ਕਦੇ ਹਾਵੀ ਹੋ ਜਾਣ ਵਾਲੀਆਂ, ਮਾਨਸਿਕ ਉਲਝਣਾਂ ਦੇ ਬਾਵਜੂਦ? ਕਿਉਂਕਿ ਉਹ ਏਨਾ ਸੱਚਾ ਹੈ, ਸਪਸ਼ਟ ਹੈ ਅਤੇ ਜਜ਼ਬਾਤੀ ਹੈ। ਸਾਰੀ ਉਮਰ ਸਿਆਸਤ ਵਿਚ ਸਰਗਰਮ ਰਹਿਣ ਦੇ ਬਾਵਜੂਦ ਕਿਉਂਕਿ ਭਾਵੁਕਤਾ ਤੋਂ ਕਦੇ ਉਪਰ ਨਹੀਂ ਉਠ ਸਕਿਆ, ਇਸ ਲਈ ਭਾਵੁਕ ਵਿਅਕਤੀ ਮੈਨੂੰ ਚੰਗੇ ਲਗਦੇ ਹਨ, ਭਾਵੇਂ ਉਹ ਮੇਰੇ ਸਿਆਸੀ ਪਿਤਾ ਸੋਹਨ ਸਿੰਘ ਜੋਸ਼ ਹੋਣ ਜਾਂ ਮੇਰਾ ਸੰਗਰਾਮ ਸਾਥੀ ਸੰਤੋਖ ਸਿੰਘ ਧੀਰ।

ਅਜ ਮੈਂ ਨਿਰੀ ਧੀਰ ਦੀਆਂ ਕਵਿਤਾਵਾਂ ਦੀ ਗੱਲ ਕੀਤੀ ਹੈ(ਤੇ ਉਹਨਾਂ ਵਿਚੋਂ ਟੂਕਾਂ ਦੇਣ ਤੋਂ ਆਪਣੇ ਆਪ ਨੂੰ ਸਿਰਫ ਇਸ ਲਈ ਮੋੜ ਸਕਿਆ ਹਾਂ ਕਿ ਉਹ ਏਨੀਆਂ ਚੰਗੀਆਂ ਹਨ ਕਿ ਚੋਣ ਕਰਨੀ ਔਖੀ ਹੈ), ਪਰ ਧੀਰ ਨਿਰਾ ਕਵੀ ਨਹੀਂ, ਉਹ ਕਹਾਣੀਕਾਰ ਵੀ ਹੈ ਅਤੇ ਨਾਵਲਕਾਰ ਵੀ। ਤੇ ਉਸਦੀ ਪਰਾਪਤੀ ਕਵਿਤਾ ਦੇ ਖੇਤਰ ਵਿਚ ਵਡੇਰੀ ਹੈ ਜਾਂ ਕਹਾਣੀ-ਨਾਵਲ ਦੇ, ਇਸ ਗੱਲ ਦਾ ਫੈਸਲਾ ਨਾ ਮੈਂ ਪੰਦਰਾਂ ਸਾਲ ਪਹਿਲਾਂ ਉਸਦਾ ਇਕ ਨਿਕਚੂ ਜਿਹਾ ਰੇਖਾ-ਚਿਤਰ ਉਲੀਕਣ ਸਮੇਂ ਕਰ ਸਕਿਆ ਸਾਂ, ਨਾ ਅਜ ਕਰ ਸਕਦਾ ਹਾਂ।

ਹਾਂ, ਇਹ ਵਿਸ਼ਵਾਸ ਮੇਰਾ ਪੱਕਾ ਹੈ ਕਿ ਧੀਰ ਸਦਾ ਆਪਣੇ ਲੋਕਾਂ ਲਈ ਜੀਵਿਆ ਹੈ ਅਤੇ ਉਹਨੇ ਉਹਨਾਂ ਦੇ ਸੰਗਰਾਮਾਂ ਨੂੰ ਚਿਤਰਿਆ ਹੀ ਨਹੀਂ, ਉਹਨਾਂ ਵਿਚ ਮੋਹਰੇ ਹੋ ਕੇ ਹਿਸਾ ਵੀ ਪਾਇਆ ਹੈ। ਜੀਵਨ ਵਿਚ ਵੀ ਅਤੇ ਸਾਹਿਤ ਵਿਚ ਵੀ ਕਦਮ ਕਦਮ ਉਤੇ ਪਰੰਪਰਾਵਾਦੀ ਤਾਕਤਾਂ ਨਾਲ ਜੂਝ ਕੇ ਉਹ ਜਿਸ ਮਾਣ-ਭਰੇ ਮਰਾਤਬੇ ਉਤੇ ਅੱਜ ਪਹੁੰਚਿਆ ਹੈ, ਇਹ ਉਸਦੇ ਸਾਹਸ-ਸਿਰੜ ਤੇ ਉੱਦਮ ਦੀ ਹੀ ਨਹੀਂ, ਆਪਣੇ ਵਿਚਾਰਧਾਰਕ ਵਿਸ਼ਵਾਸ ਵਿਚ ਅਡੋਲਤਾ ਅਤੇ ਪਰਪੱਕਤਾ ਦੀ ਵੀ ਦੇਣ ਹੈ।

ਇਸ ਸਨਮਾਨ ਦੀ ਘੜੀ ਉਸਦੀ ਕਲਮ ਚੁੰਮਾਂ ਕਿ ਮੱਥਾ—ਇਹ ਨਿਰਣਾ ਕਰਨੋਂ ਅਸਮਰਥ ਹਾਂ।

# ਸਾ ਹਿ ਤ   ਦ ਰ ਪ ਣ



ਮਾਂ ਪਰ ਪੂਤ ਪਿਤਾ ਪਰ ਘੋੜਾ
ਬਹੁਤਾ ਨਹੀਂ ਪਰ ਥੋੜਾ ਥੋੜਾ।

ਦੇਸ਼ ਭਗਤ ਪਿਤਾ ਦੇ ਦੇਸ਼ ਭਗਤ ਸਪੁਤਰ ਸੰਤੋਖ ਸਿੰਘ 'ਧੀਰ' ਨੂੰ ਸ਼ਾਇਰੀ ਜਿਹੀ ਦਾਤ ਵੀ ਵਿਰਸੇ ਵਿਚ ਮਿਲੀ ਹੈ। 'ਧੀਰ' ਦੇ ਪਿਤਾ ਜੀ ਈਸ਼ਰ ਸਿੰਘ 'ਦਰਦ' ਵੀ ਸ਼ਾਇਰ ਸਨ। ਸ਼ਾਇਰ ਧੀਰ ਨੇ ਇਸ ਸਿਨਫ਼ ਤੋਂ ਇਲਾਵਾ ਕਹਾਣੀ ਵਿਚ ਵੀ ਚੰਗੀ ਥਾਂ ਬਣਾਈ ਹੈ। ਕਈ ਉਸ ਨੂੰ ਚੰਗਾ ਕਹਾਣੀਕਾਰ ਕਹਿੰਦੇ ਹਨ ਅਤੇ ਕੋਈ ਚੰਗਾ ਸ਼ਾਇਰ। ਦਰਅਸਲ ਸਭ ਤੋਂ ਵਧ ਤਾਂ ਉਹ ਮਨੁੱਖ ਚੰਗਾ ਹੈ। ਮੈਂ ਸਮਝਦੀ ਹਾਂ ਵਧੀਆ ਸਾਹਿਤਕਾਰ ਹੋਣ ਤੋਂ ਪਹਿਲਾਂ ਵਧੀਆ ਮਨੁੱਖ ਹੋਣਾ ਹੋਰ ਵੀ ਜ਼ਰੂਰੀ ਹੈ। ਪੰਜਾਬੀ ਦੀ ਇਕ ਪੱਤ੍ਰਕਾ ਵਿਚ ਇਹਨੀਂ ਦਿਨੀਂ "ਧੀਰ' ਦੀ ਡਾਇਰੀ ਵਿਚਲੇ ਵਿਚਾਰ, ਜੋ ਜ਼ਿੰਦਗੀ ਦੇ ਕੌੜੇ ਮਿੱਠੇ ਤਜਰਬੇ ਅਤੇ ਹਕੀਕਤਾਂ ਸਮੋਈ ਬੜੇ ਹੀ ਅਮੁੱਲੇ ਹਨ, 'ਝਾੜੀਆਂ ਦੇ ਫੁੱਲ' ਸ਼ੀਰਸ਼ਕ ਹੇਠ ਪ੍ਰਕਾਸ਼ਿਤ ਹੋ ਰਹੇ ਹਨ। ਇਹਨਾਂ ਫੁੱਲਾਂ ਦੀ ਸੀਰਤ ਵੀ ਨਿਰਾਲੀ ਹੈ ਕਿ ਜਿੰਨੇ ਪੁਰਾਣੇ ਹੋਈ ਜਾਣਗੇ, ਮਹਿਕ ਵਧਦੀ ਜਾਏਗੀ। ਇਹ ਫੁੱਲ ਸਾਂਭਣ ਯੋਗ ਹਨ। ਵਧੀਆ ਮਨੁੱਖ ਅਤੇ ਸਾਹਿਤਕਾਰ 'ਧੀਰ' ਅਪਣੇ ਬਾਰੇ ਕੀ ਕਹਿੰਦਾ ਹੈ, ਆਓ ਪੜ੍ਹੀਏ।

—ਪ੍ਰਕਾਸ਼ ਕੌਰ

## ਮੈਂ ਤੇ ਮੇਰੀ ਰਚਨਾ

ਸੰਤੋਖ ਸਿੰਘ ਧੀਰ

2 ਦਸੰਬਰ 1920 ਦਾ ਚੰਗਾ ਜਾਂ ਬੁਰਾ ਦਿਨ ਸੀ ਜਿਸ ਦਿਨ ਮੇਰਾ ਜਨਮ ਹੋਇਆ।

ਮੈਂ ਆਪਣੀ ਜਨਮ-ਤਰੀਕ 29 ਦਸੰਬਰ 1920 ਹੀ ਹੁਣ ਤਕ ਦੱਸਦਾ ਰਿਹਾ ਹਾਂ। ਇਹ ਤਰੀਕ ਸਹੀ ਨਹੀਂ। ਸਹੀ ਤਰੀਕ ਇਹੀਓ ਹੈ ਜੋ ਮੈਂ ਉੱਪਰ ਲਿਖੀ ਹੈ—2 ਦਸੰਬਰ 1920। ਇਹ ਤਰੀਕ ਮੈਂ ਪਿਛੇ ਜਿਹੇ ਹੀ ਕਾਗਜ਼ਾਂ ਵਿਚੋਂ ਲੱਭੀ ਹੈ। ਖ਼ਾਨਦਾਨੀ ਵਹੀਆਂ ਵਿਚੋਂ।

ਬਚਪਨ ਵਿਚ ਮੇਰੀ ਮਾਂ ਮੈਨੂੰ ਦੱਸਦੀ ਹੁੰਦੀ ਸੀ ਕਿ ਮੇਰਾ ਜਨਮ ਮੱਘਰ ਦੇ ਮਹੀਨੇ ਵਿਚ ਹੋਇਆ ਸੀ ਤੇ ਵੀਰਵਾਰ ਦਾ ਦਿਨ ਸੀ। ਮੈਂ ਕਿਸੇ ਪੰਡਤ ਕੋਲੋਂ 1920 ਦੀ ਜੰਤਰੀ ਦੇਖੀ। ਜੰਤਰੀ ਵਿਚ 2 ਦਸੰਬਰ ਵੀਰਵਾਰ ਦੇ ਦਿਨ ਹੀ ਸੀ। ਮੱਘਰ ਦੇ ਮਹੀਨੇ ਦੀ ਵੀ ਜੰਤਰੀ ਨੇ ਪੁਸ਼ਟੀ ਕੀਤੀ।

ਜਦੋਂ ਮੇਰਾ ਜਨਮ ਹੋਇਆ, ਦੋ ਸੰਸਾਰ ਜੰਗਾਂ ਮੇਰੇ ਅਗੇ ਅਤੇ ਪਿਛੇ ਸਨ। ਦੁਨੀਆਂ ਹਿੱਲੀ ਹੋਈ ਸੀ। ਰੂਸ ਵਿਚ ਸੋਸ਼ਲਿਸਟ ਇਨਕਲਾਬ ਹੋ ਚੁਕਾ ਸੀ। ਭਾਰਤ ਵਿਚ ਆਜ਼ਾਦੀ ਦਾ ਸੰਗਰਾਮ ਜ਼ੋਰਾਂ ਉਤੇ ਸੀ ਤੇ ਜਲ੍ਹਿਆਂ ਵਾਲੇ ਬਾਗ ਵਿਚ ਗੋਲੀ ਚਲ ਚੁੱਕੀ ਸੀ। ਨਹਿਰੂ ਅਤੇ ਗਾਂਧੀ ਅਜੇ ਲੀਡਰ ਨਹੀਂ ਬਣੇ ਸਨ। ਗਾਂਧੀ ਉੱਭਰ ਰਿਹਾ ਸੀ।

ਮੈਂ ਆਪਣੇ ਮਾਂ-ਬਾਪ ਦਾ ਸਭ ਤੋਂ ਪਹਿਲਾ ਬੱਚਾ ਸਾਂ। ਮੇਰਾ ਜਨਮ ਮੇਰੇ ਨਾਨਕੇ, ਬੱਸੀ ਪਠਾਣਾਂ ਹੋਇਆ ਸੀ।

ਮੇਰੀ ਮਾਤਾ, ਜਮਨਾ ਦੇਵੀ, ਹਿੰਦੂ ਘਰਾਣੇ ਵਿਚੋਂ ਸੀ ਤੇ ਪਿਤਾ ਸਿੱਖ ਘਰਾਣੇ ਵਿਚੋਂ। ਪਿਤਾ ਦਾ ਨਾਅ ਮਾਂ-ਬਾਪ ਨੇ ਈਸ਼ਰ ਸਿੰਘ ਰਖਿਆ ਸੀ। ਮਗਰੋਂ ਗਿਆਨੀ ਈਸ਼ਰ ਸਿੰਘ ਦਰਦ ਨਾਂਅ ਪ੍ਰਸਿੱਧ ਹੋਇਆ।

ਮਾਤਾ-ਪਿਤਾ, ਜਿਨ੍ਹਾਂ ਨੇ ਸਾਨੂੰ ਜਨਮ ਦਿਤਾ ਹੁੰਦਾ ਹੈ, ਸਦਾ ਹੀ ਚੰਗੇ ਹੁੰਦੇ ਹਨ। ਪਰ ਮੈਨੂੰ ਆਪਣੀ ਮਾਂ ਦੇ ਦਿਲ ਵਿਚ ਅੰਤਾਂ ਦੀਆਂ ਚੰਗਿਆਈਆਂ ਅਤੇ ਕੋਮਲ-ਦਿਲੀਆਂ ਨਜ਼ਰ ਆਈਆਂ। ਕੁਦਰਤ ਵਲੋਂ ਮੇਰੀ ਮਾਂ ਨੂੰ ਬੜੇ ਹੀ ਦਰਦਮੰਦ ਦਿਲ ਦੀ ਬਖਸ਼ਿਸ਼ ਕੀਤੀ ਹੋਈ ਸੀ। ਬੁੱਧ ਦੀ ਫਿਲਾਸਫੀ 'ਅਹਿੰਸਾ ਪਰਮ ਧਰਮ ਹੈ' ਸਹਿਜ ਸੁਭਾ ਹੀ ਮੇਰੀ ਮਾਂ ਦੇ ਦਿਲ ਵਿਚ ਵਸੀ ਹੋਈ ਸੀ। ਜੀਵ-ਹੱਤਿਆ ਉਸਦੇ ਨੇੜੇ ਸਭ ਤੋਂ ਵੱਡਾ ਪਾਪ ਸੀ। ਜੀਵ-ਹੱਤਿਆ, ਉਸਦੇ ਨੇੜੇ, ਛੁਰੀਆਂ ਜਾਂ ਤਲਵਾਰਾਂ ਨਾਲ ਹੀ ਕਿਸੇ ਨੂੰ ਮਾਰਨਾ ਨਹੀਂ ਸੀ, ਸਗੋਂ ਕਿਸੇ ਦਾ ਦਿਲ ਦੁਖਾਉਣਾ ਵੀ ਉਸ ਲਈ ਜੀਵ-ਹੱਤਿਆ ਸੀ। ਇਸ ਲਈ ਉਸਦੇ ਕੋਮਲ ਦਿਲ ਵਿਚ ਬਿਲਕੁਲ ਸੱਚੇ ਅਰਥਾਂ ਵਾਲੀ ਅਹਿੰਸਾ ਦਾ ਵਸੇਬਾ ਸੀ।

ਭਾਵੇਂ ਮੇਰੀ ਮਾਤਾ ਹਿੰਦੂ ਘਰਾਣੇ ਨਾਲ ਸਬੰਧਤ ਸੀ, ਪਰ ਜਦੋਂ ਉਸਦਾ ਵਿਆਹ ਹੋਇਆ ਤਾਂ ਉਸਦਾ ਧਰਮ ਆਪਣੇ ਆਪ ਹੀ ਸਿੱਖ ਧਰਮ ਹੋ ਗਿਆ ਸੀ। ਅਸਲ ਵਿਚ ਔਰਤ ਦਾ ਕੋਈ ਆਪਣਾ ਧਰਮ ਹੈ ਹੀ ਨਹੀਂ। ਉਸਦਾ ਧਰਮ ਉਹੀਓ ਹੈ ਜੋ ਪਤੀ ਦਾ ਧਰਮ ਹੁੰਦਾ ਹੈ। ਜੇਕਰ ਪਤੀ ਹਿੰਦੂ ਹੈ, ਉਹ ਹਿੰਦਣੀ ਹੋ ਜਾਂਦੀ ਹੈ; ਜੇਕਰ ਸਿੱਖ ਹੁੰਦਾ ਹੈ, ਉਹ ਸਿੱਖਣੀ ਬਣ ਜਾਂਦੀ ਹੈ; ਮੁਸਲਮਾਨ ਹੋਵੇ, ਉਹ ਮੁਸਲਮਾਨਣੀ ਹੁੰਦੀ ਹੈ। ਇਸਦਾ ਕਾਰਨ ਮਰਦ ਦੀ ਪ੍ਰਧਾਨਤਾ ਦਾ ਸਮਾਜ ਹੈ। ਜੇ ਸਮਾਜ ਔਰਤ ਦੀ ਪ੍ਰਧਾਨਤਾ ਵਾਲਾ ਹੁੰਦਾ ਤਾਂ ਮੇਰੇ ਪਿਤਾ ਦਾ ਧਰਮ ਮੇਰੀ ਮਾਤਾ ਵਾਲਾ ਹੋ ਜਾਣਾ ਸੀ। ਧਰਮ ਉਸਦਾ ਹੋਣਾ ਸੀ ਜਿਸਦੇ ਕੋਲ ਸਮਾਜ ਦੀ ਪ੍ਰਧਾਨਤਾ ਜਾਂ ਤਾਕਤ ਹੁੰਦੀ। ਹੁਣ ਇਹ ਤਾਕਤ, ਮਾਤਾ ਦੀ ਥਾਂ, ਮੇਰੇ ਪਿਤਾ ਦੇ ਪਾਸੇ ਸੀ।

ਮੇਰੇ ਪਿਤਾ ਨੇ ਮੇਰੀ ਮਾਂ ਨੂੰ ਅੰਮ੍ਰਿਤ ਵੀ ਛਕਾਇਆ ਤੇ ਉਸਦਾ ਨਾਅ ਵੀ ਬਦਲਿਆ। ਪੇਕਿਆਂ ਨੇ ਉਸਦਾ ਨਾਅ ਜਮਨਾ ਦੇਵੀ ਰਖਿਆ ਸੀ। ਮੇਰੇ ਪਿਤਾ ਨੇ ਉਸਦਾ ਨਾਅ ਸ਼ਰਨ ਕੌਰ ਰਖ ਲਿਆ ਸੀ।

ਪਰ ਇਹ ਨਾਅ ਚਲਿਆ ਨਹੀਂ। ਮੇਰੇ ਪਿਤਾ ਤੋਂ ਬਿਨਾਂ ਇਹ ਹੋਰ ਕਿਸੇ ਲਿਆ ਹੀ ਨਹੀਂ। ਮੇਰੀ ਮਾਂ ਨੂੰ ਪੇਕੇ ਘਰ ਵਿਚ ਜਮਨੀ ਆਖਿਆ ਜਾਂਦਾ ਸੀ। ਸੋ ਪੇਕੇ ਅਤੇ ਸਹੁਰੇ ਉਸਨੂੰ ਸਦਾ ਹੀ ਜਮਨੀ ਆਖਦੇ ਰਹੇ। ਕਦੇ ਕਦੇ ਕੋਈ ਪੇਕੇ ਘਰ ਵਿਚ ਜਮਨਾ ਭੀ ਕਹਿ ਦਿੰਦਾ ਸੀ।

ਮਾਤਾ ਪਿਤਾ ਦੇ ਧਰਮਾਂ ਵਿਚ ਹੀ, ਕੇਵਲ ਅੰਤਰ ਨਹੀਂ ਸੀ, ਸਗੋਂ ਉਹਨਾਂ ਦੀਆਂ ਰਹਿਣੀਆਂ ਬਹਿਣੀਆਂ ਵਿਚ ਵੀ ਵੱਡਾ ਫ਼ਰਕ ਸੀ। ਮੇਰੇ ਪਿਤਾ ਇਕ ਮਾਮੂਲੀ ਪਿੰਡ ਦੇ ਰਹਿਣ ਵਾਲੇ ਸਨ, ਪਰ ਮੇਰੀ ਮਾਂ ਨੂੰ, ਬਹੁਤ ਕਰਕੇ ਸ਼ਹਿਰਨ ਆਖਿਆ ਜਾਂਦਾ ਸੀ। ਭਾਵੇਂ ਬਸੀ ਪਠਾਣਾਂ ਕੋਈ ਵੱਡਾ ਸ਼ਹਿਰ ਨਹੀਂ ਸੀ, ਇਕ ਮਾਮੂਲੀ ਕਸਬਾ ਸੀ, ਪਰ ਸਾਡੇ ਪਿੰਡ ਦੇ ਟਾਕਰੇ ਵਿਚ ਤਾਂ ਫੇਰ ਵੀ ਉਹ ਇਕ ਸ਼ਹਿਰ ਹੀ ਸੀ। ਸਾਡਾ ਪਿੰਡ ਕੱਚਾ ਸੀ, ਪਰ ਬਸੀ ਪਠਾਣਾਂ ਨਿੱਕੀ ਇੱਟ ਦਾ ਬਣਿਆ ਪੱਕਾ ਸ਼ਹਿਰ ਸੀ ਜਿਹੜਾ ਕਦੇ ਸਰਹਿੰਦ ਨਾਲ ਵੀ ਇਕ ਮਿਕ ਹੋਇਆ ਹੁੰਦਾ ਸੀ। ਉਥੇ ਹਸਪਤਾਲ ਸੀ, ਸਕੂਲ ਸਨ, ਬਾਜ਼ਾਰ ਸਨ। ਸਾਡੇ ਪਿੰਡ ਵਿਚ ਇਹਨਾਂ ਵਿਚੋਂ ਕੋਈ ਵੀ ਚੀਜ਼ ਨਹੀਂ ਸੀ।

ਮੇਰੇ ਪਿਤਾ ਦੇ ਕਹੇ ਕਹਾਏ ਮੇਰੀ ਮਾਂ ਨੇ ਆਪਣੇ ਗਲ ਕਿਰਪਾਨ ਵੀ ਪਹਿਨ ਲਈ ਸੀ। ਪਰ ਇਹ ਕਿਰਪਾਨ ਛੇਤੀ ਹੀ ਫੇਰ ਉਸਨੇ ਲਾਹ ਵੀ ਦਿਤੀ ਸੀ।

ਮੇਰੇ ਪਿਤਾ ਸਿੰਘ ਸਭਾ ਲਹਿਰ ਤੋਂ ਪਰਭਾਤ ਸਨ। ਫੇਰ ਅਕਾਲੀ ਲਹਿਰ ਨਾਲ ਵੀ ਉਹਨਾਂ ਨੂੰ ਕਾਫੀ ਸਹਿਮਤੀ ਰਹੀ। ਪੰਜ ਖੰਡ ਭਸੌੜ ਵਾਲੇ ਬਾਬੂ ਤੇਜਾ ਸਿੰਘ ਜੀ ਤੋਂ ਵੀ ਉਹਨਾਂ ਨੇ ਪਰਭਾਵ ਲਿਆ। ਨਾਮਧਾਰੀ ਲਹਿਰ ਨਾਲ ਵੀ ਉਹਨਾਂ ਨੂੰ ਹਮਦਰਦੀ ਹੁੰਦੀ। ਪਹਿਲਾਂ ਕਾਲੀ ਪੱਗ ਬੰਨ੍ਹਦੇ, ਫੇਰ ਉਹ ਨੀਲੀ ਬੰਨ੍ਹਣ ਲਗੇ, ਹੁਣ ਉਹ ਕਿਸੇ ਹੋਰ ਰੰਗ ਦੀ ਪੱਗ ਵੀ ਬੰਨ੍ਹ ਲੈਂਦੇ ਸਨ ਤੇ ਕਦੇ ਕਦੇ ਚਿੱਟੀ ਵੀ। ਚੂੜੀਦਾਰ ਪਜਾਮੇ ਨਾਲ ਉਹ ਗਾਤਰੇ ਕਿਰਪਾਨ ਪਾ ਕੇ ਚੰਗੇ ਸਿੱਖ ਲਗਦੇ ਸਨ (ਮੇਰੇ ਪਿਤਾ ਪਿਛੇ ਜਿਹੇ ਸਵਰਗਵਾਸ ਹੋ ਚੁੱਕੇ ਹਨ)। ਇਤਿਹਾਸ ਦੀ ਕਾਫੀ ਵਾਕਫੀ ਸੀ। ਖਾਸਕਰ ਸਿੱਖ ਇਤਿਹਾਸ ਦੀ, ਕਿਤੇ ਬੋਲਣਾ ਪਵੇ ਤਾਂ ਚੰਗਾ ਬੋਲ ਲੈਂਦੇ ਸਨ। ਸ਼ਰੋਮਣੀ ਕਮੇਟੀ ਵਿਚ ਗਿਆਨੀ ਚੇਲ ਸਿੰਘ ਨਾਲ ਪਰਚਾਰਕ ਵੀ ਉਹ ਰਹੇ ਹਨ। ਈਸ਼ਰ ਸਿੰਘ ਮਝੈਲ ਉਹਨਾਂ ਦੇ ਕਾਫੀ ਮਿੱਤਰ ਹੁੰਦੇ ਸਨ।

ਮੇਰੇ ਪਿਤਾ ਕਵੀ ਵੀ ਸਨ। ਕਵੀ ਵਜੋਂ ਹੀ ਉਹਨਾਂ ਨੇ ਤਖ਼ੱਲਸ 'ਦਰਦ' ਰਖਿਆ ਸੀ। ਮੈਨੂੰ ਕਵਿਤਾ ਲਿਖਣ ਲਈ ਵੀ ਉਹੀਓ ਆਖਦੇ ਹੁੰਦੇ ਸਨ। ਮੇਰਾ ਵੀ ਤਖੱਲਸ 'ਧੀਰ' ਉਹਨਾਂ ਦਾ ਰਖਿਆ ਹੋਇਆ ਹੈ।

ਮੇਰੇ ਪਿਤਾ ਆਪਣੇ ਵਲੋਂ ਆਪ ਕਵਿਤਾ ਲਿਖਕੇ ਮੇਰੇ ਨਾਅ ਨਾਲ ਛਪਵਾਉਂਦੇ ਸਨ (ਵਲੋਂ ਕਾਕਾ ਸੰਤੋਖ ਸਿੰਘ ਧੀਰ ਸਪੁੱਤਰ ਗਿਆਨੀ ਈਸ਼ਰ ਸਿੰਘ ਦਰਦ) ਕਵੀ ਦਰਬਾਰਾਂ ਵਿਚ ਵੀ ਉਹ ਆਪ ਕਵਿਤਾ ਲਿਖਕੇ ਮੈਨੂੰ ਬੋਲਣ ਲਈ ਕਹਿ ਦਿੰਦੇ ਸਨ। ਮੈਨੂੰ ਇਸ ਨਾਲ ਖੁਸ਼ੀ, ਨਮੋਸ਼ੀ ਜਿਹੀ ਮਹਿਸੂਸ ਹੁੰਦੀ। ਜਿਵੇਂ ਮੇਰੇ ਉਤੇ ਉਹ ਕੋਈ ਬੋਝ ਜਿਹਾ ਪਾ ਰਹੇ ਹੋਣ। ਮੈਨੂੰ ਆਪਣਾ ਆਪ ਜਿਵੇਂ ਫਸਿਆ ਫਸਿਆ ਜਾਪਦਾ। ਉਹਨੀਂ ਦਿਨੀਂ ਮੈਂ ਲੇਖਕ ਹੋਣ ਨੂੰ ਚੰਗਾ ਨਹੀਂ ਸਾਂ ਸਮਝਦਾ। ਮੇਰੇ ਲਈ ਲੇਖਕ ਹੋਣਾ ਮਾਣ ਦੀ ਗੱਲ ਹੀ ਨਹੀਂ ਸੀ। ਮੇਰੀ ਸੋਚ ਇਹ ਸੀ ਕਿ ਸਾਨੂੰ ਬਹੁਤ ਅਮੀਰ ਅਤੇ ਖੁਸ਼ਹਾਲ ਹੋਣਾ ਚਾਹੀਦਾ ਹੈ। ਚੰਗਾ ਖਾਈਏ, ਚੰਗਾ ਪਹਿਨੀਏ, ਬਹੁਤ ਚੰਗੇ ਘਰ ਵਿਚ ਰਹੀਏ। ਦੇਖੋ, ਕੀ ਵਿਅੰਗ ਹੈ, ਜਿਹੜੀ ਮੇਰੀ ਇੱਛਾ ਸੀ, ਉਹ ਤਾਂ ਪੂਰੀ ਹੋਈ ਨਹੀਂ, ਜਿਹੜੀ ਇੱਛਾ ਨਹੀਂ ਸੀ, ਉਹ ਰੱਜ ਰੱਜ ਕੇ ਪੂਰੀ ਹੋਈ। ਅੱਜ ਮੈਂ ਕੇਵਲ ਲੇਖਕ ਹੀ ਨਹੀਂ, ਸਗੋਂ ਲੇਖਕ ਹੋਣ ਨੂੰ ਮੈਂ ਚੰਗਾ ਵੀ ਸਮਝ ਰਿਹਾ ਹਾਂ। ਲੇਖਕ ਹੋਣਾ ਮੇਰੇ ਨੇੜੇ ਬੜੇ ਹੀ ਮਾਣ ਦੀ ਗੱਲ ਹੈ ਅੱਜ।

1938 ਸੀ। ਰਾਵਲਪਿੰਡੀ ਰਹਿੰਦਾ ਸਾਂ। ਸ਼ਾਇਦ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਾ ਦਿਹਾੜਾ ਸੀ। ਇਕ ਦਿਨ ਮੈਂ ਕੰਧ ਉਤੇ ਇਕ ਇਸ਼ਤਿਹਾਰ ਪੜ੍ਹਿਆ, 'ਕਵੀ ਗੁਲਜ਼ਾਰ ਵਲੋਂ ਭਾਰੀ ਪੰਜਾਬੀ ਕਵੀ ਦਰਬਾਰ।' ਰਾਵਲਪਿੰਡੀ ਸਾਡੇ ਪਿੰਡੋਂ ਪੰਜ ਸੌ ਕਿਲੋਮੀਟਰ ਸੀ। ਮੈਂ ਆਪਣੇ ਪਿੰਡੋਂ ਦੂਰ ਆਪਣੇ ਮਾਮੇ ਪਾਸ ਰਹਿ ਰਿਹਾ ਸਾਂ। ਇਸ਼ਤਿਹਾਰ ਪੰਜਾਬੀ ਬੋਲੀ ਤੇ ਫ਼ਾਰਸੀ ਲਿਪੀ ਵਿਚ ਛਪਿਆ ਸੀ ਤੇ ਮੇਰੇ ਮਨ ਵਿਚ ਇਸ਼ਤਿਹਾਰ ਲਈ ਮੋਹ ਜਿਹਾ ਜਾਗ ਪਿਆ ਸੀ। ਕਵੀ ਦਰਬਾਰ ਦਾ ਲਫ਼ਜ਼ ਮੇਰੇ ਪਿਤਾ ਨਾਲ ਸਬੰਧਤ ਸੀ ਤੇ ਇਸ ਵਿਚ ਉਹਨਾਂ ਦੀ ਪ੍ਰਸੰਸਾ ਕਰਨ। ਕਵੀ ਉਥੇ ਹੀਰੋ ਸਨ। ਮੇਰੇ ਮਨ ਵਿਚ ਆਵੇ ਕਿ ਮੈਂ ਵੀ ਇਵੇਂ ਹੀ ਕਵੀ ਬਣਾਂ, ਇਵੇਂ ਹੀ ਕਵਿਤਾ ਪੜ੍ਹਾਂ ਤੇ ਇਵੇਂ ਹੀ ਮੈਨੂੰ ਦਾਦ ਮਿਲੇ। ਕਵੀ ਹੋਣਾ ਮੈਨੂੰ ਬੜਾ ਮਹੱਤਵਪੂਰਨ ਲੱਗਣ ਲੱਗਾ। ਲੋਕਾਂ ਵਿਚ ਨਿਵੇਕਲਾ ਜਿਹਾ—ਜਿਸਨੂੰ ਲੋਕੀਂ ਸੁਣਦੇ ਤੇ ਮਾਣ ਇੱਜ਼ਤ ਕਰਦੇ ਸਨ। ਚੱਕਰਧਾਰੀ ਬੇਜ਼ਰ ਤੇ ਤਾਰਾ ਸਿੰਘ ਤਾਰਾ ਆਦਿ ਨੇ ਉਥੇ ਕਵਿਤਾ ਪੜ੍ਹੀ ਸੀ। ਸਭ ਸਟੇਜੀ ਕਵੀ ਸਨ। ਪਰ ਇਕ ਤੋਂ ਇਕ ਵਧੀਆ ਸਨ।

ਅਤੇ ਮੈਂ ਕਵਿਤਾ ਲਿਖਣ ਲਈ ਕਵੀ ਦੀ ਕਲਮ ਚੁੱਕ ਲਈ। ਤੁਕਾਂ ਜੋੜਨ ਲਗ ਪਿਆ। ਛੰਦ ਬੈਂਤ ਹੀ ਹੁੰਦਾ ਸੀ। 'ਦਾਲ ਦਿਲਬਰਾ ਦਿਲ ਦੇ ਨਾਲ ਮਿਲ ਜਾ, ਜਿਵੇਂ ਰਾਂਝਣੇ ਨੂੰ ਜੱਟੀ ਹੀਰ ਮਿਲ ਗਈ—ਲਾਮ ਲੈ ਚਲੋ ਬੰਦੋ ਬੰਦ ਮੇਰਾ ਸੁਹਣੇ ਯਾਰ ਦੀ ਸੇਜ ਬਣਾਵਣੇ ਨੂੰ।' ਇਹੋ ਜਿਹੇ ਬੈਂਤਾਂ ਦੇ ਪਰਭਾਵ ਦੀ ਛਤਰ ਛਾਇਆ। ਹੇਠ ਮੈਂ ਕਵਿਤਾ ਲਿਖਣੀ ਸ਼ੁਰੂ ਕੀਤੀ।

ਮੈਂ ਗੰਭੀਰ ਹੋ ਗਿਆ। ਜਿਥੇ ਕਵੀ ਬਣਨ ਤੋਂ ਮੈਂ ਕੰਨੀ ਜਿਹੀ ਕਤਰਾਉਂਦਾ ਸਾਂ, ਉਥੇ ਕਵੀ ਬਣਨ ਲਈ ਮੈਂ ਜਦੋਜਹਿਦ ਸ਼ੁਰੂ ਕੀਤੀ। ਕਦੇ ਮੈਨੂੰ 'ਧੀਰ' ਤਖੱਲਸ ਵੀ ਚੰਗਾ ਨਹੀਂ ਸੀ ਲਗਦਾ ਹੁੰਦਾ। ਹੁਣ ਮੈਂ ਆਪਣੇ ਇਸ ਤਖੱਲਸ ਦੀ ਲਾਜ ਪਾਲਣੀ ਸ਼ੁਰੂ ਕੀਤੀ।

ਮੇਰੇ ਪਿਤਾ ਪਹਿਲੋਂ ਮੈਨੂੰ ਕਵੀ ਜਾਂ ਲੇਖਕ ਬਣਨ ਲਈ ਉਤਸ਼ਾਹਤ ਕਰਦੇ ਹੁੰਦੇ ਸਨ। ਹੁਣ ਉਹ ਡਰਨ ਲਗ ਪਏ ਕਿ ਜੇ ਮੈਂ ਲੇਖਕ ਬਣ ਗਿਆ ਤਾਂ ਭੁੱਖਾ ਮਰਨਾ ਪਵੇਗਾ। ਪਰ ਮੈਂ ਲੇਖਕ ਬਣਦਾ ਗਿਆ। ਭਾਵੇਂ ਮੈਨੂੰ ਰੱਜ ਰੱਜ ਕੇ ਭੁੱਖਾ ਮਰਨਾ ਪਿਆ ਹੈ।

ਸੰਸਾਰ ਦੇ ਬਹੁਤੇ ਲੇਖਕਾਂ ਵਾਂਗ, ਪਹਿਲਾਂ ਕਵਿਤਾ ਲਿਖਣ ਲਈ ਹੀ ਆਪਣੀ ਕਲਮ ਚੁੱਕੀ ਸੀ। ਫੇਰ ਕਹਾਣੀਆਂ ਲਿਖਣ ਲਗਾ। ਨਾਵਲ ਵੀ ਤੇ ਕਈ ਤਰ੍ਹਾਂ ਦੇ ਹੋਰ ਵਾਰਤਕ ਰੂਪ ਵੀ। ਇਹ ਗੱਲ ਦੇ ਉਤੇ ਨਿਰਭਰ ਹੈ ਕਿ ਕਿਹੜੀ ਗੱਲ ਕਿਸ ਰੂਪ ਵਿਚ ਪਰਗਟ ਹੋਣਾ ਚਾਹੁੰਦੀ ਹੈ।

ਮੈਂ ਨਾ ਕਵੀ ਸੰਤੋਖ ਸਿੰਘ ਧੀਰ ਹਾਂ, ਨਾ ਕਹਾਣੀਕਾਰ ਸੰਤੋਖ ਸਿੰਘ ਧੀਰ, ਮੈਂ ਲੇਖਕ ਸੰਤੋਖ ਸਿੰਘ ਧੀਰ ਹਾਂ। ਇਸੇ ਵਿਚ ਕਹਾਣੀਕਾਰ ਤੇ ਕਵੀ ਸਭ ਆ ਜਾਂਦੇ ਹਨ।

## "ਤੋਤੇ"

ਅਵਤਾਰ ਗਿੱਲ

ਜਦੋਂ ਵੀ
ਸਾਡਾ ਰੰਗ
ਮਾਰਦਾ ਹੈ ਡੰਗ
ਵਿਹੜੇ ਵਿਚ ਸਾਡੇ ਉਹ
ਕਰਾਸ ਸਾੜਦੇ ਹਨ
ਇਕ ਵਾਰ ਫਿਰ
ਈਸਾ ਨੂੰ
ਸੂਲੀ ਚਾੜ੍ਹਦੇ ਹਨ।

ਜਿਨ੍ਹਾਂ ਨੂੰ ਆਉਂਦੀ ਹੈ
ਓਪਰੇ ਲੋਕਾਂ ਤੋਂ ਬੋ
'ਕਲੈਨ' ਦੇ ਉਪਾਸ਼ਕੋ
ਤੁਸੀਂ ਇਕੱਠੇ ਨਹੀਂ ਹੋ ਸਕਦੇ
ਮਨੁੱਖਤਾ ਦੇ ਵੈਰੀ
ਹਰ ਸਮੇਂ
ਹਰ ਖਿੱਤੇ ਵਿਚ
ਮਨੁੱਖ ਨੂੰ
ਕੌਮਾਂ, ਨਸਲਾਂ, ਮਜ਼ਹਬਾਂ ਦੀ
ਤੱਕੜੀ ਵਿਚ ਤੋਲਦੇ ਹਨ
ਸਾਡੇ ਪਿੰਡਾਂ ਵਿਚ ਵੀ
ਕਈ ਤੋਤੇ
ਤੁਹਾਡੀ ਬੋਲੀ ਬੋਲਦੇ ਹਨ।

ਜਦੋਂ ਤਕ
ਅਸੀਂ
ਇਨ੍ਹਾਂ 'ਗੰਗਾਰਾਮਾਂ' ਦੇ ਆਹਲਣੇ
ਆਪਣੇ ਸਿਰਾਂ ਤੋਂ
ਚੁੱਕਣੇ ਨਹੀਂ
ਨਫਰਤਾਂ ਦੇ ਸਿਲਸਿਲੇ
ਮੁੱਕਣੇ ਨਹੀਂ।

## ਸੰਤੋਖ ਸਿੰਘ ਧੀਰ ਸਨਮਾਨ ਸਮਾਰੋਹ ਤੇ ਵਿਸ਼ੇਸ਼

# ਕਲਮ ਚੁੰਮਾਂ ਕਿ ਮੱਥਾ ?

—ਜਗਜੀਤ ਸਿੰਘ ਆਨੰਦ—

ਦੂਰ ਕੈਨੇਡਾ ਤੋਂ ਦਰਸ਼ਨ ਗਿੱਲ ਆ ਰਿਹਾ ਹੈ। ਸੰਤੋਖ ਸਿੰਘ ਧੀਰ ਨੂੰ ਸਨਮਾਨਣ।

ਯਾਰ ਭੁੱਲਰ ਕਹਿੰਦਾ ਹੈ, ਮੈਂ ਵੀ ਚਾਰ ਅੱਖਰ ਲਿਖਾਂ, ਨਵੰਬਰ ਦੇ ਅਖੀਰ ਤਕ ਜ਼ਰੂਰ ਝਰੀਟ ਦਿਆਂ।

ਉਸਨੂੰ ਵਹਿਮ ਹੈ—ਇਹ ਕੰਮ ਸੌਖਾ ਹੈ। ਰੋਜ਼ ਜੁ ਦੋ ਅੱਖਰ ਝਰੀਟਦਾ ਹਾਂ, ਚਾਰ ਹੋਰ ਸਹੀ।

ਪਰ ਉਸਨੂੰ ਕੀ ਪਤਾ ਕਿ ਚਲੰਤ ਘਟਨਾਵਾਂ ਬਾਰੇ ਦੋ ਅੱਖਰ ਝਰੀਟਣੇ ਕਿੰਨੇ ਸੌਖੇ ਹਨ(ਆਖਰ ਜੋ ਘਟਿਆ ਹੈ, ਉਸ ਦਾ ਪਰਤੌ ਹੀ ਪੇਸ਼ ਕਰਨਾ ਹੁੰਦਾ ਹੈ।) ਪਰ ਚਾਰੇ ਵੇਦ ਤੇ ਸਭੇ ਕਤੇਬ ਜਿਸ ਦੀ ਰਚਨਾਤਮਕ ਕਿਰਿਆ ਵਿਚ ਸਮੋਏ ਹੋਣ, ਉਸ ਪਿਆਰੇ ਦੀ ਅਮੁਲੀ ਦੇਣ ਬਾਰੇ ਚਾਰ ਅੱਖਰ ਪਾਉਣੇ ਕਿੰਨੇ ਔਖੇ ਹਨ।

ਨਵੰਬਰ ਦੇ ਅਖਰੀਲੇ ਦਿਹਾੜੇ ਆ ਗਏ ਹਨ। ਰੋਜ਼ ਤੜਕਸਾਰ ਉਠਦਾ ਹਾਂ। ਮਨ ਦੀ ਦਵਾਤ ਵਿਚ ਯਾਦਾਂ ਦੀ ਕਾਨੀ ਦੀਆਂ ਚੁੰਝਾਂ ਮਾਰਦਾ ਹਾਂ, ਉਸ ਦੇ ਬੀਤੇ ਨੂੰ, ਕੀਤੇ ਨੂੰ ਚਿਤਵਦਾ ਹਾਂ, ਚਾਰ ਅੱਖਰ ਲਭਦਾ ਹਾਂ ਜਿਨ੍ਹਾਂ ਵਿਚ ਉਸ ਸਭ ਕੁਝ ਨੂੰ ਸਮੋ ਸਕਾਂ।

ਪਰ ਇਸ ਘੜ-ਭੰਨ ਵਿਚ ਹੀ ਉਸ਼ੇਰ ਦੀ ਥਾਂ ਸਵੇਰ ਲੈ ਲੈਂਦੀ ਹੈ, ਅਖਬਾਰਾਂ ਆ ਜਾਂਦੀਆਂ ਹਨ ਤੇ ਘਟਨਾਵਾਂ ਦੇ ਕਰਮ-ਪ੍ਰਤੀਕਰਮ ਨੂੰ ਉਲੀਕਣ ਦੇ ਨਿਤਾ-ਪ੍ਰਤੀ ਦੇ ਚੱਕਰ ਵਿਚ ਉਲਝ ਜਾਂਦਾ ਹੈ...ਉਹ ਚਾਰ ਅੱਖਰ ਪਕੜ ਵਿਚ ਨਹੀਂ ਆਉਂਦੇ ਜਿਹੜੇ ਉਸ ਪਿਆਰੇ ਦੀ ਦੇਣ ਨਾਲ ਕੁਝ ਕੁ ਇਨਸਾਫ ਤਾਂ ਕਰ ਸਕਣ।

ਇਸੇ ਉਧੇੜ-ਬੁਣ ਵਿਚ ਨਵੰਬਰ ਦੇ ਸਾਰੇ ਦਿਨ ਲੰਘ ਜਾਂਦੇ ਹਨ, ਦਸੰਬਰ ਦੀ ਪਹਿਲੀ ਸਵੇਰ ਆ ਜਾਂਦੀ ਹੈ, ਨਵੇਂ ਕੰਮ ਨਵੇਂ ਉਲਝੇਵੇਂ ਲੈ ਕੇ। ਤ੍ਰਹਿ ਜਾਂਦਾ ਹਾਂ ਕਿ ਉਹ ਸੁਲੱਖਣਾ ਛਿਣ ਪਕੜ ਵਿਚ ਨਹੀਂ ਆਉਣਾ ਜਿਸ ਵਿਚ ਮੂੰਹੋਂ ਮੰਗਿਆਂ ਮਸੀਤ ਸੋਨੇ ਦੀ ਹੋ ਜਾਣੀ ਹੈ। ਹੁਣ ਤਾਂ ਆਪਣੇ ਦੋਏ ਵਜੋਂ ਕੋਈ ਕੱਚਾ ਢਾਰਾ ਹੀ ਉਸਾਰਨਾ ਪਏਗਾ, ਨਹੀਂ ਤਾਂ ਇਕਰਾਰੋਂ ਖੋਟਾ ਰਹਿ ਜਾਵਾਂਗਾ।

—0—



ਜਗਜੀਤ ਸਿੰਘ ਆਨੰਦ

ਧੀਰ ਨੂੰ ਪਹਿਲੀ ਵਾਰ ਕਦੋਂ ਮਿਲਿਆ, ਕਿਥੇ ਮਿਲਿਆ-ਮਨ ਦੀ ਸਲੇਟ ਤੋਂ ਇਹ ਮੇਟਿਆ ਗਿਆ ਹੈ। ਪਰ ਉਹਦਾ "ਨਿਕੀ ਸਲੇਟੀ ਸੜਕ ਦਾ ਟੋਟਾ" ਅਜ ਵੀ ਸਗਵੇਂ ਦਾ ਸਗਵਾਂ ਹਲੂਣ ਜਾਂਦਾ ਹੈ।

ਕੋਈ ਸਾਹਿਤ ਸਮਾਗਮ ਸੀ ਜਾਂ ਪ੍ਰੀਤ-ਮਿਲਣੀ, ਧੀਰ ਜਦੋਂ ਪਹਿਲੀ ਵਾਰ ਮਿਲਿਆ, ਉਦੋਂ ਵੀ ਚੜ੍ਹਿਆ-ਪੀੜਿਆ ਤੇ ਹੁਣ ਜਦੋਂ ਹਯਾਤੀ ਦੇ ਕੋਈ ਤਿੰਨ ਦਹਾਕੇ ਪਹਿਲੀ ਮਿਲਣੀ ਪਿਛੇ ਛਡ ਚੁਕੇ ਹਨ, ਜਦੋਂ ਵੀ ਮਿਲੇ, ਸਦਾ ਤਿਆਰ ਹੀ ਮਿਲਦਾ ਹੈ, ਅਗੇ-ਵਧੂ ਵਿਚਾਰਧਾਰਾ ਦਾ ਸ਼ਾਹ-ਸਵਾਰ, ਕਾਨੀ ਦਾ ਕਟਾਰ ਨਾਲ ਪਿਛਾਖੜ ਦੇ ਕਟਕ ਲਾਹੁੰਦਾ, ਆਪਣੀ ਸੁੱਚੀ ਲੇਖਣੀ ਨਾਲ ਲੋਕਾਈ ਦੇ ਦਿਸਹਦੇ ਵਿਸ਼ਾਲ ਕਰਦਾ, ਸਮੁੱਚੀ ਮਨੁੱਖਤਾ ਦੇ ਰਾਂਗਲੇ ਸਮਾਜਵਾਦੀ ਭਵਿਖ ਵਲ ਉਂਗਲ ਕਰਦਾ।

ਧੀਰ ਵੰਡ ਪਿਛੋਂ ਦੀ ਪ੍ਰਗਤੀਵਾਦੀ ਲਹਿਰ ਦਾ ਸਾਡੀ ਬੋਲੀ ਦੇ ਸਾਹਿਤ ਵਿਚ ਸਭ ਤੋਂ ਉੱਚਾ ਮੁਨਾਰਾ ਹੈ। ਸੰਤਾਲੀਏ ਦੇ ਦੁਖਾਂਤ ਦੀ ਉਥਲ-ਪੁਥਲ ਅਤੇ ਚਲੰਤ ਸਦੀ ਦੇ ਛੇਵੇਂ ਦਹਾਕੇ ਦੇ ਆਰੰਭ ਦੀ ਅਮਨ ਲਹਿਰ ਨੇ ਸਾਹਿਤਕਾਰਾਂ ਦੇ ਜਿਹੜੇ ਨਵੇਂ ਪੋਚ ਨੂੰ ਸਾਹਮਣੇ ਲਿਆਂਦਾ, ਉਸ ਦਾ ਸਿਰਮੌਰ।

ਸੰਤੋਖ ਸਿੰਘ ਧੀਰ ਸਿੱਧਾ ਸਮੇਂ ਦੇ ਸਭ ਤੋਂ ਵਡੇ ਸਚ ਮਾਰਕਸਵਾਦ ਲੈਨਿਨਵਾਦ-ਦਾ ਝੰਡਾ ਲੈ ਕੇ ਸਾਹਿਤ ਦੇ ਮੈਦਾਨ ਵਿਚ ਉਤਰਿਆ ਸੀ—ਤੇ ਇਹ ਝੰਡਾ ਉਸ ਨੇ ਪਹਿਲੇ ਦਿਨ ਤੋਂ ਹੁਣ ਤੱਕ ਪੱਕੇ-ਪੀਡੇ ਹਥਾਂ ਨਾਲ ਫੜਿਆ ਹੋਇਆ ਹੈ। ਆਪਦੇ ਵਿਚਾਰਧਾਰਕ ਵਿਸ਼ਵਾਸ਼ਾਂ ਨੂੰ ਲੁਕਾਉਣਾ ਤਾਂ ਕਿਤੇ ਰਿਹਾ ਉਹ ਹਮੇਸ਼ਾਂ ਠੋਕ-ਵਜਾ ਕੇ ਉਹਨਾਂ ਨੂੰ ਸਾਹਮਣੇ ਲਿਆਉਂਦਾ ਹੈ। ਸੱਚ ਪੁਛੋ ਤਾਂ ਇਹ ਵਿਸ਼ਵਾਸ਼ ਉਸਦੇ ਸਹਾਇਕ ਭਥੇ ਦੇ ਤੀਰ-ਤਰਕਸ਼ ਹਨ, ਜਿਹਨਾਂ ਨੂੰ ਉਹ ਕਮਾਲ ਜੋਗਤਾ ਨਾਲ ਨਿਰੰਤਰ ਚਲਾਉਂਦਾ ਹੈ। ਉਸਦੀ ਹਰ ਲਿਖਤ, ਹਰ ਸਤਰ ਹਰ ਤੁਕ ਇਕ ਨਾਅਰਾ ਹੈ, ਸਮੇਂ ਦੇ ਸੱਚ ਦਾ ਨਾਅਰਾ। ਤੇ ਮੇਰੀ ਜਾਚੇ ਉਸਦੀ ਸਭ ਤੋਂ ਵੱਡੀ ਪਰਾਪਤੀ ਇਹ ਹੈ ਕਿ ਉਸਨੇ ਆਪਣੀ ਸਮੁੱਚੀ ਸਾਹਿਤਕ ਰਚਨਾ ਨਾਲ ਇਸ ਉਜ ਨੂੰ ਝੁਠਲਾ ਦਿਤਾ ਹੈ ਕਿ ਨਾਅਰੇਬਾਜ਼ੀ ਜਾਂ ਫਿਰ ਵਿਚਾਰਧਾਰਾ ਨੂੰ ਉਭਰਵੇਂ ਰੂਪ ਵਿਚ ਪੇਸ਼ ਕਰਨਾ, ਸਾਹਿਤ ਨੂੰ ਸਾਹਿਤ ਨਹੀਂ ਰਹਿਣ ਦਿੰਦੇ।

ਧੀਰ ਲਈ ਸਾਹਿਤ ਰਚਨਾ ਉਵੇਂ ਹੀ ਹੈ ਜਿਵੇਂ ਕਿਸੇ ਰਿਸ਼ੀ ਲਈ ਤਪੱਸਿਆ ਜਾਂ ਜਿਵੇਂ ਕਿਸੇ ਧਾਰਮਿਕ ਰੰਗਣ ਵਿਚ ਰੰਗੇ ਵਿਅਕਤੀ ਲਈ ਨਿਤਨੇਮ। ਇਸ ਵੇਲੇ ਉਸਦੀ ਸਭ ਤੋਂ ਸਜਰੀ ਪੁਸਤਕ ਸਿਘਾਂਵਲੀ ਮੇਰੇ ਕੋਲ ਪਈ ਹੈ। ਇਸ ਵਿਚ ਅਪਰੈਲ 1977 ਤੋਂ ਲੈ ਕੇ ਦਸੰਬਰ 1982 ਤਕ ਦੀਆਂ ਕਵਿਤਾਵਾਂ ਹਨ। ਤੇ ਇਕ ਪਰਚਾ ਨਵਾਂ ਜ਼ਮਾਨਾ ਦਾ ਪਿਆ ਹੈ, ਜਿਸ ਵਿਚ 1981 ਦੀ ਜੁਲਾਈ ਦੇ ਤਿੰਨ ਦਿਨਾਂ ਵਿਚ ਚੰਡੀਗੜ੍ਹ ਜੇਲ੍ਹ ਅੰਦਰ ਲਿਖੀਆਂ ਪੰਜ ਕਵਿਤਾਵਾਂ ਹਨ। ਜਾਂ ਫਿਰ ਮਹਾਨ ਲੈਨਿਨ ਦੀ ਜਨਮ-ਸ਼ਤਾਬਦੀ ਨੂੰ ਸਮਰਪਿਤ ਮੇਰੀ ਸੰਪਾਦਨਾ 'ਕਿਰਨਾਂ ਦਾ ਕਾਫਲਾ' ਵਿਚ ਦਰਜ ਤਿੰਨ ਕਵਿਤਾਵਾਂ ਹਨ। ਜਿਹੜੀਆਂ ਅਵਸ਼ ਹੀ 1970 ਤੋਂ ਪਹਿਲਾਂ ਦੀ ਉਪਜ ਹਨ। ਕੁਲ ਮਿਲਾ ਕੇ ਇਹ ਸਤੰਵਜਾ ਕਵਿਤਾਵਾਂ ਹਨ। ਇਹਨਾਂ ਵਿਚੋਂ ਇਕ ਵੀ ਅਜਿਹੀ ਨਹੀਂ ਜਿਸ ਵਿਚੋਂ ਧੀਰ ਦੀ ਵਿਚਾਰਧਾਰਕ ਦਿਖ ਉਮੁਲ ਉਮੁਲ ਨਾ ਪੈਂਦੀ ਹੋਵੇ, ਇਕ ਵੀ ਅਜਿਹੀ ਨਹੀਂ ਜਿਹੜੀ ਖੜਕਵੇਂ ਸੰਦੇਸ਼ ਤੋਂ(ਜਿਸ ਨੂੰ ਨਾਅਰਾ ਵੀ ਕਹਿੰਦੇ ਹਨ) ਸਖਣੀ ਹੋਵੇ ਤੇ ਇਕ ਵੀ ਅਜਿਹੀ ਨਹੀਂ ਜਿਹੜੀ ਪਹੁੰਚੀ ਹੋਈ ਸਾਹਿਤਕ ਕਿਰਤ ਨਾ ਹੋਵੇ। ਕੋਈ ਇਕ ਤੁਕ ਜਾਂ ਪੰਗਤੀ ਤਾਂ ਪੇਸ਼ ਕਰੇ ਜਿਸ ਨੂੰ ਅਸਾਹਿਤਕ ਆਖਿਆ ਜਾ ਸਕੇ।

ਤੇ ਇਹੋ ਨਹੀਂ। ਜਿਹੜਾ ਸੰਤੋਖ ਸਿੰਘ ਧੀਰ ਸਾਰੀ ਉਮਰ ਗਰੀਬੀ ਨਾਲ ਘੁਲਿਆ ਹੈ, ਜਿਸ ਨੇ ਹਰ ਮੋੜ ਉਤੇ ਤਕਲੀਫਾਂ ਝਾਗੀਆਂ ਹਨ, ਜਿਸ ਨੇ 'ਨਿਕੀ ਸਲੇਟੀ ਸੜਕ' ਵਾਲੀ ਮਹਿਬੂਬਾ ਤੋਂ ਲੈ ਕੇ ਪਿਆਰੇ ਪੰਨੂੰ ਦੇ ਭਰ ਜਵਾਨੀ ਵਿਚ ਚਾਣਚੱਕ ਤੁਰ ਜਾਣ ਵਰਗੇ ਸੱਲ ਸਹਾਰੇ ਹਨ, ਉਸ ਨੇ ਗਮ-ਸਾਗਰ ਵਿਚ ਡੁਬੇ ਹੋਏ ਹੋਣ ਸਮੇਂ ਵੀ ਮਨੁੱਖਤਾ ਦੇ ਉਜਲੇ ਭਵਿਖ ਵਿਚ ਵਿਸ਼ਵਾਸ਼ ਦੀ ਕੰਨੀ ਨਹੀਂ ਛੱਡੀ। ਨਾ ਉਸਦੀ ਕਵਿਤਾ ਦੀ ਤਾਲ ਵਿਚ, ਨਾ ਉਸਦੀ ਦੇਹ ਦੀ ਚਾਲ ਵਿਚ ਕਦੇ ਝੋਲ ਆਇਆ ਹੈ। ਉਹ ਸਦਾ ਸਮੇਂ ਦੇ ਸੰਗ ਨਹੀਂ, ਦੋ ਕਦਮ ਅੱਗੇ ਹੋ ਕੇ ਤੁਰਿਆ ਹੈ। ਤੇ ਇਕ ਸਿਪਾਹਸਾਲਾਰ ਵਾਂਗ ਉਸਨੇ ਲੋਕਤਾ ਦੇ ਦਲ ਨੂੰ ਸਹੀ ਸੇਧ ਵਿਚ ਤੋਰਿਆ ਹੈ।

(ਬਾਕੀ ਪੰਨਾ 10 ਤੇ)

## ਹਾਸ ਵਿਅੰਗ



# ਫ਼ੱਕਰ ਦਾ ਚੱਕਰ

o

ਕੇ. ਐਲ. ਗਰਗ

ਅੱਜ ਕੱਲ੍ਹ ਫ਼ੱਕਰ ਉਦਾਸ ਰਹਿੰਦਾ ਹੈ ! ਕਬੀਰ ਵੀ ਉਦਾਸ ਰਹਿੰਦਾ ਸੀ, ਬੁੱਲ੍ਹਾ ਵੀ ਅਤੇ ਸ਼ਾਹ ਮੁਹੰਮਦ ਵੀ !

ਫ਼ੱਕਰ ਦੇ 'ਚੱਕਰ' ਤੇ ਉਹਦੀ ਇਕਲੌਤੀ ਬੀਵੀ (ਹੋਮ ਮਨਿਸਟਰੀ) ਨੇ ਕਰਫ਼ਿਊ ਠੋਕ ਦਿੱਤਾ ਹੈ. ਜਦ ਵੀ ਉਹ ਕਿਤੇ ਜਾਣ ਲਈ ਜੁੱਤੀ ਪੈਰ 'ਚ ਪਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਝੱਟ ਉਹਦੀ ਬੀਵੀ ਹੁਕਮ ਦੇ ਬਾਦਸ਼ਾਹ ਵਾਂਗ ਆ ਧਮਕਦੀ ਹੈ :

'ਨਾ ਜੀ, ਅਸੀਂ ਨੀਂ ਕਿਤੇ ਵੀ ਜਾਣਾ...ਬਾਹਰ ਹਵਾ ਬੜੀ ਖ਼ਰਾਬ ਐ...!'

'ਹਵਾ ਖ਼ਰਾਬ ਐ ? ਹਵਾ ਵੀ ਕਿਤੇ ਖ਼ਰਾਬ ਹੋਈ ਹੈ...?'

'ਆਹੋ ਜੀ ਹਵਾ...ਬੜੀ ਖ਼ਤਰਨਾਕ ਐ...ਤੁਸੀਂ ਰਹਿਣ ਦਿਓ ਆਪਣੇ ਚੱਕਰ ਚੁੱਕਰ ਨੂੰ—ਹੋਰ ਸਾਡੀ ਜਾਨ ਨੂੰ ਕੋਈ ਚੱਕਰ ਪਾਓਗੇ.' ਉਹ ਆਟੋਮੈਟਿਕ ਰਿਵਾਲਵਰ ਦੀ ਗੋਲੀ ਵਾਂਗ ਬਿਨਾਂ ਸੋਚਿਆਂ ਉੱਤਰ ਦਿੰਦੀ ਹੈ !

'ਬੰਦੇ ਤਾਂ ਖ਼ਰਾਬ ਸੁਣੇ ਸੀ ... ਗੰਦੇ ਬੰਦੇ ਈ ਖ਼ਤਰਨਾਕ ਹੁੰਦੇ ਐ, ਪਰ ਹਵਾ . ...?' ਫ਼ੱਕਰ ਤਰਕ ਦਿੰਦਾ ਹੈ !

'ਗੰਦੇ ਬੰਦੇ ਜਦੋਂ ਹਵਾੜ ਕੱਢੀ ਤੁਰੇ ਜਾਣਗੇ... ਹਵਾ ਮਾੜੀ ਹੋਊਗੀ ਕਿ ਨਾ...ਤੇ ਉਹੀ ਮਾੜੀ ਹਵਾ ਚੰਗਿਆਂ ਦੇ ਅੰਦਰ ਜਾ ਕੇ ਫੇਫੜੇ ਗਾਲੂ ਕਿ ਨਾ...!' ਫ਼ੱਕਰ ਦੀ ਬੀਵੀ ਮਾਰਫ਼ਤ ਦੀਆਂ ਗੱਲਾਂ ਕਰਨ ਲੱਗ ਪਈ ਸੀ !

'ਆਪਾਂ ਕਿਹੜਾ ਕਿਸੇ ਧਰਮ ਨੂੰ ਮੰਨਦੇ ਆਂ... ਫ਼ੱਕਰਾਂ ਦਾ ਕੋਈ ਧਰਮ 'ਨੀਂ' ਹੁੰਦਾ, ਆਪਾਂ ਤਾਂ ਇਨਸਾਨ ਆਂ ਬੱਸ ... ਤੇ ਇਨਸਾਨ ਨੂੰ ਕੋਈ ਖ਼ਤਰਾ 'ਨੀਂ' ਹੁੰਦਾ.. !' ਫ਼ੱਕਰ ਨੇ ਫੇਰ ਫਿਲਾਸਫੀ ਦਾ ਪੱਲਾ ਫੜ ਲਿਆ ਸੀ !

'ਇਨਸਾਨ ਦਾ ਆਪਣਾ ਕਿਹੜਾ ਸਰੂਪ ਹੁੰਦੈ... ਉਹਨੂੰ ਰੂਪ, ਪਹਿਰਾਵਾ ਸਭ ਧਰਮ ਦਾ ਦਿੱਤਾ ਹੋਇਐ... ਬੰਦੇ ਦੀ ਜੀਹਨੂੰ ਤੁਸੀਂ ਇਨਸਾਨ ਕਹਿੰਦੇ ਓਂ, ਅੱਜ ਕੱਲ੍ਹ ਮਜ਼ਹਬੀ ਪਹਿਚਾਨ ਹੀ ਹੈ...ਹਰ ਆਦਮੀ ਉਹਨੂੰ ਮਜ਼ਹਬੀ ਪਛਾਣ ਤੋਂ ਈ ਜਾਣਦੈ...!'

ਸੁਣਦਿਆਂ ਹੀ ਫ਼ੱਕਰ ਨੂੰ ਹੈਰਾਨੀ ਦੇ ਦੌਰੇ ਪੈਣ ਲੱਗ ਪਏ ਸਨ ! ਉਹਦੀ ਬੀਵੀ ਨੂੰ ਅੱਜ ਕੀ ਹੋ ਗਿਆ ਸੀ !

'ਪਰ ਆਪਾਂ ਨੂੰ ਇਹਦੀ ਕੀ ਫ਼ਿਕਰ ਐ...ਆਪਾਂ ਹੋਏ ਰੱਬ ਦੇ ਬੰਦੇ ਫ਼ੱਕਰ ਲੋਕ...! ਫ਼ੱਕਰ ਕੋਲ ਬੀਵੀ ਦੇ ਤਰਕ ਦਾ ਕੋਈ ਜਵਾਬ ਨਹੀਂ ਸੀ !

'ਲੋਕ ਚੰਮ ਤੋਂ ਪਛਾਣਦੇ ਨੇ ਜੀ...ਬਹੁਤੇ ਲੋਕ ਸਿਆਣੇ ਬਿਆਣੇ ਵੀ ਚਮਾਰ ਬਣੀ ਫਿਰਦੇ ਨੇ !'

ਫ਼ੱਕਰ ਨੂੰ ਚਮਾਰ ਸ਼ਬਦ ਤੋਂ ਇਕ ਦਮ ਅਸ਼ਟ ਵਕਰ ਰਿਸ਼ੀ ਦਾ ਦ੍ਰਿਸ਼ਟਾਂਤ ਯਾਦ ਆ ਗਿਆ ! ਅਸ਼ਟ ਵਕਰ ਰਿਸ਼ੀ ਨੂੰ ਰਾਜਾ ਜਨਕ ਦੀ ਸਭਾ ਵਿਚ ਸਨਮਾਨ ਲਈ ਬੁਲਾਇਆ ਗਿਆ ਸੀ ! ਉਹਦੇ ਵਿੰਗ ਤੜਿੰਗੇ ਸਰੀਰ ਨੂੰ ਦੇਖਕੇ ਉਥੇ ਆਏ ਰਾਜੇ ਤੇ ਰਿਸ਼ੀ ਹੱਸਣ ਲੱਗ ਪਏ ਤਾਂ ਅਸ਼ਟ ਵਕਰ ਨੇ ਰਾਜਾ ਜਨਕ ਨੂੰ ਕਿਹਾ, ਮੈਨੂੰ ਚਮਾਰਾਂ ਦੀ ਸਭਾ ਵਿਚ ਕਿਉਂ ਬੁਲਾਇਆ ਗਿਐ...ਇਹ ਲੋਕ ਬੰਦੇ ਨੂੰ ਚੰਮ ਤੋਂ ਪਛਾਣਦੇ ਨੇ...ਵਿਚਾਰੇ ਚਮਾਰ...!'

ਉਹਦੀ ਬੀਵੀ ਨੇ ਉਹਨੂੰ ਚੁੱਪ ਦੇਖਕੇ ਫੇਰ ਆਪਣਾ ਗਿਆਨ ਗੋਸ਼ਟ ਖੋਲ੍ਹ ਲਿਆ :

'ਬੰਦੇ ਨੂੰ ਪਹਿਲਾਂ ਹਿੰਦੂ, ਸਿੱਖ, ਮੁਸਲਮਾਨ, ਇਸਾਈ ਜਾਂ ਇਹੋ ਜਿਹਾ ਹੀ ਹੋਰ ਬਣਾਇਆ ਜਾਂਦੈ— ਇਨਸਾਨ ਬਣਨਾ ਤਾਂ ਉਹਨੂੰ ਕਦੀ ਸਿਖਾਇਆ ਈ ਨੀ ਜਾਂਦਾ—ਬੱਸ 'ਚੋਂ ਲਾਹ 'ਕੇ ਮਾਰੇ ਗਏ ਲੋਕਾਂ ਦਾ ਰੂਪ ਜੇ ਕੁਝ ਹੋਰ ਹੁੰਦਾ ਤਾਂ ਬਚ ਨਾ ਜਾਂਦੇ—ਪੁਲਿਸ ਮੁਕਾਬਲੇ 'ਚ ਮਾਰੇ ਜਾਣ ਵਾਲੇ ਸਿੱਖਾਂ ਦਾ ਕੋਈ ਰੂਪ ਹੋਰ ਹੁੰਦਾ ਤਾਂ ਪੁਲਿਸ ਮੁਕਾਬਲਾ ਕਿਉਂ ਹੁੰਦਾ—ਜਦ ਵੀ ਕੋਈ ਮਰਦਾ ਹੈ, ਕਦੇ ਕੋਈ ਨੀ ਕਹਿੰਦਾ ਕਿ ਅੱਜ ਇਕ ਇਨਸਾਨ ਮਾਰਿਆ ਗਿਆ.. ਹਰ ਕੋਈ ਇਹੋ ਕਹਿੰਦਾ ਹੈ ਕਿ ਅੱਜ ਇਕ ਹਿੰਦੂ, ਸਿੱਖ...ਮੁਸਲਮਾਨ ਜਾਂ...!'

ਫ਼ੱਕਰ ਦੀ ਚੱਕਰੀ ਭਉਂ ਗਈ ਸੀ ਗਿਆਨ ਗੋਸ਼ਟ ਸੁਣਕੇ ! ਉਹਨੂੰ ਆਪਣਾ ਲਿਖਣਾ ਪੜ੍ਹਣਾ ਸਭ ਫ਼ਜ਼ੂਲ ਲੱਗ ਰਿਹਾ ਸੀ ! ਉਹ ਸੋਚ ਰਿਹਾ ਸੀ ਕਿ ਜੇ ਅਸੀਂ ਖ਼ਾਨਿਆਂ 'ਚ ਤੜੇ ਮਨੁੱਖ ਨੂੰ ਇਨਸਾਨ ਨਹੀਂ ਬਣਾ ਸਕਦੇ ਤਾਂ ਸਾਨੂੰ ਸਾਰੇ ਗ੍ਰੰਥ, ਗਿਆਨ ਪੁਸਤਕਾਂ ਸਾੜ ਦੇਣੀਆਂ ਚਾਹੀਦੀਆਂ ਹਨ ਤੇ ਮਨੁੱਖੀ ਇਤਿਹਾਸ ਮੁੱਢ ਤੋਂ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ !

'ਮਾੜੇ ਬੰਦੇ ਤਾਂ ਹਰਲ ਹਰਲ ਕਰਦੇ ਫਿਰਦੇ ਐ...ਹਵਾ ਮਾੜੀ ਹੈ...!' ਉਸਨੂੰ ਆਪਣੀ ਬੀਵੀ ਦਾ ਕਿਹਾ ਹੋਇਆ ਵਾਕ ਘੜੀ ਮੁੜੀ ਯਾਦ ਆਉਂਦਾ ਹੈ— ਫ਼ੱਕਰ ਉਦਾਸ ਹੈ, ਬਹੁਤ ਹੀ ਉਦਾਸ ਹੈ ! ਪਰ ਫੇਰ ਉਦੋਂ ਹੀ ਇਕ ਸੁਰ ਉਹਦੇ ਅੰਦਰ ਵੱਜਣ ਲੱਗਦੀ ਹੈ :

'ਕੀ ਮਾੜੀ ਹਵਾ ਨੂੰ ਸੁਗੰਧਿਤ ਨਹੀਂ ਬਣਾਇਆ ਜਾ ਸਕਦਾ —ਫੁੱਲਾਂ ਦੀ ਖ਼ੁਸ਼ਬੂ ਨਾਲ, ਛਲਕਦੇ ਪਾਣੀਆਂ ਨਾਲ...ਪੰਛੀਆਂ ਦੀ ਚਹਿਚਹਾਟ ਨਾਲ, ਮਾਸੂਮ ਤੇ ਭੋਲੇ ਭਾਲੇ ਬੱਚਿਆਂ ਦੀ ਤੋਤਲੀ ਬੋਲੀ ਨਾਲ...ਇਨਸਾਨ ਚਾਹੇ ਤਾਂ ਕੀ ਨਹੀਂ ਹੋ ਸਕਦਾ...!'

ਪਰ ਹਾਲ ਦੀ ਘੜੀ ਫ਼ੱਕਰ ਉਦਾਸ ਹੈ—ਗਲ ਘੋਟੂ ਧੂੰਏਂ 'ਚ ਉਸ ਤੋਂ ਸਾਹ ਨਹੀਂ ਲੈ ਹੁੰਦਾ ! o

# ਵਿਅੰਗ

ਵਿਅੰਗ ਦਾ ਮੁਖ ਮੰਤਵ ਹੀ ਸੁਧਾਰ ਜਾਂ ਪ੍ਰੀਵਰਤਨ ਲਿਆਣਾ ਹੈ। ਇਸ ਵਿਚ ਵਿਅੰਗਕਾਰ ਦੀ ਇਹ ਇੱਛਾ ਜ਼ਰੂਰ ਹੁੰਦੀ ਹੈ, ਕਿ ਉਹ ਆਪਣੀ ਗੱਲ ਨੂੰ ਅਜਿਹੇ ਢੰਗ ਨਾਲ ਅਦਾ ਕਰੇ, ਕਿ ਉਸ ਦਾ ਨਿਸ਼ਾਨਾ ਠੀਕ ਹੋਵੇ, ਤੇ ਜਿਸ ਉਪਰ ਵਿਅੰਗ ਕੀਤਾ ਗਿਆ ਹੈ, ਉਹ ਆਪਣਾ ਪਹਿਲੂ ਨਾ ਬਚਾ ਸਕੇ। ਇਸ ਵਿਚ ਖਿਲਖਿਲਾ ਕੇ ਹੱਸਣ ਦੀ ਥਾਂ ਪੜ੍ਹਨ ਤੇ ਸੁਣਨ ਵਾਲਾ ਕੇਵਲ ਮੁਸਕਰਾ ਪੈਂਦਾ ਹੈ। ਸਫਲ ਵਿਅੰਗ ਉਹ ਹੈ, ਜਿਸ ਵਿਚ ਉਹ ਵੀ ਮੁਸਕਰਾਏ, ਜਿਸ ਉਪਰ ਵਿਅੰਗ ਕੀਤਾ ਗਿਆ ਹੈ।

## ਕੌਣ ਕਰੇ ਦਿਲਜੋਈ, ਵੇ ਰਾਮਾ

"ਨਾਥ"

ਕੌਣ ਕਰੇ ਦਿਲਜੋਈ, ਵੇ ਰਾਮਾ, ਕੌਣ ਕਰੇ ਦਿਲਜੋਈ ?

ਔਹ ਜਿਹੜਾ ਆਟੇ 'ਚ ਕੰਕਰ ਪੀਸੇ,
ਉਸਦਾ ਨਾ ਮਹਿਰਮ ਕੋਈ, ਵੇ ਰਾਮਾ, ਕੌਣ ਕਰੇ ਦਿਲਜੋਈ ?

ਔਹ ਜਿਹੜਾ ਦੁੱਧ ਵਿਚ ਪਾਣੀ ਪਾਉਂਦਾ,
ਉਸ ਦੀਆਂ ਜਾਣੇ ਸੋਈ, ਵੇ ਰਾਮਾ, ਕੌਣ ਕਰੇ ਦਿਲਜੋਈ ?

ਔਹ ਜਿਹੜਾ ਕਣਕ ਬਲੈਕਾਂ 'ਚ ਵੇਚੇ,
ਸਾਂਮੀ ਉਹ ਖਰੀ ਨਰੋਈ, ਵੇ ਰਾਮਾ, ਕੌਣ ਕਰੇ ਦਿਲਜੋਈ ?

ਘਟੀਆ ਕਵੀ ਸਰਕਾਰੀ ਬਣ ਗਏ,
ਵਧੀਆ ਨੂੰ ਕਿਧਰੇ ਨਾ ਢੋਈ, ਵੇ ਰਾਮਾ, ਕੌਣ ਕਰੇ ਦਿਲਜੋਈ ?

ਦੇਖ ਕੇ ਕੁਰਪਸ਼ਨ ਕਾਂਗਰਸੀਆਂ ਦੀ,
ਜਿੰਦ ਵੈਰਾਗਣ ਹੋਈ, ਵੇ ਰਾਮਾ, ਕੌਣ ਕਰੇ ਦਿਲਜੋਈ ?

ਸੋਹਣੀ ਜ਼ਨਾਨੀ, ਤੇ ਕੁਰਸੀ ਨੂੰ ਤੱਕ ਕੇ,
ਕਿਸ ਦੀ ਰਾਲ੍ਹ ਨਾ ਚੋਈ, ਵੇ ਰਾਮਾ, ਕੌਣ ਕਰੇ ਦਿਲਜੋਈ ?

ਡੀ. ਆਈ. ਆਰ. ਲੁਆ ਕੇ "ਨਾਥ"
ਮੈਨੂੰ ਯੋਗ ਕੀਤੋਈ, ਵੇ ਰਾਮਾ, ਕੌਣ ਕਰੇ ਦਿਲਜੋਈ ?

## ਬਿਨੰਤੀ

ਏਕ ਅਕਾਲੀ ਕਰੇ ਬਿਨੰਤੀ, "ਹੇ ਗੁਰਦੇਵ ਹਮਾਰੇ
ਹਮ ਕੋ ਦਸਵੀਂ ਪਾਸ ਬਨਾ ਦੋ, ਮੈਂ ਹੂੰ ਦਾਸ ਤੁਮਾਰੇ।

ਬਨਾ ਥਾ ਹਮ ਪਰ ਕੇਸ ਗ਼ਬਨ ਕਾ, ਅਰੁ ਗੋਲਕ ਖਾਨੇ ਕਾ,
ਤੁਮ ਨੇ ਬਾਹੁੜੀ ਕੀ ਥੀ ਹਮਰੀ, ਅਬ ਤੁਮ ਫੇਰ ਉਬਾਰੋ।

ਤੀਨ ਸਾਲ ਪਹਿਲੀ ਮੈਂ ਪੜ੍ਹ ਕਰ ਛੋੜ ਦੀਆ ਮਦਰੱਸਾ,
ਫਿਰ ਹਮ ਗੋਲਕ-ਸੇਵ ਕਮਾਈ, ਬੈਂਕ ਭਰਾ, ਬਲਿਹਾਰੋ।

ਨਾ ਅੰਗਰੇਜ਼ੀ, ਨਾ ਇਕਨਾਮਿਕ, ਨਾ ਹਿਸਾਬ ਹਉਂ ਪੜ੍ਹਿਆ,
ਬਾਂਹਿ ਪਕੜ ਕਰ ਤਾਰੋ ਪ੍ਰਭ ਜੀ, ਅਵਗੁਣ ਨਾਂਹਿ ਵਿਚਾਰੋ !

ਸਰਟੀਫਿਟਕ ਬਖਸ਼ ਪ੍ਰਭ ਮੇਰੇ ਕਿ ਮੈਟ੍ਰਿਕ, ਕਿ ਗਿਆਨੀ,
ਚੋਣ ਜੀਤ ਕਰ ਬਨੂੰ ਸਕੱਤਰ, ਸ਼ੱਤਰੂ ਪਕੜ ਸਿਧਾਰੋ।

(ਇਹ ਵਿਅੰਗ ਨਾਥ ਬਾਣੀ ਪੁਸਤਕ ਵਿਚੋਂ ਲਏ ਗਏ ਹਨ)

ਸ਼ਬਦਾਂ, ਰੰਗਾਂ, ਆਵਾਜ਼ ਦੇ, ਸਾਰੇ ਹੀਲੇ ਅਸਫਲ ਨੇ,
ਦਿਲ ਦੇ ਹਾਦਸਿਆਂ ਦੀ ਕਿਹੜਾ ਸਕਦਾ ਹੈ ਤਸਵੀਰ ਬਣਾ।

ਹਰ ਦਾਗ ਹੇਠਾਂ ਢਕਿਐ ਯਾਰਾਂ ਦਾ ਨਾਮ ਮੈਂ ਤਾਂ
ਗਹੁ ਨਾਲ ਵੇਖ ਦਾਮਨ ਤੇਰਾ ਵੀ ਨਾਂ ਨਾ ਹੋਵੇ।

## ਗਿ: ਜ਼ੈਲ ਸਿੰਘ 8 ਨੂੰ ਸੰਧਵਾਂ ਜਾਣਗੇ

ਫੀਰੋਜ਼ਪੁਰ—ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਬਣਨ ਪਿਛੋਂ ਪਹਿਲੀ ਵਾਰ ਆਪਣੇ ਪਿੰਡ ਆ ਰਹੇ ਹਨ। ਇਸ ਅਵਸਰ ਤੇ ਉਹ 7 ਜਨਵਰੀ ਨੂੰ ਫੀਰੋਜ਼ਪੁਰ-ਮੁਕਤਸਰ ਰੋਡ ਤੇ ਪਿੰਡ ਸਦੀਕ ਵਿਚ ਆਜ਼ਾਦੀ ਘੁਲਾਟੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਨਗੇ। 8 ਜਨਵਰੀ ਨੂੰ ਇਹ ਦਸਮੇਸ਼ ਸਟੇਡੀਅਮ ਦਾ ਨੀਂਹ ਪਥਰ ਰਖਣਗੇ। ਗਿਆਨੀ ਜੀ ਆਪਣੇ ਪਿੰਡ ਸੰਧਵਾਂ 8 ਜਨਵਰੀ ਨੂੰ ਜਾਣਗੇ।

## 25 ਵਿਧਾਇਕਾਂ ਵਲੋਂ ਪ੍ਰਧਾਨ ਦੀ ਸ਼ਿਕਾਇਤ

ਸੁਰੇਂਦਰਨਗਰ, (ਪੀ. ਟੀ. ਆਈ.)—ਬਿਹਾਰ ਦੇ 25 ਕਾਂਗਰਸ (ਆਈ) ਵਿਧਾਇਕਾਂ ਨੇ ਅਜ ਏਥੇ ਸ੍ਰੀ ਰਾਜੀਵ ਗਾਂਧੀ ਐਮ. ਪੀ. ਨਾਲ ਮੁਲਾਕਾਤ ਕਰਕੇ ਬਿਹਾਰ ਦੇ ਬੇਤੀਆ ਲੋਕ ਸਭਾ ਹਲਕੇ ਵਿਚ ਕਮਿਊਨਿਸਟਾਂ ਹਥੋਂ ਕਾਂਗਰਸ (ਆਈ) ਦੀ ਹਾਰ ਲਈ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸ੍ਰੀ ਰਾਮ ਸ਼ਰਨ ਸਿੰਘ ਨੂੰ ਦੋਸ਼ੀ ਠਹਿਰਾਇਆ ਅਤੇ ਉਨ੍ਹਾਂ ਨੂੰ ਪ੍ਰਧਾਨਗੀ ਤੋਂ ਹਟਾਏ ਜਾਣ ਦੀ ਮੰਗ ਕੀਤੀ।

## ਬੰਸੀ ਲਾਲ ਵਿਸ਼ੇਸ਼ਸਦੇ ਤੇ ਮੀਟਿੰਗ 'ਚ ਸ਼ਾਮਲ

●● ਸੁਰਿੰਦਰ ਨਗਰ, ਸਾਬਕ ਰਖਿਆ ਮੰਤਰੀ ਸ੍ਰੀ ਬੰਸੀ ਲਾਲ ਕਾਂਗਰਸ (ਇ) ਦੀ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਵਿਸ਼ੇਸ਼ ਸਦੇ ਤੇ ਸ਼ਾਮਲ ਹੋਏ। ਬੰਸੀ ਲਾਲ ਦੇ ਨੇੜੇ ਦੇ ਸੂਤਰਾਂ ਨੇ ਦਸਿਆ ਕਿ ਇੰਕਾ ਦੇ ਜਨਰਲ ਸਕਤਰ ਮੂਪਨਾਰ ਨੇ ਟੈਲੀਫੂਨ ਤੇ ਬੰਸੀ ਲਾਲ ਨੂੰ ਇਹ ਸਦਾ ਦਿਤਾ ਕਿ ਉਹ ਕਲਕਤਾ ਮੀਟਿੰਗ ਵਿਚ ਅਵਸ਼ ਸ਼ਾਮਲ ਹੋਣ।

# ਸਿੰਘ ਸਾਹਿਬ ਦੀ ਸ਼ਹਾਦਤ (ਨਾਵਲ)

ਸਿੰਘ ਸਾਹਿਬ ਭਾਈ ਬਲਵੰਤ ਸਿੰਘ ਜੀ(ਪਿੰਡ ਖੁਰਦਪੁਰ,ਜ਼ਿਲਾ ਜਲੰਧਰ) .ਖਾਲਸਾ ਦੀਵਾਨ ਸੋਸਾਇਟੀ ਗੁਰਦੁਆਰਾ ਵੈਨਕੂਵਰ, ਕੈਨਡਾ ਦੀ ਜੀਵਨ ਗਾਥਾ।

(ਲੜੀਵਾਰ)

ਕੇਸਰ ਸਿੰਘ ਨਾਵਲਿਸਟ

ਕਾਂਡ 47



ਸੂਰਜ ਡੁੱਬ ਚੁਕਾ ਸੀ ਪਰ ਅਜੇ ਵੀ ਦਿਨ ਦੀ ਰੌਸ਼ਨੀ ਕਾਫੀ ਸੀ। ਹਨੇਰਾ ਨਹੀਂ ਸੀ ਹੋਇਆ। ਸਾਰੇ ਕੈਦੀ ਖਿਲਰੇ ਪੁਲਰੇ ਹੋਏ ਸਨ। ਠਾਕਰ ਸਿੰਘ, ਦੋਵੇਂ ਕੂਹਣੀਆਂ ਜਹਾਜ਼ ਦੀ ਬਾਹੀ ਉਤੇ ਰੱਖ ਕੇ, ਬੋਟ ਵਿੱਚੋਂ ਉਤਰ ਕੇ, ਜਹਾਜ਼ ਵਿਚ ਚੜ੍ਹ ਰਹੇ, ਨਵੇਂ ਮੁਸਾਫਰਾਂ ਵੱਲ ਤੁਰ ਰਿਹਾ ਸੀ। ਉਨ੍ਹਾਂ ਮੁਸਾਫਰਾਂ ਵਿੱਚੋਂ ਉਸਦੀ ਨਜ਼ਰ ਇਕ ਸਿੱਖ ਮੁਸਾਫਿਰ ਉਤੇ ਜਾ ਟਿਕੀ। ਉਹ ਨੀਝ ਲਾ ਕੇ ਉਸਨੂੰ ਪਛਾਣਨ ਦਾ ਜਤਨ ਕਰਨ ਲੱਗਾ ਪਰ ਪਛਾਣ ਨਾ ਸਕਿਆ। ਉਸ ਮੁਸਾਫਰ ਨੇ ਠਾਕਰ ਸਿੰਘ ਨੂੰ ਵੇਖ ਕੇ ਪਹਿਲੀ ਨਜ਼ਰੇ ਹੀ ਪਛਾਣ ਲਿਆ ਸੀ ਪਰ ਉਹ ਇਸ ਸ਼ਸ਼ੋਪੰਜ ਵਿਚ ਸੀ ਕਿ ਇਹ ਠਾਕਰ ਸਿੰਘ ਨਹੀਂ ਹੋ ਸਕਦਾ। ਉਸਦੇ ਭਾਣੇ ਠਾਕਰ ਸਿੰਘ ਤਾਂ ਕਦੇ ਦਾ ਦੇਸ ਪਹੁੰਚ ਚੁੱਕਾ ਸੀ।

ਨਵੇਂ ਆਏ ਸਿੱਖ ਮੁਸਾਫਰਾਂ ਨੇ ਡੈੱਕ ਉਤੇ ਇਕ ਨੁਕਰੇ ਆਪਣਾ ਸਾਮਾਨ ਟਿਕਾਅ ਕੇ ਉਸਦੀ ਪਛਾਣ ਕੱਢਣ ਦੀ ਸੋਚੀ। ਹਨੇਰਾ ਉਤਰਨ ਲੱਗ ਪਿਆ ਸੀ। ਫਿਰ ਵੀ ਉਸ ਨੇ ਭਾਈ ਬਲਵੰਤ ਸਿੰਘ ਹੋਰਾਂ ਨੂੰ ਇਕ ਨਜ਼ਰ ਨਾਲ ਹੀ ਪਛਾਣ ਲਿਆ। ਉਸਨੂੰ ਉਸੇ ਵੇਲੇ ਭਰੋਸਾ ਹੋ ਗਿਆ ਕਿ ਉਨ੍ਹਾਂ ਦੇ ਨਾਲ ਠਾਕਰ ਸਿੰਘ ਹੀ ਹੋਵੇਗਾ। ਉਹ ਦੌੜ ਕੇ ਭਾਈ ਸਾਹਬ ਦੇ ਗਲ ਜਾ ਲੱਗਾ। ਭਾਈ ਸਾਹਬ ਨੇ ਉਸ ਦੀ ਜੱਫੀ ਵਿਚੋਂ ਨਿਕਲਦਿਆਂ ਪੁੱਛਿਆ—"ਭਾਈ ਜੋਗਿੰਦਰ ਸਿੰਘ ਜੀ! ਤੁਸੀਂ ਕਿੱਧਰ?"

"ਜੀ! ਮੈਂ ਤਾਂ ਕਈ ਮਹੀਨਿਆਂ ਦਾ ਸਿੰਘਾਪੁਰ ਰੁਕਿਆ ਰਿਹਾਂ। ਜਹਾਜ਼ ਹੀ ਨਾ ਮਿਲੇ ਦੇਸ ਦਾ! ਅੱਕ ਕੇ ਪੇਰੇ ਨੂੰ ਆ ਗਿਆ। ਈਪੋ ਤੇ ਤੈਪਿੰਗ ਦੇ ਪੇਂਡੂਆਂ ਨੂੰ ਮਿਲਦਾ ਰਿਹਾ। ਓਥੋਂ ਵੀ ਅੱਕ ਕੇ ਪਿਲਾਂਗ ਗੁਰਦੁਆਰੇ ਆ ਬੈਠਾ। ਸੋਚਿਆ ਕਦੇ ਤਾਂ ਕੋਈ ਜਹਾਜ਼ ਮਿਲੂ ਹੀ।"

ਏਨੇ ਨੂੰ ਠਾਕਰ ਸਿੰਘ ਨੇ ਜੋਗਿੰਦਰ ਸਿੰਘ ਨੂੰ ਪਿਛੋਂ ਜੱਫੀ ਆ ਪਾਈ। ਉਹ ਦੋਵੇਂ ਘੁੱਟ ਘੁੱਟ ਕੇ ਮਿਲੇ। ਉਸ ਨੇ ਪੁਛਿਆ—"ਤੁਹਾਨੂੰ ਦੋਹਾਂ ਨੂੰ ਵੇਖ ਕੇ ਮੈਨੂੰ ਬੜੀ ਹਰਿਆਨੀ ਹੋਈ ਐ। ਤੁਸੀਂ ਤਾਂ ...।"

ਉਸ ਦੀ ਗੱਲ ਵਿਚੋਂ ਹੀ ਫੜ ਕੇ ਠਾਕਰ ਸਿੰਘ ਨੇ ਕਿਹਾ—"ਚਲ ਪਹਿਲੋਂ ਤੇਰਾ ਸਮਾਨ ਏਥੇ ਹੀ ਲੈ ਆਈਏ। ਫੇਰ ਗੱਲਾਂ ਕਰਾਂਗੇ।"

ਭਾਈ ਸਾਹਬ ਪੜ੍ਹ ਰਹੇ ਸਨ—"ਤੇਰੀ ਕੁਦਰਤ ਤੂੰ ਹੈ ਜਾਣੈ ਔਰ ਨਾ ਦੂਜਾ ਜਾਣੈ।"

ਠਾਕਰ ਸਿੰਘ ਨੇ ਜੋਗਿੰਦਰ ਸਿੰਘ ਨੂੰ ਪੁੱਛਣਾ ਚਾਹਿਆ। ਉਸ ਨੇ ਵੇਖਿਆ ਕਿ ਜੋਗਿੰਦਰ ਸਿੰਘ ਉਸ ਨਾਲੋਂ ਵੀ ਕਾਹਲਾ ਪੈ ਰਿਹਾ ਸੀ। ਠਾਕਰ ਸਿੰਘ ਨੇ ਹੌਲੀ ਜਿਹੀ ਉਸਦੇ ਕੰਨ ਵਿਚ ਕਿਹਾ—"ਅਸੀਂ ਫੜੇ ਗਏ ਸਾਂ। ਗੋਰਿਆਂ ਦੇ ਕੈਦੀ ਆਂ। ਸਾਨੂੰ ਗੋਰੇ ਦੇਸ ਲਿਜਾ ਰਹੇ ਐ। ਬਾਕੀ ਗੱਲਾਂ ਫੇਰ ਕਰਾਂਗੇ।"

ਜੋਗਿੰਦਰ ਸਿੰਘ ਡੌਰ ਭੌਰਾ ਹੋਇਆ ਠਾਕਰ ਸਿੰਘ ਦੇ ਮੂੰਹ ਵੱਲ ਤੱਕਦਾ ਰਹਿ ਗਿਆ। ਉਸ ਦੇ ਮੂੰਹੋਂ ਕੋਈ ਗੱਲ ਹੀ ਨਾ ਨਿਕਲੇ। ਉਸ ਦੀ ਹਰਾਨੀ ਵੇਖ ਕੇ ਠਾਕਰ ਸਿੰਘ ਫਿਰ ਬੋਲ ਪਿਆ—"ਅਸੀਂ ਅੱਠ ਕੈਦੀ ਆਂ। ਹੁਣੇ ਮਿਲ ਪੈਣਗੇ ਸਾਰੇ ਤੈਨੂੰ। ਸਭ ਦੀ ਕਹਾਣੀ ਅੱਡੋ ਅੱਡ ਐ।"

ਜੋਗਿੰਦਰ ਸਿੰਘ ਨੇ ਆਪਣਾ ਬਿਸਤਰਾ ਚੁੱਕਿਆ ਹੋਇਆ ਸੀ। ਠਾਕਰ ਸਿੰਘ ਨੇ ਉਸਦਾ ਟੀਨ ਦਾ ਵੱਡਾ ਪੀਪਾ ਚੁੱਕ ਲਿਆ। ਉਹ ਦੋਵੇਂ ਜਾ ਕੇ ਭਾਈ ਸਾਹਬ ਦੇ ਕੋਲ ਬੈਠ ਗਏ। ਭਾਈ ਸਾਹਬ ਨੇ ਪੁੱਛਿਆ—"ਤੁਸੀਂ ਸਿੰਘਾਪੁਰ ਰਹਿ ਕੇ ਆਏ ਹੋ। ਸਾਡੇ ਸੱਜਣਾਂ ਮਿੱਤਰਾਂ ਦੀ ਕੋਈ ਗੱਲ ਬਾਤ ਸੁਣਾਓ। ਸਭ ਸੁਖੀ ਤੇ ਰਾਜ਼ੀ ਬਾਜ਼ੀ ਹੋਣਗੇ।"

"ਜੀ! ਪੁੱਛੋ ਕੁੱਝ ਨਾਂਹ। ਆਪਣੇ ਫੌਜੀਆਂ ਨੇ ਗੋਰਿਆਂ ਦੀ ਉਹ ਡੰਡ ਲਾਹੀ ਜੋ ਗੋਰਿਆਂ ਦੀਆਂ ਪੁਸ਼ਤਾਂ ਵੀ ਯਾਦ ਰੱਖਣਗੀਆਂ। ਪਿਛੋਂ ਗੋਰਿਆਂ ਵੀ ਬੜੇ ਜ਼ੁਲਮ ਕੀਤੇ। ਫੜ ਫੜ ਕੇ ਨਿਹੱਥੇ ਲੋਕ ਗੋਲੀਆਂ ਨਾਲ ਉੜਾ ਦਿੱਤੇ। ਜੇ ਜਪਾਨੀ ਨਾਹ ਮਦਦ ਕਰਦੇ ਤਾਂ ਗੋਰਿਆਂ ਦਾ ਰਾਜ ਮੁੱਕ ਹੀ ਗਿਆ ਸੀ।" ਉਹ ਸਾਰਾ ਕੁਝ ਇੱਕੋ ਸਾਹ ਕਹਿ ਗਿਆ। ਜਦ ਇਕ ਫੌਜੀ ਗੋਰਾ ਉਹਨਾਂ ਕੋਲੋਂ ਲੰਘਿਆ ਤਾਂ ਉਹ ਅਚਾਨਕ ਹੀ ਚੁੱਪ ਹੋ ਗਿਆ। ਉਹ ਫੌਜੀ ਕਿੰਨੀ ਦੇਰ ਪਿਛੇ ਮੁੜ ਮੁੜ ਕੇ ਜੋਗਿੰਦਰ ਸਿੰਘ ਵੱਲ ਤੱਕਦਾ ਰਿਹਾ। ਉਸ ਦਾ ਮਨ ਹਿਲ ਗਿਆ ਕਿ ਕਿਧਰੇ ਉਸ ਨੂੰ ਵੀ ਕੈਦ ਹੋਏ ਬੰਦਿਆਂ ਨਾਲ ਹੀ ਨਾ ਤੋਰ ਲੈਣ। ਉਸ ਦਾ ਮਨ ਕੀਤਾ ਕਿ ਉਨ੍ਹਾਂ ਤੋਂ ਦੂਰ ਜਾ ਕੇ ਆਪਣਾ ਬਿਸਤਰਾ ਕਰੇ ਪਰ ਝੱਕਦਾ ਝੱਕਦਾ ਉਥੇ ਹੀ ਬੈਠਾ ਰਿਹਾ। ਭਾਈ ਸਾਹਬ ਨੇ ਪੁਛਿਆ—"ਭਾਈ ਜੋਗਾ ਸਿੰਘ ਹੋਰਾਂ ਨੂੰ ਮਿਲੇ ਹੋਵੋਗੇ?"

"ਜੀ ਉਹ ਤਾਂ ਦੇਸ ਜਾ ਵੜੇ। ਅਜ ਤਾਈਂ ਨਹੀਂ ਮੁੜੇ।"

"ਆਨੰਦ ਕਾਰਜ ਲਈ ਗਏ ਹੋਣਗੇ।"

ਠਾਕਰ ਸਿੰਘ ਉਸਦਾ ਬਿਸਤਰਾ ਖੋਲ੍ਹ ਕੇ ਵਿਛਾ ਰਿਹਾ ਸੀ। ਉਸ ਦਾ ਧਿਆਨ ਓਧਰ ਚਲਾ ਗਿਆ। ਉਸ ਦੀ ਇਹ ਹਿੰਮਤ ਨਾ ਰਹੀ ਕਿ ਉਨ੍ਹਾਂ ਤੋਂ ਦੂਰ ਜਾ ਕੇ ਬਿਸਤਰਾ ਵਿਛਾਉਣ ਦੀ ਗੱਲ ਤੋਰੇ। ਉਸ ਦਾ ਮਨ ਥਰ ਥਰ ਕੰਬ ਰਿਹਾ ਸੀ। ਭਾਈ ਸਾਹਬ ਨੇ ਉਸਦੇ ਚਿਹਰੇ ਉੱਤੇ ਆਏ ਚਿੰਤਾ ਦੇ ਚਿੰਨ੍ਹ ਪੜ੍ਹ ਕੇ ਪੁੱਛਿਆ—"ਕੋਈ ਚੀਜ਼ ਪਿਛੇ ਤਾਂ ਨਹੀਂ ਰਹਿ ਗਈ?"

"ਜੀ ਨਹੀਂ।"

"ਭਾਈ ਬਖਤੌਰ ਸਿੰਘ ਤੇ ਮਾਈ ਨੂੰ ਜਾਣਦੇ ਹੋ ਕਿ ਨਹੀਂ?"

"ਜੀ! ਮੈਂ ਉਹਨਾਂ ਕੋਲੇ ਹੀ ਰਿਹਾਂ। ਪੁੱਛੋ ਕੁੱਛ ਨਾਂਹ। ਜੇ ਮਾਈ ਨਾਂਹ ਹੋਂਦੀ ਤਾਂ ਮੈਂ ਨਹੀਂ ਸੀ ਬਚਣਾ। ਮਾਈ ਦੀ ਸੇਵਾ ਮੈਂ ਸਾਰੀ ਉਮਰ ਨਾਹ ਭੁੱਲੂੰ ਉਸ ਨੇ ਨਕਲੀ ਜਿਹਾ ਮੂੰਹ ਬਣਾਂਦਿਆਂ ਦੱਸਿਆ—"ਬਖਤੌਰਾ ਤਾਂ ਅੱਗੇ ਨਾਲੋਂ ਵੀ ਵਿਗੜਿਆ ਪਿਐ। ਦਿਨ ਚੜ੍ਹੇ ਤਾੜੀ ਪੀਣ ਤੁਰ ਪਊ। ਮਾਈ ਖਪਦੀ ਰਹਿੰਦੀ ਐ। ਚੀਨੇ ਤੌਕੀ ਨੇ ਕਈ ਵਾਰ ਝਾੜਿਐ ਉਹਨੂੰ। ਉਹਦੇ ਕੰਨ ਤੇ ਜੂੰ ਵੀ ਨਹੀਂ ਸਰਕਦੀ। ਅੱਗੋਂ ਘਰ ਆ ਕੇ ਕਹੂ—"ਮੈਂ ਤੌਕੀ ਨੂੰ ਕੀ ਸਮਝਦਾ—ਮੈਨੂੰ ਸੂਦ ਦੇ ਵੀਹ ਬਾਈ ਡਾਲੇ ਆ ਜਾਂਦੇ ਐ।" ਜੋਗਿੰਦਰ ਸਿੰਘ ਚੁੱਪ ਕਰ ਗਿਆ।" ਭਾਈ ਸਾਹਬ ਦਾ ਮਨ ਕਰਦਾ ਸੀ ਕਿ ਜੋਗਿੰਦਰ ਸਿੰਘ ਉਨ੍ਹਾਂ ਦੇ ਜਾਣੂਆਂ ਬਾਰੇ ਗੱਲਾਂ ਕਰਦਾਂ ਜਾਏ। ਉਨ੍ਹਾਂ ਨੇ ਕਿਹਾ—"ਸਾਡਾ ਮਿੱਤਰ ਸੀ ਭਾਈ ਹਰਨਾਮ ਸਿੰਘ ਰਸੂਲਪੁਰੀਆ। ਦੂਜਾ ਸੀ ਭਾਈ ਚਤਰ ਸਿੰਘ। ਤੁਸੀਂ ਉਹਨਾਂ ਨੂੰ ਤਾਂ ਨਹੀਂ ਜਾਣਦੇ ਹੋਣੇ।"

"ਰਸੂਲ ਪੁਰੀਏ ਦਾ ਨਾਮ ਤਾਂ ਸੁਣਿਐ। ਵਿਚਾਰਾ ਚਤਰ ਸਿੰਹੁ ਗੋਰਿਆਂ ਦੇ ਕਾਬੂ ਆ ਗਿਆ। ਲੋਕੀ ਕਹਿੰਦੇ ਐ ਉਹਦੀ ਲਾਸ਼ ਵੀ ਨਹੀਂ ਲੱਭੀ। ਬਖਤੌਰੇ ਦੀ ਮਾਈ ਤੁਹਾਡੀਆਂ ਬੜੀਆਂ ਸਿਫਤਾਂ ਕਰਦੀ ਸੀ। ਚਤਰ ਸਿੰਹੁ ਦੇ ਨਾਲ ਹੁੰਦਾ ਸੀ ਇਕ ਮਾਤਾ ਗਲਾਫ ਗਫੂਰ। ਉਹਨੂੰ ਆਪਣੇ ਫੌਜੀਆਂ ਸਭ ਤੋਂ ਪਹਿਲੋਂ ਰਗੜਿਆ।" ਗਫੂਰ ਦਾ ਨਾਂ ਸੁਣਕੇ ਭਾਈ ਸਾਹਬ ਦਾ ਧਿਆਨ ਜੋਹਰ ਬਾਰੂ ਵਾਲੇ ਅਮਾਨ ਉੱਲਾ ਤੇ ਨੱਥਾ ਸਿੰਘ ਵੱਲ ਚਲਾ ਗਿਆ ਉਹ ਆਪ ਧਿਆਨੇ ਸੋਚੀਂ ਪੈ ਗਏ। ਜੋਗਿੰਦਰ ਸਿੰਘ ਨੇ ਡੈੱਕ ਉਤੇ ਫਿਰਦੇ ਸ਼ਿਵਦਿਆਲ ਨੂੰ ਵੇਖ ਕੇ ਪੁੱਛਿਆ—"ਇਹਨੂੰ ਮੈਂ ਪਹਿਲੋਂ ਕਿਤੇ ਵੇਖਿਐ।"

"ਚੰਘਈ ਤੋਂ ਐ ਸ਼ਿਵ ਦਿਆਲ ਕਪੂਰ।"

"ਅੱਛਾ! ਇਹ ਐ ਕਪੂਰ। ਘਣੂੰਪੁਰ ਕਾਲਿਆਂ ਦਾ ਐ।"

ਸ਼ਿਵ ਦਿਆਲ ਨੇੜੇ ਢੁੱਕ ਕੇ, ਨਵਾਂ ਬੰਦਾ ਵੇਖ ਕੇ, ਸੋਚਿਆ ਕਿ ਗੋਰਿਆਂ ਨੇ ਪੀਨਾਂਗ ਤੋਂ ਕਿਸੇ ਹੋਰ ਕੈਦੀ ਨੂੰ ਲਿਆਂਦਾ ਹੋਵੇਗਾ। ਉਸ ਨੇ ਜੋਗਿੰਦਰ ਸਿੰਘ ਵੱਲ ਹੱਥ ਜੋੜੇ। ਠਾਕਰ ਸਿੰਘ ਨੇ ਉਨ੍ਹਾਂ ਦੋਹਾਂ ਦੀ ਮੁਲਾਕਾਤ ਕਰਾਂਦਿਆਂ ਦੱਸਿਆ—"ਇਹ ਐ ਜੋਗਿੰਦਰ ਸਿੰਹੁ। ਇਹਦਾ ਛੋਟਾ ਨਾਮ ਐ ਤਿਲੰਗਾ। ਸਿੰਘ ਸਾਹਬ ਦੀ ਪਲਟਨ ਦਾ ਨਾਮਕਟਾ ਐ।" ਸ਼ਿਵ ਦਿਆਲ ਨੂੰ ਅਜੇ ਵੀ ਸਮਝ ਨਹੀਂ ਸੀ ਆ ਰਹੀ ਕਿ ਉਹ ਅਗਲੀ ਗੱਲ ਪੁਛੇ ਜਾਂ ਨਾ। ਉਹ ਜਾਣਨਾ ਚਾਹੁੰਦਾ ਸੀ ਕਿ ਉਹ ਕਿਵੇਂ ਫੜਿਆ ਗਿਆ ਐ। ਉਸ ਦੀ ਹਰਾਨੀ ਤਾੜ ਕੇ ਭਾਈ ਸਾਹਬ ਨੇ ਦੱਸਿਆ—"ਭਾਈ ਜੋਗਿੰਦਰ ਸਿੰਘ ਜੀ ਸਾਡੇ ਪੁਰਾਣੇ ਮਿੱਤਰ ਐ। ਹਾਂਗਕਾਂਗ ਰਹਿੰਦੇ ਐ। ਰੌਲਾ ਗੌਲਾ ਹੋਣ ਕਰਕੇ ਰੁਕੇ ਰਹੇ ਐ।" ਜ਼ਰਾ ਰੁਕ ਕੇ ਭਾਈ ਸਾਹਬ ਨੇ ਮੁਸਕਰਾਂਦਿਆਂ ਕਿਹਾ—"ਠਾਕਰ ਸਿੰਘ ਜੀ! ਇਨ੍ਹਾਂ ਦਾ ਬਿਸਤਰਾ ਦੂਰ ਸਾਰੇ ਡਾਹੋ। ਕਿਤੇ ਸਾਡੇ ਨਾਲ ਇਹ ਵੀ ਨਾ ਪਿਸ ਜਾਣ।" ਭਾਈ ਸਾਹਬ ਦੀ ਗੱਲ ਸੁਣਕੇ ਜੋਗਿੰਦਰ ਸਿੰਘ ਖੁਸ਼ੀ ਖੁਸ਼ੀ ਦੂਰ ਜਾ ਕੇ ਬਿਸਤਰਾ ਡਾਹੁਣ ਲਈ, ਆਪਣਾ ਬਿਸਤਰਾ ਸਮੇਟਣ ਲੱਗ ਪਿਆ। ਠਾਕਰ ਸਿੰਘ ਮੁਸਕਰਾ ਰਿਹਾ ਸੀ। (ਚਲਦਾ)

## ਚਾਹ ਦੇ ਰੇਟਾਂ ਚ ਭਾਰੀ ਗਿਰਾਵਟ

ਲੁਧਿਆਣਾ, — ਲੁਧਿਆਣਾ ਵਿਚ ਚਾਹ ਦਾ ਨਿਰਖ ਇਕ ਦਿਨ ਵਿਚ 1000 ਰੁਪੈ ਪ੍ਰਤੀ ਕੁਇੰਟਲ ਡਿਗ ਪਿਆ ਹੈ। ਜਿਹੜੀ ਚਾਹ ਪਹਿਲਾਂ 35 ਰੁਪੈ ਸੀ ਹੁਣ 25 ਰੁਪੈ ਕਿਲੋ ਹੋ ਗਈ ਹੈ, ਇਸੇ ਪ੍ਰਕਾਰ ਸੌਂਫ ਦਾ ਨਿਰਖ 1300 ਰੁਪੈ ਪ੍ਰਤੀ ਕੁਇੰਟਲ ਮੰਦਾ ਹੋ ਗਿਆ। ਜਿਹੜੀ ਸੌਂਫ 3500-3600 ਰੁਪ ਕੁਇੰਟਲ ਸੀ, ਹੁਣ ਉਸ ਦਾ ਨਿਰਖ 2200 ਰੁਪੈ ਕੁਇੰਟਲ ਹੋ ਗਿਆ। ਚਾਹ ਦੇ ਨਿਰਖਾਂ ਵਿਚ ਮੰਦੇ ਦਾ ਕਾਰਨ ਚਾਹ ਦੀ ਬਰਾਮਦ ਤੇ ਪਾਬੰਦੀ ਹੈ, ਇਸੇ ਪ੍ਰਕਾਰ ਚੀਨੀ-ਬੀ ਦੇ ਨਿਰਖ 512 ਰੁਪੈ, ਚੀਨੀ-ਸੀ 495 ਰੁਪੈ ਕੁਇੰਟਲ ਹਨ ਜਦੋਂ ਕਿ ਗੁੜ ਦੇ ਨਿਰਖਾਂ ਵਿਚ ਕੁਝ ਤੇਜ਼ੀ ਹੈ। ਯੂ. ਪੀ. ਵਿਚ ਬਾਰਸ਼ਾਂ ਕਾਰਨ ਗੁੜ ਦੀ ਤਿਆਰੀ ਵਿਚ ਕਾਫੀ ਰੁਕਾਵਟ ਪਈ ਹੈ, ਇਸ ਸਮੇਂ ਗੁੜ 95 ਰੁਪੈ ਕੁਇੰਟਲ ਹੈ ਬਨਾਸਪਤੀ ਸੋਹਣਾ 245/40 ਰੁਪੈ, ਪ੍ਰਾਈਵੇਟ ਮਿਲਾਂ ਦੇ 237 ਰੁਪੈ ਪ੍ਰਤੀ ਟੀਨ, ਤੇਲ ਸਰੋਂ 1900 ਰੁਪੈ ਕੁਇੰਟਲ ਹੈ, ਪੋਹ ਵਿਚ ਵਿਆਹ ਸ਼ਾਦੀਆਂ ਨਾ ਹੋਣ ਦੇ ਕਾਰਨ ਵਿਕਰੀ ਘਟ ਗਈ ਹੈ।

## 'ਕੈਨੇਡਾ ਦਰਪਣ' ਦੇ ਚੀਫ ਐਡੀਟਰ ਸੰਤ ਲੌਂਗੋਵਾਲ ਨਾਲ



ਪਿਛਲੇ ਦਿਨੀਂ 'ਕੈਨੇਡਾ ਦਰਪਣ' ਦੇ ਚੀਫ ਐਡੀਟਰ ਸ੍ਰੀ ਦਰਸ਼ਨ ਗਿੱਲ ਸੰਤ ਲੌਂਗੋਵਾਲ ਨੂੰ ਮਿਲੇ।

ਤਸਵੀਰ ਵਿਚ—ਸ਼ਰੋਮਣੀ ਕਮੇਟੀ ਦੇ ਸ: ਦਿਲਜੀਤ ਸਿੰਘ ਬੇਦੀ, ਦਰਸ਼ਨ ਗਿੱਲ ਦੇ ਪਿਤਾ ਸ: ਜਾਗੀਰ ਸਿੰਘ ਗਿੱਲ, ਦਰਸ਼ਨ ਗਿੱਲ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼ਰੋਮਣੀ ਅਕਾਲੀ ਦਲ।



## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

## SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

Phone 321-6360

I am enclosing a ☐ cheque ☐ M.O. ☐ Draft as my Subscription for the year(s).......I may be sent the newspaper at the following adress :

Name..........................................
Address.......................................
City..........................................
Province......................................
Postal code...................................
PHONE.

| | |
|---|---|
| One Year | 20 dollars |
| Two Year | 35 dollars |
| Three year | 50 dollars |
| Life membership | 200 dollars |
| ASIA | 80 dollars(a year) |
| U.S.A. | 25 dollars(a year) |
| Europe | 80 dollars(a year) |
| Africa | 80 dollars(a year) |

# ਧਾਰਮਿਕ ਦਰਪਣ

# ਗੜ੍ਹੀ ਚਮਕੌਰ ਸਾਹਿਬ ਤੋਂ ਮਾਛੀਵਾੜਾ ਤੱਕ

ਰਘਬੀਰ ਸਿੰਘ ਭਰਤ

ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਪਿਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਭੱਠਾ ਸਾਹਿਬ (ਕੋਟਲਾ ਨਿਹੰਗ) ਤੋਂ ਹੁੰਦੇ ਹੋਏ ਆਪਣੇ ਚਾਲੀ ਸਿੰਘਾਂ ਤੇ ਦੋ ਵੱਡੇ ਸਾਹਿਬਜ਼ਾਦਿਆਂ ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਸਮੇਤ ਚਮਕੌਰ ਸਾਹਿਬ ਪੁਜ ਗਏ। ਇੱਥੇ ਉਨ੍ਹਾਂ ਨੇ ਇਕ ਪਠਾਣ ਦੀ ਕੱਚੀ ਗੜ੍ਹੀ ਵਿਚ ਠਾਹਰ ਕੀਤੀ। ਜ਼ੁਲਮ ਤੇ ਸਿਤਮ ਦੀ ਕਹਾਣੀ ਅਜੇ ਮੁੱਕੀ ਨਹੀਂ ਸੀ। ਮੁਗਲਈ ਫੌਜਾਂ ਉਨ੍ਹਾਂ ਦਾ ਪਿਛਾ ਕਰਦੀਆਂ ਆ ਰਹੀਆਂ ਸਨ। ਜੰਗ ਦੇ ਬਦਲ ਘਿਰ ਘਿਰ ਆ ਰਹੇ ਸਨ। ਗੁਰੂ ਸਾਹਿਬ ਨੇ ਆਪਣੇ ਸਿੰਘਾਂ ਨੂੰ ਖਾਸ ਤਰਤੀਬ ਦਿੱਤੀ। ਅੱਠ ਅੱਠ ਸਿੰਘਾਂ ਦੀ ਡਿਊਟੀ ਚਾਰੇ ਕੰਧਾਂ ਤੇ ਲਾ ਦਿੱਤੀ ਗਈ। ਦਰਵਾਜ਼ੇ ਤੇ ਕੋਠਾ ਸਿੰਘ ਤੇ ਮਦਨ ਸਿੰਘ ਨੂੰ ਪਹਿਰੇਦਾਰ ਥਾਪਿਆ ਗਿਆ। ਗੁਰੂ ਸਾਹਿਬ, ਸਾਹਿਬਜ਼ਾਦੇ ਤੇ ਕੁਝ ਸਿੰਘ ਉਪਰ ਅਟਾਰੀ ਵਿਚ ਬਿਰਾਜ ਗਏ। ਮਾਨ ਸਿੰਘ ਤੇ ਆਲਮ ਸਿੰਘ ਦੀ ਡਿਊਟੀ ਦਾਰੂ ਸਿੱਕਾ ਪੁਚਾਣ ਤੇ ਲਾਈ ਗਈ। ਚੜ੍ਹਦੀ ਸਵੇਰ ਸ਼ਾਹੀ ਫੌਜਾਂ ਨੇ ਚਮਕੌਰ ਦੀ ਗੜ੍ਹੀ ਨੂੰ ਆ ਘੇਰਿਆ। ਉਨ੍ਹਾਂ ਦੀ ਗਿਣਤੀ ਲੱਖਾਂ ਵਿਚ ਸੀ।

ਇਹ ਘਟਨਾ 22 ਦਸੰਬਰ, 1704 ਦੀ ਹੈ। ਇਸ ਤੋਂ ਪਹਿਲਾਂ 1701 ਤੋਂ 1704 ਤਕ ਗੁਰੂ ਸਾਹਿਬ ਅਨੰਦਪੁਰ ਦੇ ਕਿਲ੍ਹੇ ਵਿਚ ਬਹਾਦਰਾਂ ਵਾਂਗ ਆਪਣੇ ਸਾਥੀਆਂ ਸਮੇਤ, ਦੁਸ਼ਮਣ ਨਾਲ ਜੂਝਦੇ ਰਹੇ ਸਨ। ਲਗਾਤਾਰ ਯੁੱਧ ਕਾਰਨ, ਦਾਰੂ ਸਿੱਕੇ ਤੇ ਰਸਤ ਵਿਚ ਕਮੀ ਆ ਜਾਣ ਕਰਕੇ, ਉਨ੍ਹਾਂ ਨੂੰ ਮਜ਼ਬੂਰ ਹੋ ਕੇ ਕਿਲ੍ਹਾ ਛੱਡਣਾ ਪਿਆ ਸੀ। ਉਸ ਸਮੇਂ ਕੁਝ ਸਿੰਘ ਬੇਦਾਵਾ ਦੇ ਕੇ, ਉਨ੍ਹਾਂ ਦਾ ਸਾਥ ਵੀ ਛੱਡ ਗਏ ਸਨ। ਇਸ ਤਰ੍ਹਾਂ, ਇਸ ਤਿੰਨ ਸਾਲਾਂ ਦੀ ਲਗਾਤਾਰ ਲੜਾਈ ਵਿਚ ਇਕ ਪਾਸੇ ਗੁਰੂ ਤੇ ਉਨ੍ਹਾਂ ਦੇ ਗਿਣਤੀ ਦੇ ਹੀ ਸਿੰਘ ਸਨ ਤੇ ਦੂਜੇ ਪਾਸੇ ਲਾਹੌਰ ਤੇ ਸਰਹੰਦ ਦੇ ਸੂਬੇਦਾਰ ਦੀਆਂ ਅਣ-ਗਿਣਤ ਫੌਜਾਂ, ਬਾਈ ਧਾਰ ਦੇ ਰਾਜਿਆਂ ਸਮੇਤ ਟਾਕਰਾ ਕਰ ਰਹੀਆਂ ਸਨ। ਅਨੰਦਪੁਰ ਦਾ ਕਿਲ੍ਹਾ ਛੱਡਣ ਪਿਛੋਂ ਪਹਿਲੀ ਲੜਾਈ ਸਰਸਾ ਨਦੀ ਪਾਰ ਕਰਨ ਤੇ ਹੋਈ ਤੇ ਦੂਜੀ ਟੱਕਰ ਚਮਕੌਰ ਸਾਹਿਬ ਦੇ ਅਸਥਾਨ ਤੇ ਹੋਈ।

ਸਿੰਘਾਂ ਨੇ ਕੱਚੀ ਗੜ੍ਹੀ(ਹਵੇਲੀ) ਦੀਆਂ ਕੰਧਾਂ ਨੂੰ ਕਿਲ੍ਹੇ ਦਾ ਰੂਪ ਸਮਝ ਕੇ ਉਸ ਦੀ ਆੜ ਵਿਚ ਮੁਕਾਬਲਾ ਸ਼ੁਰੂ ਕਰ ਦਿੱਤਾ। ਗੁਰੂ ਸਾਹਿਬ ਨੇ ਖਾਲਸਾ ਪੰਥ ਨੂੰ ਜਿਹੜੀ ਚੜ੍ਹਦੀ ਕਲਾ ਬਖਸ਼ੀ ਸੀ, ਉਸਦਾ ਪ੍ਰਗਟਾਵਾ ਚਮਕੌਰ ਦੀ ਜੰਗ ਸਮੇਂ ਹੋਇਆ। ਕੋਈ ਸਿੰਘ ਡੋਲਿਆ ਨਾ ਤੇ ਨਾ ਹੀ ਕਿਸੇ ਨੂੰ ਮੌਤ ਦਾ ਭੈ ਆਇਆ। ਵਿਉਂਤ ਅਨੁਸਾਰ ਇਕ ਇਕ ਸਿੰਘ ਦੁਸ਼ਮਣ ਨਾਲ ਟਾਕਰਾ ਕਰਦਾ, ਸ਼ਹਾਦਤ ਪਾਉਣ ਲੱਗਾ। ਫੇਰ ਪੰਜ ਪੰਜ ਸਿੰਘ ਮੈਦਾਨੇ ਜੰਗ ਵਿਚ ਇਕੱਠੇ ਕੁੱਦੇ ਤੇ ਸ਼ਹਾਦਤ ਦਾ ਜਾਮ ਪੀਂਦੇ ਰਹੇ। ਜਦੋਂ ਤਿੰਨ ਚੌਥਾਈ ਤੋਂ ਵੱਧ ਸਿੰਘ ਸ਼ਹੀਦ ਹੋ ਗਏ ਤਾਂ ਦੋਹਾਂ ਸਾਹਿਬਜ਼ਾਦਿਆਂ ਨੇ ਵਾਰੋ ਵਾਰੀ ਜੰਗ ਵਿਚ ਜਾਣ ਲਈ ਆਗਿਆ ਮੰਗੀ।

ਗੁਰੂ ਸਾਹਿਬ ਨੇ ਖਿੜੇ ਮੱਥੇ ਪੁੱਤਰਾਂ ਨੂੰ ਜੰਗ ਵਿਚ ਤੋਰਿਆ। ਉਨ੍ਹਾਂ ਨੇ ਦੁਸ਼ਮਣ ਦੇ ਆਹੂ ਲਾਹ ਕੇ, ਸ਼ਹੀਦੀਆਂ ਪ੍ਰਾਪਤ ਕੀਤੀਆਂ। ਬਾਕੀ ਕੇਵਲ ਪੰਜ ਸਿੰਘ ਰਹਿ ਗਏ ਸਨ। ਉਨ੍ਹਾਂ ਨੇ ਫੈਸਲਾ ਕੀਤਾ ਕਿ ਹੁਣ ਗੁਰੂ ਸਾਹਿਬ ਨੂੰ ਗੜ੍ਹੀ ਛੱਡ ਕੇ ਚਲੇ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਫੈਸਲਾ ਗੁਰੂ ਸਾਹਿਬ ਨੂੰ ਸੁਣਾਇਆ। ਗੁਰੂ ਸਾਹਿਬ ਨੇ ਹੁਕਮ ਮੰਨਿਆ ਤੇ ਰਾਤ ਦੇ ਹਨੇਰੇ ਵਿਚ ਜੈ ਕਾਰੇ ਛੱਡਦੇ-ਚਮਕੌਰ ਸਾਹਿਬ ਤੋਂ ਤੁਰ ਪਏ। ਪਿਛੇ ਗੜ੍ਹੀ ਵਿਚ ਸੰਤ ਸਿੰਘ ਤੇ ਸੰਗਤ ਸਿੰਘ ਨੂੰ ਛੱਡਿਆ ਗਿਆ। ਸੰਤ ਸਿੰਘ ਦੀ ਸ਼ਕਲ ਗੁਰੂ ਸਾਹਿਬ ਨਾਲ ਮਿਲਦੀ ਸੀ। ਗੁਰੂ ਸਾਹਿਬ ਨੇ ਆਪਣੀ ਕਲਗੀ ਵੀ ਉਸਦੇ ਸੀਸ ਤੇ ਸਜਾ ਦਿਤੀ ਸੀ। ਗੁਰੂ ਸਾਹਿਬ ਦੇ ਜੈ ਕਾਰਿਆਂ ਨੂੰ ਸੁਣ ਕੇ ਸ਼ਾਹੀ ਫੌਜਾਂ ਵਿਚ ਹਲ ਚੱਲ ਮਚ ਗਈ। ਉਹ ਆਪਸ ਵਿਚ ਹੀ ਕਟ ਮਰੇ।

ਅਗਲੀ ਸਵੇਰ ਗੜ੍ਹੀ ਤੇ ਫੇਰ ਭਾਰੀ ਹਮਲਾ ਕੀਤਾ ਗਿਆ। ਭਾਈ ਸੰਤ ਸਿੰਘ ਤੇ ਸੰਗਤ ਸਿੰਘ ਜੂਝਦੇ ਜੂਝਦੇ ਸ਼ਹਾਦਤ ਪਾ ਗਏ ਪਰ ਗੁਰੂ ਸਾਹਿਬ ਆਪਣੇ ਤਿੰਨ ਸਿੰਘਾਂ ਭਾਈ ਦਇਆ ਸਿੰਘ, ਭਾਈ ਮਾਨ ਸਿੰਘ ਤੇ ਭਾਈ ਧਰਮ ਸਿੰਘ ਨਾਲ ਰਾਤ ਦੇ ਹਨੇਰੇ ਵਿਚ ਚਮਕੌਰ ਤੋਂ ਦੂਰ ਨਿਕਲ ਗਏ ਸਨ।

ਚਮਕੌਰ ਤੋਂ ਚਲ ਕੇ ਗੁਰੂ ਸਾਹਿਬ ਝਾੜ ਸਾਹਿਬ ਪਹੁੰਚ ਗਏ। ਉਨ੍ਹਾਂ ਦੇ ਸਾਥੀ ਉਨ੍ਹਾਂ ਤੋਂ ਵਿਛੜ ਗਏ ਸਨ। ਝਾੜ ਸਾਹਿਬ ਤੋਂ ਗੁਰੂ ਸਾਹਿਬ ਅਗਲੇ ਦਿਨ ਪਹੁ ਫੁਟਾਲੇ ਮਾਛੀਵਾੜੇ ਦੇ ਜੰਗਲ ਵਿਚ ਆ ਪਹੁੰਚੇ। ਗੁਰੂ ਜੀ ਨੇ ਜਿਸ ਬਾਗ ਵਿਚ ਆ ਕੇ ਜੰਡ ਹੇਠ ਆਰਾਮ ਕੀਤਾ ਸੀ ਤੇ ਖੂਹ ਤੋਂ ਪਾਣੀ ਪੀਤਾ ਸੀ, ਉਥੇ ਅਜ ਕਲ੍ਹ ਗੁਰਦੁਆਰਾ ਚਰਨ ਕੰਵਲ ਸਾਹਿਬ ਹੈ। ਇਹ ਉਹ ਹੀ ਪਵਿੱਤਰ ਸਥਾਨ ਹੈ ਜਿਥੇ ਗੁਰੂ ਸਾਹਿਬ ਨੇ ਇਹ ਸ਼ਬਦ ਉਚਾਰਿਆ ਸੀ :

ਮਿਤਰ ਪਿਆਰੇ ਨੂੰ,
ਹਾਲ ਮੁਰੀਦਾਂ ਦਾ ਕਹਿਣਾ
ਤੁਧ ਬਿਨ ਰੋਗ ਰਜਾਈਆਂ ਦਾ ਓਢਣ,
ਨਾਗ ਨਿਵਾਸਾਂ ਦੇ ਰਹਿਣਾ।
ਸੂਲ ਸੁਰਾਹੀ ਖੰਜਰ ਪਿਆਲਾ
ਬਿੰਗ ਕਸਾਈਆਂ ਦਾ ਸਹਿਣਾ।
ਯਾਰੜੇ ਦਾ ਸਾਨੂੰ ਸੱਥਰ ਚੰਗਾ
ਭੱਠ ਖੇੜਿਆਂ ਦਾ ਰਹਿਣਾ।

ਮਿਤਰ ਪਿਆਰੇ ਦੀ ਯਾਦ, ਵਿਛੋੜੇ ਦਾ ਦੁਖ, ਨਾਗਾਂ ਦਾ ਸੰਗ ਤੇ ਕਸਾਈਆਂ ਦੇ ਬਿੰਗ ਦੀ ਕਸਕ ਦੇ ਹੁੰਦੇ ਹੋਏ ਵੀ ਖੇੜਿਆਂ ਦੇ ਰਹਿਣ ਦੀ ਥਾਂ ਆਪ ਨੂੰ ਯਾਰੜੇ ਦਾ ਸੱਥਰ ਚੰਗਾ ਲੱਗ ਰਿਹਾ ਸੀ। ਉਸ ਸਮੇਂ ਆਪ ਜੀ ਨੂੰ, ਵਿਛੜੇ ਸਿੰਘ ਭਾਈ ਦਇਆ ਸਿੰਘ, ਭਾਈ ਮਾਨ ਸਿੰਘ ਤੇ ਭਾਈ ਧਰਮ ਸਿੰਘ ਵੀ ਆ ਮਿਲੇ।

ਉਨ੍ਹਾਂ ਦੇ ਪਹੁੰਚਣ ਦੀ ਖਬਰ ਉਨ੍ਹਾਂ ਦੇ ਹਿਤੈਸ਼ੀ ਮਸੰਦ ਗੁਲਾਬੇ ਤੇ ਨਬੀ ਖਾਂ—ਗਨੀ ਖਾਂ ਨੂੰ ਮਿਲ ਗਈ। ਉਹ ਗੁਰੂ ਸਾਹਿਬ ਨੂੰ ਗੁਲਾਬੇ ਦੇ ਘਰ ਲੈ ਆਏ। ਇਥੇ ਅੱਜ ਕਲ੍ਹ ਗੁਰਦੁਆਰਾ ਚੁਬਾਰਾ ਸਾਹਿਬ ਬਣਿਆ ਹੋਇਆ ਹੈ। ਗੁਲਬੇ ਦੇ ਘਰ ਗੁਰੂ ਜੀ ਨੇ ਇਕ ਰਾਤ ਗੁਜ਼ਾਰੀ। ਇਥੇ ਹੀ ਇਕ ਮਾਈ ਹਰਦੇਈ ਨੇ ਆਪਣੇ ਹੱਥੀਂ ਤਿਆਰ ਕੀਤਾ ਚਿੱਟਾ ਬਾਣਾ ਗੁਰੂ ਸਾਹਿਬ ਨੂੰ ਸ਼ਰਧਾ ਤੇ ਪਿਆਰ ਨਾਲ ਭੇਟਾ ਕੀਤਾ ਸੀ। ਗੁਰੂ ਜੀ ਨੇ ਉਸ ਚੋਲੇ ਨੂੰ ਨੀਲਾ ਰੰਗਵਾ ਕੇ ਪਾ ਲਿਆ ਸੀ। ਜਿਸ ਮੱਟ ਵਿਚ ਇਹ ਚੋਲਾ ਰੰਗਿਆ ਗਿਆ ਸੀ, ਉਹ ਹੁਣ ਵੀ ਏਸੇ ਗੁਰਦੁਆਰੇ ਵਿਚ ਸੁਰਖਿਅਤ ਹੈ।

ਸ਼ਾਹੀ ਫੌਜਾਂ ਪਿਛਾ ਕਰਦੀਆਂ ਮਾਛੀਵਾੜੇ ਆ ਪੁੱਜੀਆਂ। ਹਾਲਾਤ ਨੂੰ ਵੇਖਦੇ ਹੋਏ ਮਸੰਦ ਗੁਲਾਬ, ਗਨੀ ਖਾਂ, ਤਿੰਨੇ ਪਿਆਰੇ ਸਿੰਘਾਂ, ਸਯਦ ਪੀਰ ਮੁਹੰਮਦ ਨੂਰ ਪੁਰੀ ਤੇ ਪੀਰ ਚਰਾਗ ਸ਼ਾਹ ਅਜਨੇਰ ਵਾਲਿਆਂ ਨੇ ਰਲ ਕੇ ਸਲਾਹ ਕੀਤੀ ਕਿ ਹੁਣ ਗੁਰੂ ਜੀ ਨੂੰ ਅਪਣਾ ਬਾਣਾ ਬਦਲ ਕੇ 'ਉੱਚ ਦੇ ਪੀਰ' ਦਾ ਰੂਪ ਬਣਾ ਲੈਣਾ ਚਾਹੀਦਾ ਹੈ। ਇਹ ਉਹੋ ਹੀ ਰੂਪ ਸੀ ਜਿਹੜਾ ਗੁਰੂ ਨਾਨਕ ਦੇਵ ਜੀ ਦੇ ਮੱਕੇ ਪੁਜਣ ਤੇ ਮੱਦੇ ਦੇ ਕਾਜ਼ੀ ਨੇ ਗੁਰੂ ਸਾਹਿਬ ਤੇ ਈਮਾਨ ਲਿਆ ਕੇ ਧਾਰਿਆ ਸੀ।

ਗੁਰੂ ਸਾਹਿਬ ਨੂੰ ਗਨੀ ਖਾਂ ਤੇ ਨਬੀ ਖਾਂ ਆਪਣੇ ਘਰ ਲੈ ਆਏ। ਗੁਰੂ ਜੀ ਨੇ ਸਰਬਤ ਦਾ ਫੈਸਲਾ ਮੰਨਦੇ ਹੋਏ 'ਉਚ ਦਾ ਪੀਰ' ਬਣਨਾ ਸਵੀਕਾਰ ਕਰ ਲਿਆ। ਗਨੀ ਖਾਂ-ਨਬੀ ਖਾਂ, ਉਹ ਦਲੇਰ ਤੇ ਸਿਦਕਵਾਨ ਪਠਾਣ ਭਰਾ ਸਨ ਜਿਨ੍ਹਾਂ ਨੇ ਮਿੱਤਰਤਾ, ਹਮਦਰਦੀ, ਪਿਆਰ ਤੇ ਮਨੁੱਖਤਾ ਦੀ ਸਿਖਰ ਦਾ ਸਬੂਤ ਦਿੰਦਿਆਂ ਗੁਰੂ ਸਾਹਿਬ ਦਾ ਸਾਥ ਅੱਤ ਮੁਸ਼ਕਿਲ ਸਮੇਂ ਪਾਲਿਆ ਸੀ। ਉਹ ਕੋਟਲਾ ਨਿਹੰਗ ਦੇ ਨਿਹੰਗ ਖਾਂ ਪਠਾਣ ਦੀ ਭੂਆ ਦਾ ਪੁੱਤਰ ਭਰਾ ਸਨ ਤੇ ਰਾਏ ਕੋਟ ਵਾਲਾ ਰਾਏ ਕੱਲਾ, ਨਿਹੰਗ ਖਾਂ ਦਾ ਕੁੜਮ ਸੀ। ਇਸ ਤਰ੍ਹਾਂ ਇਹ ਤਿੰਨੇ ਖਾਨਦਾਨ ਗੁਰੂ ਸਾਹਿਬ ਦੇ ਹਮਦਰਦ ਤੇ ਪਰੇਮੀ ਸਨ। ਇਹ ਸਾਰੇ ਸੱਜਣ ਉਹ ਸਿਰਲੱਥ ਪਰੇਮੀ ਤੇ ਉਪਾਸ਼ਕ ਸਨ ਜਿਨ੍ਹਾਂ ਆਪਣੀਆਂ ਜਾਨਾਂ ਖਤਰੇ ਵਿਚ ਪਾ ਕੇ ਵੀ ਗੁਰੂ ਸਾਹਿਬ ਨਾਲ ਪਿਆਰ ਨਿਭਾਇਆ ਸੀ।

ਅਗਲੇ ਦਿਨ ਗੁਰੂ ਸਾਹਿਬ ਦਾ ਮਾਛੀਵਾੜਾ ਨੂੰ ਛੱਡ ਜਾਣ ਦਾ ਪਰੋਗਰਾਮ ਸੀ। ਗੁਰੂ ਜੀ 'ਉੱਚ ਦੇ ਪੀਰ' ਦੇ ਰੂਪ ਵਿਚ ਇਕ ਸੁੰਦਰ ਪਲੰਘ ਤੇ ਬਿਰਾਜਮਾਨ ਹੋ ਗਏ। ਪਲੰਘ ਨੂੰ ਸ਼ਿੰਗਾਰਿਆ ਗਿਆ ਤੇ ਗੁਰੂ ਸਾਹਿਬ ਨੇ ਇਕ ਕੀਮਤੀ ਚਾਦਰ ਆਪਣੇ ਸਰੀਰ ਨਾਲ ਲਪੇਟ ਲਈ। ਪਲੰਘ ਦੇ ਅਗਲੇ ਪਾਵੇ ਗਨੀ ਖਾਂ ਤੇ ਨਬੀ ਖਾਂ ਨੇ ਚੁੱਕੇ ਤੇ ਪਿਛਲੇ ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਨੇ। ਭਾਈ ਦਇਆ ਸਿੰਘ ਚੌਰ ਕਰ ਰਹੇ ਸਨ। ਇਸ ਤਰ੍ਹਾਂ ਜਦੋਂ ਇਹ ਨੇਕ ਇਸ਼ਨਾਨ ਫੌਜੀ ਕੈਂਪ ਕੋਲ ਗਏ ਤਾਂ ਉਨ੍ਹਾਂ ਨੂੰ ਰੋਕ ਲਿਆ ਗਿਆ। ਉਸ ਸਮੇਂ ਮਾਛੀਵਾੜਾ ਪੰਜ ਹਜ਼ਾਰ ਮੁਗਲ ਸਿਪਾਹੀਆਂ ਦੀਆਂ ਛਾਉਣੀਆਂ ਬਣੀਆਂ ਹੋਈਆਂ ਸਨ। ਉਨ੍ਹਾਂ ਦੀ ਫੌਜ, ਫੌਜ ਦੇ ਮੁਖੀ, ਦਲਾਵਰ ਖਾਂ ਅੱਗੇ ਪੇਸ਼ੀ ਹੋਈ। ਗੁਰੂ ਸਾਹਿਬ ਦਾ ਉਸਨੂੰ ਭੁਲੇਖਾ ਲਗਿਆ ਸੀ। ਕੁਝ ਪ੍ਰਸ਼ਨ ਹੋਏ। ਨਿੱਡਰ ਤੇ ਦਲੇਰ ਭਰਾਵਾਂ ਨੇ ਫੇਰ ਆਖਿਆ ਕਿ ਇਹ ਉਨ੍ਹਾਂ ਦੇ ਪੀਰ ਹੀ ਨਹੀਂ ਸਗੋਂ 'ਉੱਚ ਦੇ ਪੀਰ' ਹਨ।



ਸਿਖ ਯੁਥ ਦਾ ਕੁਰਬਾਨੀਆਂ ਭਰਿਆ ਗੌਰਵਮਈ ਇਤਿਹਾਸ ਸਾਹਿਬਜ਼ਾਦਿਆਂ ਤੋਂ ਸ਼ੁਰੂ ਹੁਦਾ ਹੈ। ਮੁਗਲਾਂ ਨੇ ਦਸ ਲਖ ਫੌਜ ਲੈ ਕੇ ਗੁਰੂ ਗੋਬਿੰਦ ਸਿੰਘ ਅਤੇ ਗਿਣਤੀ ਦੇ ਸਿੰਘਾਂ ਤੇ ਚਮਕੌਰ ਵਿਚ ਜ਼ਾਲਮ ਹਮਲਾ ਕੀਤਾ। ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਨੇ ਦਸਮ ਪਾਤਸ਼ਾਹ ਤੋਂ ਆਗਿਆ ਲੈ ਕੇ ਦੁਸ਼ਮਣਾਂ ਦੇ ਆਹੂ ਲਾਹੇ ਅਤੇ ਕੁਰਬਾਨੀ ਦਿਤੀ।

ਦਲਾਵਰ ਖਾਂ ਨੇ ਸ਼ਨਾਖਤ ਲਈ ਤਿੰਨ ਉਘੇ ਮੁਸਲਮਾਨ ਧਾਰਮਿਕ ਆਗੂਆਂ-ਕਾਜ਼ੀ ਅਨਾਇਤ ਅਲੀ, ਕਾਜ਼ੀ ਪੀਰ ਮੁਹੰਮਦ ਸਲੋਹ ਵਾਲੇ ਤੇ ਸੱਯਦ ਹਸਨ ਅਲੀ ਮੌਫੂ ਮਾਜਰੀਆਂ ਨੂੰ ਬੁਲਾਇਆ। ਉਨ੍ਹਾਂ ਨੇ ਜ਼ਾਲਮ ਤੇ ਮਜ਼ਲੂਮ ਦੀ ਟੱਕਰ ਵਿਚ ਹੱਕ ਤੇ ਸੱਚ ਦੀ ਕਦਰ ਕਰਦਿਆਂ ਜਾਣ-ਬੁੱਝ ਕੇ ਕਹਿ ਦਿੱਤਾ, "ਇਹ ਉੱਚ ਦੇ ਪੀਰ ਹਨ।" ਦਲਾਵਰ ਖਾਂ ਦੀ ਤਸੱਲੀ ਨਾ ਹੋਈ। ਫੇਰ ਉਸਨੇ ਖਾਣਾ ਖਾਣ ਲਈ ਕਿਹਾ। ਭਾਈ ਦਇਆ ਸਿੰਘ ਨੇ ਕਿਹਾ, "ਪੀਰ ਸਾਹਿਬ, ਰੋਜ਼ੇ ਤੇ ਹਨ।" ਦਲਾਵਰ ਖਾਂ ਨੇ ਦੂਜੇ ਸਾਥੀਆਂ ਨੂੰ ਖਾਣੇ ਵਿਚ ਸ਼ਰੀਕ ਹੋਣ ਲਈ ਮਜ਼ਬੂਰ ਕੀਤਾ। ਗੁਰੂ ਸਾਹਿਬ ਨੇ ਖਾਣਾ ਖਾਣ ਦੀ ਆਗਿਆ ਦਿੰਦਿਆਂ ਉਨ੍ਹਾਂ ਨੂੰ ਕ੍ਰਿਪਾਨ ਖਾਣੇ ਵਿਚ ਫੇਰ ਕੇ, ਛੱਕ ਲੈਣ ਦੀ ਸਲਾਹ ਦਿੱਤੀ। ਸਾਰੇ ਸਾਥੀਆਂ ਨੇ ਕਰਦ(ਕਿਰਪਾਨ) ਖਾਣੇ ਵਿਚ ਫੇਰ ਕੇ, ਖਾਣਾ ਛੱਕ ਲਿਆ।

"ਖਾਣੇ ਵਿਚ ਕਰਦ ਕਿਉਂ ਫੇਰੀ ?", ਕਿਸੇ ਸਿਪਾਹੀ ਨੇ ਪੁਛਿਆ। "ਸਾਡੇ ਪੀਰ ਦਾ ਹੁਕਮ ਹੈ ਕਿ ਖਾਣਾ ਖਾਣ ਤੋਂ ਪਹਿਲਾਂ ਖਾਣੇ ਵਿਚ ਕਰਦ ਜ਼ਰੂਰ ਫੇਰੋ। ਇਸ ਤਰ੍ਹਾਂ ਖਾਣਾ ਪਾਕ ਹੋ ਜਾਂਦਾ ਹੈ", ਧਰਮ ਸਿੰਘ ਨੇ ਉੱਤਰ ਮੋੜਿਆ। ਇਸ ਤਰ੍ਹਾ ਦਲਾਵਰ ਖਾਂ ਦੀ ਤਸੱਲੀ ਹੋ ਗਈ। ਉਸ ਨੇ 'ਉੱਚ ਦੇ ਪੀਰ' ਨੂੰ ਅਗਾਂਹ ਜਾਣ ਦੀ ਆਗਿਆ ਦੇ ਦਿੱਤੀ। ਇਸ ਪਰਖ ਵਾਲੀ ਥਾਂ ਤੇ ਅਜ ਕਲ੍ਹ ਗੁਰਦੁਆਰਾ 'ਕ੍ਰਿਪਾਨ ਭੇਟ' ਹੈ। ਗੁਰੂ ਜੀ ਇਥੋਂ ਘੁਲਾਲ, ਕਟਾਣਾ ਸਾਹਿਬ ਹੁੰਦੇ ਹੋਏ ਆਲਮਗੀਰ ਪੁੱਜ ਗਏ ਆਲਮਗੀਰ ਭਾਈ ਨਘਾਈਆ ਨੇ ਆਪ ਜੀ ਨੂੰ ਘੋੜਾ ਭੇਂਟ ਕੀਤਾ। ਉਥੋਂ ਆਪ ਰਾਏ ਕੋਟ ਹੁੰਦੇ ਹੋਏ ਮਾਲਵੇ ਦੀ ਧਰਤੀ ਮੁਕਤਸਰ ਪੁੱਜ ਗਏ। ਗੁਰੂ ਸਾਹਿਬ ਨੇ ਜਿਹੜਾ ਹੁਕਮ ਨਾਮਾ ਗਨੀ ਖਾਂ ਨਬੀ ਖਾਂ ਭਰਾਵਾਂ ਲਈ ਲਿਖਿਆ ਸੀ ਉਹ ਇਸ ਤਰ੍ਹਾਂ ਹੈ :—

ਹੁਕਮ ਨਾਮਾ ਪਾਤਸ਼ਾਹੀ ੧੦

ੴ ਸਤਿ ਗੁਰ ਪ੍ਰਸਾਦਿ।

ਨੀਸ਼ਾਨ ਪਾਤਸ਼ਾਹੀ ੧੦

ਸ੍ਰੀ ਵਾਹਿਗੁਰੂ ਜੀ ਕੀ ਆਗਿਆ ਹੈ ਸਰਬਤਿ ਸੰਗਤਿ ਉਪ੍ਰਿ ਮੇਰਾ ਹੁਕਮ ਹੈ ਗਨੀ ਖਾਂ ਉਰ ਨਬੀ ਖਾਂਨ ਏਹ ਜੋ ਹੈਨਿ ਮੇਰੇ ਫਰਜੰਦਾ ਸੇ ਬਿਹਜ ਹੈਨਿ। ਮੇਰੇ ਕੰਮ ਆਏ ਹੈਨ ਜੋ ਸਿਖਿ ਇਨਿ ਕੀ ਖਿਜਮਤਿ ਅੰਦਰਿ ਰੁਜੂ ਰਹੇਗਾ ਸੋ ਨਿਹਾਲ ਹੋਗੁ ਉਨ੍ਹਾਂ ਉਪਰਿ ਮੇਰੀ ਖੁਸ਼ੀ ਹੋਗਾ ਉਸ ਉਪਰ ਮੇਰਾ ਹਥੁ ਹੋਗੁ ਏਹ ਜੋ ਹੈਨਿ ਸੋ ਮੇਰੇ ਹੈਨਿ ਜੋ ਸਿਖਿ ਇਨ ਕੀ ਸੇਵਾ ਕਰੇਗਾ ਸੋ ਮੇਰੀ ਕਰੇਗਾ।

ਸੰਮਤ 1762

(ਨਸ਼ਾਨ ਤੇ ਹੁਕਮਨਾਮੇ ਸਿ. ਇ. ਰੀ. ਬੋਰਡ ਅੰਮ੍ਰਿਤਸਰ ਦੇ ਧੰਨਵਾਦ ਸਹਿਤ)

ਗਨੀ ਖਾਂ—ਨਬੀ ਖਾਂ ਦੀ ਔਲਾਦ ਅੱਜ ਕਲ੍ਹ ਲਾਹੌਰ (ਪਾਕਿਸਤਾਨ) ਵਿਚ ਰਹਿ ਰਹੀ ਹੈ! ਉਨ੍ਹਾਂ ਦਾ ਇਕ ਫਰਜ਼ੰਦ ਸਯਦ ਰਜ਼ਾ ਨਕਵੀ, ਗੁਰੂ ਸਾਹਿਬ ਪ੍ਰਤੀ ਪਿਆਰ ਤੇ ਸ਼ਰਧਾ ਰਖਦਾ ਹੋਇਆ, ਮਾਛੀਵਾੜਾ ਤੇ ਆਪਣੇ ਮਕਾਨ ਨੂੰ ਅਜੇ ਤਕ ਨਹੀਂ ਭੁਲ ਸਕਿਆ।

ਮਾਛੀਵਾੜਾ (ਲੁਧਿਆਣਾ) ਵਿਚ ਉਨ੍ਹਾਂ ਪਠਾਣ ਭਰਾਵਾਂ ਦੀ ਯਾਦ ਵਿਚ ਗੇਟ ਨਬੀ ਖਾਂ ਗਨੀ ਖਾਂ 1970 ਵਿਚ ਬਣਾਇਆ ਗਿਆ ਸੀ ਤੇ ਹੁਣ 1982 ਵਿਚ ਸਰਕਾਰੀ ਸਿਵਲ ਹਸਪਤਾਲ ਦਾ ਨਾਂ ਗਨੀ ਖਾਂ-ਨਬੀ ਖਾਂ ਹਸਪਤਾਲ ਮਾਛੀਵਾੜਾ ਕਰ ਦਿੱਤਾ ਗਿਆ ਹੈ।

ਚਮਕੌਰ ਸਾਹਿਬ ਤੋਂ ਮਾਛੀਵਾੜਾ ਕੇਵਲ 25 ਕਿਲੋਮੀਟਰ ਦਾ ਫਾਸਲਾ ਹੈ। ਦੋਵੇਂ ਪੁਰਾਤਨ ਕਸਬੇ ਆਧੁਨਿਕ ਰੂਪ ਧਾਰਨ ਕਰਨ ਵਿਚ ਅਗੇ ਵਧ ਰਹੇ ਹਨ ਪਰ ਦੋਵਾਂ ਦੀ ਮਹਾਨਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸਬੰਧਤ ਹੋਣ ਕਰਕੇ ਹੈ। ਦੋਵਾਂ ਦਾ ਜ਼ਿਕਰ ਹਮੇਸ਼ਾ ਹੀ ਗੁਰੂ ਸਾਹਿਬ ਦੇ ਨਾਲ ਆਉਂਦਾ ਰਹੇਗਾ।

# ਸੰਸਾਰ ਦਰਪਣ

# ਵਿਸ਼ਵ ਪੰਜਾਬੀ ਲੇਖਕ ਸੰਮੇਲਨ ਦਿੱਲੀ ਵਿਚ ਸਮਾਪਤ

## ਇੰਦਰਾ ਗਾਂਧੀ ਤੇ ਜ਼ੈਲ ਸਿੰਘ ਨੇ ਭਾਸ਼ਨ ਦਿਤੇ

ਨਵੀਂ ਦਿੱਲੀ—ਵਿਸ਼ਵ ਪੰਜਾਬੀ ਲੇਖਕ ਸੰਮੇਲਨ 23 ਦਸੰਬਰ ਨੂੰ ਇਥੇ ਫਿਕੀ ਆਡੋਟੋਰੀਅਮ ਵਿਚ ਆਰੰਭ ਹੋਇਆ ਜਿਸਦਾ ਉਦਘਾਟਨ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਕੀਤਾ। ਹਾਲ ਵਿਚ ਉਸ ਸਮੇਂ 600 ਦੇ ਲਗਭਗ ਲੇਖਕ ਤੇ ਸਰੋਤੇ ਸਨ।

ਤਿਆਰੀ ਕਮੇਟੀ ਦੇ ਪ੍ਰਧਾਨ ਵਿਸ਼ਵਾਨਾਥ ਤਿਵਾੜੀ ਨੇ ਪ੍ਰਧਾਨ ਮੰਤਰੀ ਨੂੰ ਜੀਅ ਆਇਆਂ ਕਿਹਾ। 'ਪੰਜਾਬੀਅਤ' ਇਸ ਸੰਮੇਲਨ ਦੀ ਥੀਮ ਵਜੋਂ ਉਭਰੀ। ਤਿਵਾੜੀ ਨੇ ਕਿਹਾ ਕਿ ਅਸੀਂ ਸਾਰੇ ਪੰਜਾਬੀਅਤ ਅਤੇ ਪੰਜਾਬੀ-ਪਛਾਣ ਲਈ ਵਿਚਾਰ ਵਿਟਾਂਦਰਾ ਕਰਨ ਲਈ ਇਕੱਠੇ ਹੋਏ ਹਾਂ। ਤਿਵਾੜੀ ਨੇ ਕਿਹਾ ਕਿ 'ਪੰਜਾਬੀਅਤ' ਕਲਚਰਲ ਸੰਕਲਪ ਹੈ ਨਾ ਕਿ ਜੁਗਰਾਫੀਆ ਦਾ ਸੰਕਲਪ। ਪੰਜਾਬੀ ਕੇਵਲ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਹੀ ਨਹੀਂ ਸਗੋਂ ਸੰਸਾਰ ਦੇ 100 ਦੇਸ਼ਾਂ ਤੋਂ ਵੱਧ ਵਿਚ ਫੈਲਕੇ ਨਾਮਨਾ ਖੱਟ ਰਹੇ ਹਨ। ਉਨ੍ਹਾਂ ਕਿਹਾ ਜਿਹੜੇ ਪੰਜਾਬੀ ਹੈ ਅਪਣਾ ਨਹੀਂ ਰਹੇ ਅਤੇ ਜੋ ਕੇਵਲ ਪੰਜਾਬੀ ਨੂੰ ਆਪਣੀ ਮਨਾਪਲੀ ਹੀ ਸਮਝਦੇ ਹਨ, ਦੋਵੇਂ ਜਨੂੰਨੀ ਹਨ। ਪੰਜਾਬੀ ਪੰਜਾਬ ਦੀਆਂ ਰਵਾਇਤਾਂ ਦੀ ਲਖਾਇਕ ਹੈ।

ਪਹਿਲੇ ਸਮਾਗਮ ਦੀ ਪ੍ਰਧਾਨਗੀ ਲੋਕ ਸਭਾ ਦੇ ਸਪੀਕਰ ਬਲਰਾਮ ਜਾਖੜ ਨੇ ਕੀਤੀ। ਸ੍ਰੀਮਤੀ ਇੰਦਰਾ ਗਾਂਧੀ ਨੇ ਕਿਹਾ ਕਿ ਪੰਜਾਬੀ ਲੋਕ ਬਹਾਦਰ ਹਨ, ਪਰ ਪੰਜਾਬੀਆਂ ਨੂੰ ਮਰਦਾਨਗੀ ਦੇ ਚਿੰਨ੍ਹ ਵਜੋਂ ਪੇਸ਼ ਕਰਨਾ ਅਜੀਬ ਹੈ ਕਿਉਂਕਿ ਮਰਦਾਂ ਨੂੰ ਜਨਮ ਇਸਤਰੀ ਹੀ ਦਿੰਦੀ ਹੈ।

ਪੰਜਾਬੀਅਤ ਦੀ ਥੀਮ ਤੇ ਬੋਲਣ ਵਾਲਿਆਂ ਵਿਚ ਪ੍ਰੇਮ ਭਾਟੀਆ, ਕਰਤਾਰ ਸਿੰਘ ਦੁੱਗਲ, ਉਮਾ ਵਾਸੁਦੇਵ, ਡਾ: ਅਤਰ ਸਿੰਘ, ਡਾ: ਬੀ. ਐਨ. ਗੋਸਵਾਮੀ, ਡਾ: ਸੁਖਦੇਵ ਸਿੰਘ ਖੇਤੀਬਾੜੀ ਯੂਨੀਵਰਸਿਟੀ, ਜਗਦੇਵ ਸਿੰਘ ਜਸੋਵਾਲ, ਪ੍ਰਭਜੋਤ ਕੌਰ, ਗਿ: ਲਾਲ ਸਿੰਘ, ਰਾਜ ਗਿੱਲ, ਡਾ: ਨਕੋਮੀ (ਜਾਪਾਨ), ਡਾ: ਓਬਰਾਏ ਤੇ ਗੁਰਨਾਮ ਸਿੰਘ ਤੀਰ ਸ਼ਾਮਲ ਸਨ।

23 ਦਸੰਬਰ ਦੀ ਰਾਤ ਨੂੰ ਹਰਪਾਲ ਟਿਵਾਣਾ ਦੇ ਨਿਰਦੇਸ਼ਨ ਹੇਠ 'ਹਿੰਦ ਦੀ ਚਾਦਰ' ਡਰਾਮਾ ਖੇਡਿਆ ਗਿਆ।

24 ਦਸੰਬਰ ਨੂੰ ਗਿਆਨੀ ਜ਼ੈਲ ਸਿੰਘ ਦੇ ਭਾਸ਼ਨ ਨਾਲ ਇਹ ਸਮਾਰੋਹ ਖਤਮ ਹੋਇਆ। ਗਿਆਨੀ ਜ਼ੈਲ ਸਿੰਘ ਨੇ ਕਿਹਾ ਕਿ 'ਪੰਜਾਬੀਅਤ ਨੂੰ ਮੰਨਣ ਤੇ ਪਰਚਾਰਨ ਵਾਲਾ ਮਨੁੱਖ ਕਦੇ ਤਅੱਸਬੀ ਨਹੀਂ ਹੋ ਸਕਦਾ। ਉਹ ਸਰਬੱਤ ਦੇ ਭਲੇ ਤੇ ਸਰਬ-ਸਾਂਝੇ ਗੁਣਾਂ ਵਿਚ ਵਿਸ਼ਵਾਸ਼ ਰੱਖਦਾ ਹੈ।' ਉਨ੍ਹਾਂ ਕਿਹਾ ਕਿ ਪੰਜਾਬੀਆਂ ਦੇ ਰਾਂਝੇ ਤੇ ਹੀਰਾਂ, ਮਿਰਜ਼ੇ ਤੇ ਸਾਹਿਬਾਂ, ਸੋਹਣੀਆਂ ਤੇ ਮਹੀਂਵਾਲ ਸਾਂਝੇ ਹਨ।


ਗਿਆਨੀ ਜ਼ੈਲ ਸਿੰਘ ਨੇ ਪੰਜਾਬੀ ਦੇ ਪਰਮੁਖ ਲੇਖਕਾਂ, ਪ੍ਰੋ: ਪ੍ਰੀਤਮ ਸਿੰਘ, ਦਵਿੰਦਰ ਸਤਿਆਰਥੀ, ਡਾ: ਰੰਧਾਵਾ, ਡਾ: ਰੋਸ਼ਨ ਲਾਲ ਅਹੂਜਾ, ਬਲਵੰਤ ਗਾਰਗੀ, ਕਰਤਾਰ ਸਿੰਘ ਦੁੱਗਲ, ਪ੍ਰਭਜੋਤ ਕੌਰ, ਨਰਿੰਦਰਪਾਲ ਸਿੰਘ, ਸੁਰਿੰਦਰ ਸਿੰਘ ਨਰੂਲਾ, ਗਿਆਨੀ ਲਾਲ ਸਿੰਘ, ਗੁਰਬਚਨ ਸਿੰਘ ਤਾਲਿਬ, ਹਮਦਰਦ ਆਦਿ ਤੇ ਹਰਪਾਲ ਟਿਵਾਣਾ ਤੇ ਰਾਣੀ ਬਲਬੀਰ ਨੂੰ ਸਨਮਾਨਿਆ।

ਰਾਸ਼ਟਰਪਤੀ ਭਵਨ ਵਿਚ ਲੇਖਕਾਂ ਤੇ ਦਰਸ਼ਕਾਂ ਨੂੰ ਚਾਹ ਪਾਰਟੀ ਦਿਤੀ ਗਈ ਜਿਥੇ ਗਿਆਨੀ ਜ਼ੈਲ ਸਿੰਘ ਨੇ ਬਾਹਰਲੇ ਦੇਸ਼ਾਂ ਤੋਂ ਗਏ ਸਤੀ ਕੁਮਾਰ ਸਵੀਡਨ, ਇਕਬਾਲ ਮਾਹਲ ਟਰਾਂਟੋ, ਤਰਲੋਚਨ ਗਿੱਲ ਟਰਾਂਟੋ, ਗੁਰਬੰਸ ਗਿੱਲ ਇੰਗਲੈਂਡ, ਰਣਜੀਤ ਧੀਰ, ਰਤਨ ਰੀਹਲ ਇੰਗਲੈਂਡ ਤੇ ਇੰਗਲੈਂਡ, ਸਿੰਘਾਪੁਰ, ਜਾਪਾਨ, ਰੂਸ ਆਦਿ ਦੇ ਪ੍ਰਤੀਨਿਧਾਂ ਨੂੰ ਸਨਮਾਨਿਆ।

**ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਦੋ ਪੱਤਰਕਾਰਾਂ, ਜੋ ਦਰਸ਼ਕਾਂ ਵਜੋਂ ਸ਼ਾਮਲ ਹੋਏ, ਦਾ ਵੀ ਸਨਮਾਨ ਕੀਤਾ। 'ਕੈਨੇਡਾ ਦਰਪਣ' ਦੇ ਚੀਫ ਐਡੀਟਰ ਦਰਸ਼ਨ ਗਿੱਲ ਤੇ 'ਸੰਦੇਸ਼' (ਇੰਗਲੈਂਡ) ਹਫਤਾਵਾਰ ਦੇ ਐਡੀਟਰ ਅਵਨਾਸ਼ ਅਜ਼ਾਦ ਨੂੰ ਪੁਸਤਕਾਂ ਭੇਂਟ ਕਰਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ।**

**ਇਸ ਤੋਂ ਬਿਨਾਂ ਅਗਲੇ ਦਿਨਾਂ 27,28 ਅਤੇ 29 ਦਸੰਬਰ ਨੂੰ ਪਟਿਆਲਾ, ਕਰੁਕਸ਼ੇਤਰ, ਅੰਮ੍ਰਿਤਸਰ ਵਿਚ ਵੀ ਪੇਪਰ ਪੜ੍ਹੇ ਗਏ**

**(ਨੋਟ :— ਵਿਸ਼ਵ ਪੰਜਾਬੀ ਸੰਮੇਲਨ ਦੀ ਪੂਰੀ ਰਿਪੋਰਟ ਟਿਪਣੀਆਂ ਸਮੇਤ ਅਗਲੇ ਅੰਕਾਂ ਵਿਚ ਪੜ੍ਹੋ)**



# ਵਿਸ਼ਵ ਪੰਜਾਬੀ ਲੇਖਕ ਸੰਮੇਲਨ ਵਿਚ ਝੜਪਾਂ ਗੁਰਨਾਮ ਸਿੰਘ ਤੀਰ ਤੇ ਤਿਵਾੜੀ ਦੂਰੋ ਦੂਰੀ

ਨਵੀਂ ਦਿੱਲੀ—ਵਿਸ਼ਵ ਪੰਜਾਬੀ ਲੇਖਕ ਸੰਮੇਲਨ ਵਿਚ 24 ਦਸੰਬਰ ਨੂੰ ਹੰਗਾਮਾ ਹੋ ਗਿਆ ਜਦੋਂ ਤਲਵੰਡੀ ਦਲ ਦੇ ਗੁਰਨਾਮ ਸਿੰਘ ਤੀਰ ਤੇ ਕਾਂਗਰਸ ਦੇ ਵਿਸ਼ਵਾਨਾਥ ਤਿਵਾੜੀ ਵਿਚਕਾਰ ਗਿਆਨੀ ਜ਼ੈਲ ਸਿੰਘ ਦੇ ਭਾਸ਼ਨ ਤੋਂ ਬਾਅਦ ਤਲਖੀ ਪੈਦਾ ਹੋ ਗਈ। ਦਰਸ਼ਕਾਂ ਅਨੁਸਾਰ ਗੱਲ ਗਾਲੀ ਗਲੋਚ ਤਕ ਜਾ ਪਹੁੰਚੀ। ਦਰਸ਼ਕਾਂ ਦਾ ਕਹਿਣਾ ਹੈ ਕਿ ਸੰਮੇਲਨ ਦਾ ਕਰੈਡਿਟ ਤਿਵਾੜੀ ਲੈ ਗਿਆ ਤੇ ਤੀਰ ਤਲਖੀ ਵਿਚ ਆ ਗਿਆ।

* * * * *

ਤਿਵਾੜੀ ਨੇ ਦਿੱਲੀ ਦੇ ਲੇਖਕਾਂ ਅਤੇ ਵਿਸ਼ਵ ਸੰਮੇਲਨ ਦੇ ਪ੍ਰਬੰਧਕਾਂ ਨੂੰ ਭਰੋਸਾ ਦਿਤਾ ਸੀ ਕਿ ਉਹ ਸਮਾਗਮ ਵਿਚ ਸ੍ਰੀਮਤੀ ਗਾਂਧੀ ਤੋਂ ਦਿੱਲੀ ਦੀ ਦੂਜੀ ਭਾਸ਼ਾ ਪੰਜਾਬੀ ਬੋਲੀ ਹੋਣ ਦਾ ਐਲਾਨ ਕਰਵਾਏਗਾ। ਪਰ ਇੰਦਰਾ ਗਾਂਧੀ ਨੇ ਭਾਸ਼ਨ ਵਿਚ ਕੋਈ ਗੱਲ ਨਾ ਕੀਤੀ ਤਾਂ ਜਸਵੰਤ ਸਿੰਘ ਕੰਵਲ ਸੰਮੇਲਨ ਵਿਚੋਂ ਵਾਕ ਆਊਟ ਕਰ ਗਏ।

* * * * * *

ਸੰਮੇਲਨ ਵਿਚ ਬਾਹਰਲੇ ਮੁਲਕਾਂ ਵਿਚੋਂ ਇੱਕਾ ਦੁੱਕਾ ਲੇਖਕ ਹੀ ਸ਼ਾਮਲ ਹੋਏ। 21 ਦਸੰਬਰ ਨੂੰ ਤੀਰ ਨੇ ਬਿਆਨ ਦਿਤਾ ਕਿ ਇੰਗਲੈਂਡ ਤੋਂ 50 ਲੇਖਕ ਪੁੱਜ ਗਏ ਹਨ—ਜਦ ਕਿ ਉਥੋਂ ਪਹੁੰਚੇ ਪੰਜ - ਨਾਲ ਹੀ ਸੰਮੇਲਨ ਤੋਂ ਇਕ ਦਿਨ ਪਹਿਲਾਂ ਬਿਆਨ ਦਾਗਿਆ ਗਿਆ ਕਿ ਕੈਨੇਡਾ ਤੋਂ 30 ਲੇਖਕ ਪੁਜ ਰਹੇ ਹਨ — ਜਦ ਕਿ ਪਹੁੰਚੇ ਸਵਾ ਲੱਖ ਤ੍ਰਿਲੋਚਨ ਸਿੰਘ ਗਿੱਲ।

* * * * * *

ਕੈਨੇਡਾ ਦੇ ਇਕ ਲੇਖਕ ਨੇ ਦਸਤਖਤ ਕਰਕੇ ਸੰਮੇਲਲ ਦਾ ਬਾਈਕਾਟ ਕੀਤਾ ਸੀ ਪਰ ਸੰਮੇਲਨ ਤੇ ਲੇਖਕ ਗੱਲਾਂ ਕਰ ਰਹੇ ਸਨ ਕਿ ਸੰਮੇਲਨ ਦੇ ਸੁਵੀਨੀਰ ਵਿਚ ਉਸਦਾ ਲੇਖ ਸਭ ਤੋਂ ਪਹਿਲਾਂ ਛਪਿਆ ਸੀ। ਨਾਲ ਹੀ ਇਕ ਪਾਕਿਸਤਾਨੀ ਲੇਖਕ ਦੇ ਨਾਵਲ ਬਾਰੇ ਚਰਚਾ ਚਲ ਰਹੀ ਸੀ ਕਿ ਉਹ ਗੁਰਮੁਖੀ ਲਿੱਪੀ ਵਿਚ ਦੋ ਸਾਲ ਹੋਏ ਛਪ ਚੁੱਕਾ ਹੈ ਪਰ ਇਕ ਲੇਖਕ ਆਪਣੇ ਨਾਂ ਨਾਲ ਉਸ ਨੂੰ ਛਾਪੀ ਜਾ ਰਿਹਾ ਹੈ।

* * * * * *

ਸੰਮੇਲਨ ਵਿਚ ਅੰਮ੍ਰਿਤਾ ਪ੍ਰੀਤਮ, ਖੁਸ਼ਵੰਤ ਸਿੰਘ, ਸੰਤ ਸਿੰਘ ਸੇਖੋਂ, ਡਾ: ਗੋਪਾਲ ਸਿੰਘ, ਮੁਲਕ ਰਾਜ ਅਨੰਦ ਨੂੰ ਵਿਸ਼ੇਸ਼ ਤੌਰ ਤੇ ਸਨਮਾਨੇ ਜਾਣਾ ਸੀ ਪਰ ਇਨ੍ਹਾਂ ਵਿਚੋਂ ਇਕ ਵੀ ਸੰਮੇਲਨ ਤੇ ਨਾ ਪਹੁੰਚਿਆ।

* * * * *

ਸੰਮੇਲਨ ਵਿਚ ਪ੍ਰਯੋਗਵਾਦੀਆਂ ਦੇ ਗੁਰੂ ਡਾ: ਜਸਬੀਰ ਸਿੰਘ ਆਹਲੂਵਾਲੀਆ ਨੇ ਸਟੇਜ ਸਕੱਤਰੀ ਸੰਭਾਲੀ ਰੱਖੀ ਤੇ ਪ੍ਰੀਤਮ ਸਿੰਘ ਪੀ. ਸੀ. ਐਸ. ਕਿਤੇ ਕੰਨ ਵਿਚ ਪਾਏ ਵੀ ਨਹੀਂ ਰੜਕੇ। ਸੰਮੇਲਨ ਵਿਚ ਚਰਚਾ ਸੀ ਕਿ ਤੀਜਾ ਪ੍ਰਯੋਗਵਾਦੀ ਕਿਸੇ ਲੇਖਕ ਨੂੰ ਲਿਖਦਾ ਰਿਹਾ ਕਿ 'ਆ ਰਿਹਾ ਹਾਂ' ਤੇ ਕਿਸੇ ਨੂੰ ਲਿਖਦਾ ਰਿਹਾ 'ਨਹੀਂ ਆ ਰਿਹਾ।'

* * * * * *

ਤਰਸੇਮ ਸਿੰਘ ਪੁਰੇਵਾਲ ਐਡੀਟਰ 'ਦੇਸ ਪ੍ਰਦੇਸ' ਦੋਵੇਂ ਦਿਨ ਸਮਾਗਮਾਂ ਤੇ ਹਾਜ਼ਰ ਸਨ ਤੇ ਉਹ ਠਹਿਰੇ ਵੀ 'ਪੰਜਾਬ ਭਵਨ' ਵਿਚ। ਲੇਖਕਾਂ ਵਿਚ ਉਨ੍ਹਾਂ ਤੇ ਪਾਬੰਦੀ ਲਾਏ ਜਾਣ ਤੇ ਹਟਾਏ ਜਾਣ ਬਾਰੇ ਵੱਖ ਵੱਖ ਰਾਵਾਂ ਸਨ।

# ਜਨਤਕ ਭਲਾਈ ਉਤੇ ਇਕ ਬੋਝ ਹਨ ਫੌਜੀ ਖਰਚੇ

ਮਾਸਕੋ — ਅੱਜ ਜਦੋਂ ਸੰਸਾਰ ਦੇ 57 ਕਰੋੜ ਲੋਕ ਭੁੱਖੇ ਮਰ ਰਹੇ ਹਨ ਸਾਮਰਾਜੀ ਦੇਸ਼ਾਂ 'ਚ ਹਥਿਆਰਾਂ ਦੇ ਉਤਪਾਦਨ ਉਤੇ ਹਰ ਮਿੰਟ ਦਸ ਲੱਖ ਤੋਂ ਵਧ ਡਾਲਰ ਖਰਚ ਕੀਤੇ ਜਾਂਦੇ ਹਨ ਜੇ ਇਕ ਹਵਾਈ ਜਹਾਜ਼ ਵਾਹਕ ਨਾ ਬਣਾਇਆ ਜਾਵੇ ਤਾਂ ਏਨੇ ਪੈਸੇ ਬਚਾਉਣਾ ਸੰਭਵ ਹੋ ਸਕਦਾ ਹੈ ਜਿਹੜੇ ਵਿਕਾਸਸ਼ੀਲ ਦੇਸ਼ਾਂ ਨੂੰ 28 ਲੱਖ ਕਣਕ ਭੇਜਣ ਲਈ ਕਾਫੀ ਹੋਣਗੇ। ਇਕ ਜੈਟ ਬੰਬਾਰ ਦੀ ਕੀਮਤ 1 ਲੱਖ ਟਨ ਖੰਡ ਦੀ ਕੀਮਤ ਦੇ ਬਰਾਬਰ ਹੈ।

ਇਸ ਵੇਲੇ ਵਿਕਸਤ ਪੂੰਜੀਵਾਦੀ ਦੇਸ਼ਾਂ ਵਿਚ ਤਿੰਨ ਕਰੋੜ 20 ਲੱਖ ਅਤੇ ਸਮੁਚੇ ਸੰਸਾਰ ਵਿਚ 46 ਕਰੋੜ ਲੋਕ ਬੇਕਾਰ ਹਨ ਅਤੇ ਧਨਾਢ ਫੌਜੀ ਸਨਅਤ ਵਿਚ ਪੈਸੇ ਲਾਈ ਜਾ ਰਹੇ ਹਨ।

ਸੋਵੀਅਤ ਅਖਬਾਰ ਅੱਗੇ ਲਿਖਦਾ ਹੈ ਕਿ ਪੱਛਮੀ ਜਰਮਨੀ ਦੇ ਰਸਾਲੇ ਮੇਟਲ ਅਨੁਸਾਰ ਫੌਜੀ ਸਨਅਤ ਵਿਚ ਖਰਚ ਕੀਤੇ ਜਾਣ ਵਾਲੇ 1 ਅਰਬ ਡਾਲਰ ਉਸਾਰੀ ਵਿਚ 76000 ਸਿਹਤ ਸੇਵਾਵਾਂ ਵਿਚ 77000 ਲੋਕਾਂ ਲਈ ਰੋਜ਼ਗਾਰ ਸੰਭਾਵਨਾਵਾਂ ਪੈਦਾ ਕਰ ਸਕਦੇ ਹਨ।

ਅਮਰੀਕਾ ਵਿਚ ਬੇਘਰ ਲੋਕਾਂ ਦੀ ਗਿਣਤੀ 30 ਲੱਖ ਹੋ ਚੁੱਕੀ ਹੈ। ਜਰਮਨ ਫੈਡਰਲ ਗਣਰਾਜ ਵਿਚ 5 ਲੱਖ ਲੋਕ ਗੰਦੀਆਂ ਝੁੰਪੜੀਆਂ ਵਿਚ ਰਹਿੰਦੇ ਹਨ ਅਤੇ 3 ਲੱਖ ਲੋਕਾਂ ਦੇ ਸਿਰ ਉਤੇ ਉਕਾ ਹੀ ਕੋਈ ਛੱਤ ਨਹੀਂ ਹੈ। ਇਸ ਦੇ ਨਾਲ ਹੀ ਇਕ ਲਿਉਪਰਡ-2" ਟੈਂਕ ਦੀ ਕੀਮਤ 3-3 ਕਮਰਿਆਂ ਵਾਲੇ 16 ਫਲੈਟਾਂ ਦੀ ਕੀਮਤ ਦੇ ਬਰਾਬਰ ਹੈ। ਅਜੇਹੇ ਟੈਂਕਾਂ ਦੇ ਉਤਪਾਦਨ ਸਬੰਧੀ ਪ੍ਰੋਗਰਾਮ ਵਿਚ ਕਮੀ ਕਰਨ ਨਾਲ 32 ਹਜ਼ਾਰ ਪ੍ਰਵਾਰਾਂ ਲਈ ਆਮ ਰਹਾਇਸ਼ੀ ਹਾਲਤਾਂ ਪੈਦਾ ਕਰਨਾ ਸੰਭਵ ਹੋ ਸਕਦਾ ਹੈ।

# ਸੀਰੀਆ ਦੀ ਜੇਲ ਤੋਂ ਅਮਰੀਕਨ ਨੇਵੀ ਦਾ ਹਵਾਬਾਜ ਮੁਕਤ ਕਰਾ ਲਿਆ ਗਿਆ

ਵਾਸ਼ਿੰਗਟਨ—ਸ੍ਰੀ ਰਾਬਰਟ ਗੁਡਮੈਨ ਜੋ ਅਮਰੀਕਨ ਨੇਵੀ ਦੇ ਇਕ ਹਵਾਬਾਜ਼ ਸਨ ਪਿਛਲੇ ਲਗਭਗ ਇਕ ਮਹੀਨੇ ਤੋਂ ਸੀਰੀਆ ਵਿਚ "ਯੁੱਧ-ਬੰਦੀ" ਦੇ ਤੌਰ ਤੇ ਸਨ। ਪਰ ਅਮਰੀਕਾ ਦੇ ਪ੍ਰਧਾਨ ਪਦ ਦੇ ਉਮੀਦਵਾਰ ਸ੍ਰੀ ਜੇਸੀ ਜੈਕਸਨ ਦੇ ਯਤਨਾਂ ਦਾ ਸਦਕਾ ਉਨ੍ਹਾਂ ਨੂੰ ਸੀਰੀਆ ਦੀ ਜੇਲ ਤੋਂ ਮੁਕਤ ਕਰਾ ਲਿਆ ਗਿਆ ਹੈ ਅਤੇ ਉਹ ਮੁੜ ਆਪਣੇ ਦੇਸ਼ ਵਿਚ ਆਪਣੇ ਦੋਸਤਾਂ ਮਿਤਰਾਂ ਵਿਚ, ਆਪਣੇ ਪਰਵਾਰ ਵਿਚ ਪਰਤ ਆਏ ਹਨ।

# ਚਰਚਾ

## ਸਪਸ਼ਟਤਾ

### (ਪੰਜਾਬੀ ਲਿਟਰੇਰੀ ਐਸੋਸੀਏਸ਼ਨ ਦੀ ਚਿੱਠੀ ਦੇ ਉਤਰ ਵਿਚ)

**ਜਸਵੰਤ ਸਿੰਘ ਕੰਵਲ**

(1) ਮੈਂ ਆਖਿਆ ਹੈ, ਇਸ ਵੇਲੇ ਸਿੱਖ ਹਲਕਿਆਂ ਵਿਚ ਸ਼ਰਧਾ ਰਖਣ ਵਾਲਾ ਸਭ ਤੋਂ ਵਧ ਸੰਤ ਜਰਨੈਲ ਸਿੰਘ ਹੈ। ਅਸਲੀ ਲੀਡਰ ਮੈਂ ਕਦੇ ਨਹੀਂ ਕਿਹਾ, ਜਿਥੋਂ ਤਕ ਸਿੱਖਾਂ ਵਿਚ ਸ਼ਰਧਾ ਤੇ ਸਤਿਕਾਰ ਦਾ ਤੁਅਲਕ ਹੈ ਉਹ ਜਿਉਂ ਦਾ ਤਿਉਂ ਕਾਇਮ ਹੈ, ਅੱਜ ਅਖੀਂ ਵੇਖਿਆ ਜਾ ਸਕਦਾ ਹੈ — ਭਲਕ ਦਾ ਪਤਾ ਨਹੀਂ।

(2) ਪੰਜਾਬ ਤੋਂ ਬਾਹਰੋਂ ਆਏ ਭਈਆਂ ਨੂੰ ਪੱਕੇ ਤੌਰ ਤੇ ਰਹਿਣ ਦਾ ਹੱਕ ਦੇਣਾ ਹੈ — ਤਾਂ ਪੰਜਾਬ ਨੂੰ ਹਰ ਹਾਲਤ ਵਿਚ ਬੇਦਖਲ ਹੋਣਾ ਪਵੇਗਾ। ਇਉਂ ਵਧ ਆਬਾਦੀ ਵਾਲੇ ਰਾਜ ਛੋਟੇ ਰਾਜਾਂ ਦੇ ਆਰਥਿਕ ਸਭਿਆਚਾਰਕ ਢਾਂਚੇ ਨੂੰ ਤਬਾਹ ਕਰਨਗੇ। ਆਸਾਮ ਦਾ ਮਸਲਾ ਪੰਜਾਬ ਤੋਂ ਵਖਰਾ ਨਹੀਂ। ਪੰਜਾਬ ਇਸ ਸਮੇਂ ਤਕਰੀਬਨ ਅੱਧੋ ਅੱਧ ਦੀ ਰੇਸ਼ੋ ਨਾਲ ਖਲੋਤਾ ਹੈ। ਪੰਜਾਬ ਵੀ ਲਾਲੇਆਂ ਨਾਲ ਭਰਿਆ ਪਿਆ ਹੈ। ਸਗੋਂ ਇਥੋਂ ਲਾਲੇ ਧੜਾ ਧੜ ਬਾਹਰ ਨੂੰ ਜਾ ਰਹੇ ਹਨ। ਅਸਲ ਵਿਚ ਬਾਹਰ ਜਾਣ ਵਾਲੇ ਹੀ ਇਸ ਬਦਲ ਦੇ ਜ਼ੁਮੇਂਵਾਰ ਹਨ। ਆਰਥਿਕ ਪੱਖੋਂ ਇਥੋਂ ਦੇ ਲਾਲੇਆਂ ਦਾ ਗਲ ਘੁਟਿਆ ਜਾਣਾ ਕੁਦਰਤੀ ਹੈ। ਕਿਸੇ ਸੋਸ਼ਲਿਸਟ ਦੇਸ਼ ਨੇ ਬਾਹਰਲੇ ਮਜ਼ਦੂਰਾਂ ਨੂੰ ਆਪਣੇ ਦੇਸ਼ ਵਿਚ ਵੜਣ ਨਹੀਂ ਦਿੱਤਾ। ਕਿਉਂ ? ਕੀ ਉਹਨਾਂ ਨੂੰ ਮਲਕ ਭਾਗੋ ਆਖਿਆ ਜਾਵੇ? ਭਾਰਤ ਬਹੁਤੀਆਂ ਕੌਮੀਅਤਾਂ ਦਾ ਸੰਗ੍ਰਹਿ ਹੈ। ਹਰ ਕੌਮੀਅਤ ਨੂੰ ਆਪਣੀ ਹਸਤੀ ਕਾਇਮ ਤੇ ਆਜ਼ਾਦ ਰਖਣ ਦਾ ਹੱਕ ਹੈ। ਜੇ ਹਸਤੀ ਕਿਸੇ ਹੋਰ ਸਚਿਆਰੇ ਢੰਗ ਨਾਲ ਕਾਇਮ ਰੱਖੀ ਜਾ ਸਕਦੀ ਹੈ, ਉਹ ਢੰਗ ਲੋਕਾਂ ਵਿਚ ਆਉਣਾ ਚਾਹੀਦਾ ਹੈ।

(3) ਭਾਰਤ ਵਿਚ ਸੈਕੂਲਰਇਜ਼ਮ ਦੀ ਘਾਟ ਕਾਰਨ ਹੀ ਹੁਣ ਤਕ ਫਿਰਕੂ ਫਸਾਦ ਹੁੰਦੇ ਰਹੇ ਹਨ। ਜਿੰਨ੍ਹਾਂ ਹੱਥਾਂ ਵਿਚ ਰਾਜਸੀ ਤਾਕਤ ਰਹੀ ਹੈ, ਉਹਨਾਂ ਮਜ਼ਬੂਤੀ ਨਾਲ ਇਸ ਨੂੰ ਲਾਗੂ ਨਹੀਂ ਕੀਤਾ। ਜਨੂੰਨੀ ਲੜਾਈ ਦੇ ਨਤੀਜੇ ਹਿੰਦੋਸਤਾਨ ਭੁਗਤ ਚੁੱਕਾ ਹੈ। ਸੈਕੂਲਰਇਜ਼ਮ ਦੀ ਦੁਹਾਈ ਦੇਣ ਵਾਲੇ ਹੀ ਇਸ ਨੂੰ ਪਿਠ ਦੇ ਗਏ। ਤੇ ਲੋਕਾਂ ਨੂੰ ਰਾਜਸੀ ਧਾਂਦਲੀ ਦੇ ਮੂੰਹ ਧੱਕ ਦਿਤਾ। ਸਰਮਾਏਦਾਰੀ ਨੇ ਆਪਣੀ ਲੁੱਟ ਜਾਰੀ ਰੱਖਣ ਲਈ ਫਿਰਕੂ ਜਜ਼ਬਾਤ ਨੂੰ ਉਭਾਰਣਾ ਹੀ ਸੀ। ਪਰ ਸਰਮਾਏਦਾਰੀ ਨੂੰ ਖਤਮ ਕਰਨ ਦੇ ਦਾਅਵੇਦਾਰਾਂ ਨੇ ਵੀ ਕੁਝ ਨਹੀਂ ਸਵਾਰਿਆ। ਕੁਦਰਤ ਦਾ ਨੇਮ ਹੈ , ਹਰ ਸਮੇਂ ਕੁਝ ਨ ਕੁਝ ਹੁੰਦਾ ਰਹਿੰਦਾ ਹੈ, ਮੈਦਾਨ ਖਾਲੀ ਵੇਖ ਕੇ ਸਰਮਾਏਦਾਰਾਂ ਕਬਜ਼ਾ ਕਰ ਲਿਆ। ਮੈਂ ਹਰ ਮਤ ਦੇ ਲੋਕਾਂ ਨੂੰ ਭਾਈਚਾਰਕ ਸਾਂਝ ਨਾਲ ਵਸਦੇ ਵੇਖਣਾ ਚਾਹੁੰਦਾ ਹਾਂ।


(4) ਮੈਂ ਅਜਿਹੀ ਮਾਰਕਸਿਜ਼ਮ ਕਿਤੇ ਨਹੀਂ ਪੜ੍ਹੀ ਜਿਹੜੀ ਵੱਡੇ ਹਥੋਂ ਛੋਟੇ ਕਲਚਰ ਨੂੰ ਕੁਚਲਾਉਂਦੀ ਹੋਵੇ। ਸਗੋਂ ਹਰ ਕਲਚਰ ਨੂੰ ਵਧਣ ਫੁਲਣ ਲਈ ਸਹੂਲਤ ਤੇ ਸੁਰਖਸ਼ਾ ਜ਼ਰੂਰ ਦਿੰਦੀ ਹੈ, ਇੰਗਲੈਂਡ ,ਅਮਰੀਕਾ, ਤੇ ਕੈਨੇਡਾ ਦੇ ਕਲਚਰ ਵਿਚ ਬਹੁਤਾ ਫਰਕ ਨਹੀਂ। ਬਾਹਰ ਜਾਣ ਵਾਲੇ ਲਖ ਜਤਨਾਂ ਦੇ ਬਾਵਜੂਦ ਬਹੁਗਿਣਤੀ ਦੇ ਕਲਚਰ ਵਿਚ ਆਪੇ ਨੂੰ ਸਮਾਉਣ ਤੋਂ ਰੋਕ ਨਹੀਂ ਸਕਣਗੇ। ਜੇ ਪੰਜਾਬੀਅਤ ਹੀ ਨ ਰਹੀ, ਪੰਜਾਬ ਕੀ ਹੋਇਆ? ਜਿਹਨਾਂ ਸਾਹਮਣੇ ਪੰਜਾਬ ਹੈ, ਨਹੀਂ ਹੈ, ਇਕ ਬਰਾਬਰ ਹੈ, ਮੈਂ ਉਹਨਾਂ ਦੇ ਵਿਚਾਰਾਂ ਨਾਲ ਨਹੀਂ ਖਲੋ ਸਕਦਾ। ਹਰ ਕੌਮੀਅਤ ਦੀਆਂ ਕੁਝ ਭਿੰਨ ਸਮੱਸ੍ਰਿਆਵਾਂ ਹੁੰਦੀਆਂ ਹਨ। ਕਸ਼ਮੀਰੀ ਨੂੰ ਮਦਰਾਸੀ ਨਾਲ ਨਹੀਂ ਰਲਾਇਆ ਜਾ ਸਕਦਾ।

(5) ਈਨਕ ਪਾਬੁਲ ਜਿਥੋਂ ਤਕ ਆਪਣੀ ਸਭਿਅਤਾ ਨੂੰ ਬਚਾਉਣ (ਜਿਸ ਨੂੰ ਕੋਈ ਖਤਰਾ ਨਹੀਂ) ਦੀ ਗਲ ਕਰਦਾ ਹੈ , ਠੀਕ ਹੈ, ਜਦੋਂ ਉਹ ਨਸਲੀ ਵਿਤਕਰੇ ਤੇ ਲੜਾਈ ਦੀ ਗਲ ਛੇੜਦਾ ਹੈ, ਕੌਮ ਵਿਰੋਧੀ ਹੋ ਜਾਂਦਾ ਹੈ। ਇੰਗਲੈਂਡ ਤੇ ਪੰਜਾਬ ਦੀ ਸਥਿਤੀ ਵਿਚ ਹਜ਼ਾਰਾਂ ਕੋਹਾਂ ਦਾ ਫਰਕ ਹੈ, ਮੁਕਾਬਲਾ ਹੀ ਕੋਈ ਨਹੀਂ। ਪੰਜਾਬ ਖੁਰ ਰਿਹਾ ਹੈ। ਇਸ ਨੂੰ ਜਾਣ ਬੁਝ ਕੇ ਘੱਟ ਗਿਣਤੀ ਵਿਚ ਲਿਆਂਦਾ ਜਾ ਰਿਹਾ ਹੈ। ਅਕਾਲੀ ਪੰਜਾਬ ਦੇ ਮਧ ਵਰਗ ਤੇ ਟੁਟ ਰਹੇ ਦੀ ਤਰਜਮਾਨੀ ਕਰ ਰਹੇ ਹਨ। ਮੈਂ ਉਹਨਾ ਦੀ ਸਿਆਸਤ ਨਾਲ ਸਹਿਮਤ ਨਹੀਂ। ਵਜਾਹ ਸਾਫ ਹੈ। ਉਹਨਾਂ ਨੂੰ ਆਪਣੀ ਮੰਜ਼ਲ ਦਾ ਆਪ ਪਤਾ ਨਹੀਂ ਪਰ ਉਹਨਾ ਦੇ ਚਲ ਰਹੇ ਮੋਰਚੇ ਦੀਆਂ ਮੰਗਾਂ ਸਵਾਏ ਕਾਂਗਰਸ ਦੇ ਸਭ ਵਿਰੋਧੀ ਪਾਰਟੀਆਂ ਵੀ ਠੀਕ ਮੰਨੀਆਂ ਹਨ। ਮੈਂ ਵੀ ਇਹਨਾਂ ਮੰਗਾਂ ਦਾ ਸਮਰਥਨ ਕੀਤਾ ਹੈ, ਜਿਹੜੇ ਇਨਾਂ ਮੰਗਾਂ ਨੂੰ ਠੀਕ ਨਹੀਂ ਮੰਨਦੇ , ਉਹ ਇੰਦਰਾ ਨੂੰ ਠੀਕ ਮੰਨਦੇ ਹਨ। ਨਿਰਾ ਤਮਾਸ਼ਾ ਵੇਖਣ ਵਾਲਿਆਂ ਨੂੰ ਕੀ ਆਖਿਆ ਜਾਵੇ।

(6) ਮੈਂ ਕਦੇ ਦਾਅਵਾ ਨਹੀਂ ਕੀਤਾ ਕਿ ਲੋਕਾਂ ਦਾ ਲੇਖਕ ਹਾਂ। ਲੋਕਾਂ ਨੂੰ ਮਹਾਨ ਤੇ ਆਪਣੇ ਆਗੂ ਜਰੂਰ ਮੰਨਿਆ ਹੈ। ਹਰ ਲੇਖਕ ਬਾਰੇ ਉਹਦੀ ਲਿਖਤ ਹੀ ਨਿਰਣਾ ਕਰਦੀ ਹੈ ਕਿ ਉਹ ਕੀ ਹੈ। ਆਪਣੀਆਂ ਗਲਾਂ ਕਿਸੇ ਦੇ ਮੂੰਹ ਪਾਉਣ ਨਾਲ ਸੱਚ ਨਹੀਂ ਉਘੜਦਾ। ਮੇਰਾ ਨਿਸਚਾ ਹੈ , ਚਲ ਰਹੇ ਸੱਚ ਦਾ ਪੱਲਾ ਹਰ ਲੇਖਕ ਨੂੰ ਫੜ ਕੇ ਰੱਖਣਾ ਚਾਹੀਦਾ ਹੈ।

#### ਕੁਝ ਹੋਰ

ਅਕਾਲੀ ਕਿਸੇ ਇਨਕਲਾਬ ਲਈ ਨਹੀਂ ਲੜ ਰਹੇ। ਛੋਟਾ ਸੱਜਾ ਤਬਾਹ ਹੋਣੋ ਬਚਣ ਲਈ ਵੱਡੇ ਸੱਜੇ ਤੋਂ ਕੁਝ ਰਿਆਇਤਾਂ ਭਾਲ ਰਿਹਾ ਹੈ। ਇਹ ਕੋਈ ਗੁਨਾਹ ਨਹੀਂ। ਅਕਾਲੀ ਮੋਰਚਾ ਜੇ ਕਾਮਯਾਬ ਹੋ ਜਾਵੇ; ਪੰਜਾਬ ਦੀ ਆਰਥਿਕਤਾ ਨੂੰ ਸਥਿਰਤਾ ਮਿਲਦੀ ਹੈ। ਇਸ ਤਰਾਂ ਵਤਨੋਂ ਬੇਵਤਨ ਹੋਣ



— ਜਸਵੰਤ ਸਿੰਘ ਕੰਵਲ —

ਵਾਲਿਆਂ ਨੂੰ ਮੁਹਾਰਾਂ ਮੋੜਣ ਦਾ ਮੌਕਾ ਮਿਲ ਸਕਦਾ ਹੈ। ਅੰਦਰੂਨੀ ਖੁਦਮੁਖਤਾਰੀ ਦਾ ਨਾਅਰਾ ਜੱਥੇਦਾਰਾਂ ਲਾਇਆ ਹੈ; ਕਿਸੇ ਹੋਰ ਰਾਜਸੀ ਪਾਰਟੀ ਨੇ ਨਹੀਂ, ਕਿਉਂਕਿ ਮੋਰਚਾ ਅਕਾਲੀਆਂ ਲਾਇਆ ਹੈ, ਇਸ ਕਾਰਨ ਵਿਰੋਧਤਾ ਠੀਕ ਨਹੀਂ, ਮੈਦਾਨ ਖੁਲ੍ਹਾ ਸੀ, ਕੋਈ ਵੀ ਤੜ ਮਾਰ ਸਕਦਾ ਸੀ, ਜੇ ਇਹ ਮੰਗ ਦਰੁਸਤ ਹੈ , ਇਸ ਦੀ ਹਮਾਇਤ ਹੋਣੀ ਚਾਹੀਦੀ ਹੈ। ਖ਼ਾਮੋਸ਼ੀ ਮੈਨੂੰ ਦੋਸ਼ ਵਰਗੀ ਲਗਦੀ ਹੈ।

ਹਰ ਸੂਝਵਾਨ ਨੂੰ ਫੈਸਲਾ ਕਰਨਾ ਹੋਵੇਗਾ: ਸੱਚ ਇੰਦਰਾ ਨਾਲ ਹੈ ਜਾਂ ਅਕਾਲੀ ਮੰਗਾਂ ਨਾਲ ? ਇਕੱਲੀ ਇੰਦਰਾ ਇਹ ਰੇੜਕਾ ਮੁਕਾਉਣਾ ਨਹੀਂ ਚਾਹੁੰਦੀ ਤੇ ਹਾਲਾਤ ਬਰਾਬਰ ਵਿਗੜਦੇ ਜਾ ਰਹੇ ਹਨ। ਸੋਸ਼ਲਿਜ਼ਮ ਤੇ ਇਨਕਲਾਬ ਦੀ ਗਲ ਭਾਰਤ ਵਿਚ ਗੁੱਠੇ ਲਾ ਰੱਖ ਦਿੱਤੀ ਗਈ ਹੈ। ਕੀਹਨੇ ? ਇਹ ਬਿਲਕੁਲ ਵਖਰਾ ਮਸਲਾ ਹੈ।

ਪੰਜਾਬ ਦਾ ਕਿਸਾਨ ਜੇ ਅਕਾਲੀਆਂ ਨਾਲ ਨਾ ਆਇਆ ਹੁੰਦਾ, ਮੋਰਚਾ ਸਾਲ ਨੂੰ ਕਦੇ ਨਾ ਟਪਦਾ। ਜਦੋਂ ਹਾਲੋਂ ਬੇਹਾਲ ਕਿਸਾਨ ਦੀ ਬਾਂਹ ਫੜਨ ਵਾਲਾ ਹੀ ਕੋਈ ਨਾ ਹੋਵੇ, ਉਹ ਜਾਵੇ ਕਿਧਰ ਨੂੰ ? ਕਾਂਗਰਸ ਦੀ ਹੀ ਕੁੱਟ ਖਾਈ ਜਾਵੇ ? ਅਕਾਲੀਆਂ ਉਸਨੂੰ ਗਲ ਨਾਲ ਲਾ ਲਿਆ। ਚਲ ਰਹੇ ਮੋਰਚੇ ਤੋਂ ਅੰਦਾਜ਼ਾ ਲਾਉਣਾ ਔਖਾ ਨਹੀਂ , ਪੰਜਾਬ ਦਾ ਮਾਸਜ਼ ਅੱਜ ਕੀਹਦੇ ਨਾਲ ਹੈ। ਕਲ ਕਿਸੇ ਨਹੀਂ ਵੇਖਿਆ।

ਗਲ ਤੁਰਨੀ ਚਾਹੀਦੀ ਹੈ ਪੰਜਾਬੀ ਪੈਂਤੜੇ ਤੋਂ, ਜਿਸ ਤੇ ਆਕੇ ਵੀ ਅਕਾਲੀ ਥਿੜਕ ਜਾਂਦੇ ਹਨ, ਇਹ ਉਹਨਾਂ ਦੇ ਵਸ ਦੀ ਗਲ ਨਹੀਂ। ਉਹਨਾਂ ਮੁੱਢ ਤੋਂ ਹੀ ਸਿੱਖ ਧਾਰਾ ਅਨੁਸਾਰ ਸੋਚਿਆ ਹੈ। ਲੋੜ ਹੈ ਪੰਜਾਬੀ ਪੈਂਤੜੇ ਨੂੰ ਮਜ਼ਬੂਤ ਕੀਤਾ ਜਾਵੇ। ਪੰਜਾਬੀਆਂ ਦੀ ਏਕਤਾ ਪ੍ਰਾਪਤੀਆਂ ਕਰ ਸਕਦੀ ਹੈ, ਇਹ ਇਕ ਇਕੱਲੇ ਦਾ ਕੰਮ ਨਹੀਂ। ਪੰਜਾਬ ਮਜ਼ਬੂਤ, ਭਾਰਤ ਮਜ਼ਬੂਤ।

ਕਿਸੇ ਫਿਰਕੇ ਦੇ ਬੇਗੁਨਾਹ ਦਾ ਕਤਲ ਭਾਰੀ ਅਪਰਾਧ ਹੈ। ਉਸਦੀ ਹਰ ਤਰਾਂ ਨਿੰਦਾ ਹੋਣੀ ਚਾਹੀਦੀ ਹੈ। ਪੰਜਾਬ ਦੇ ਏਕੇ ਨੂੰ ਸੱਟ ਮਾਰਿਆਂ ਕੋਈ ਪ੍ਰਾਪਤੀ ਨਹੀਂ ਹੋਣੀ। ਕਈ ਪਾਰਟੀਆਂ ਮੋਰਚਾ ਲਗਣ ਨਾਲ ਆਪਣੀ ਸਾਖ ਮਰਦੀ ਵੇਖਕੇ ਸਾੜਾ ਕੀਤਾ ਹੈ, ਫਾਲਤੂ ਵਿਰੋਧ ਤੇ ਨੁਕਤਾਚੀਨੀ ਨੇ ਕਦੇ ਸਵਾਰਿਆ ਕੁਝ ਨਹੀਂ। ਗਲਤ ਨੂੰ ਦਲੀਲ ਨਾਲ ਸਹੀ ਰਾਹ ਤੇ ਲਿਆਉਣਾ ਵੀ ਪ੍ਰਾਪਤੀ ਹੈ। ਮੋਰਚੇ ਦੀ ਨਿਰੀ ਨੁਕਤਾਚੀਨੀ ਸਹੀ ਨੂੰ ਕਮਜ਼ੋਰ ਤੇ ਗਲਤ (ਇੰਦਰਾ) ਦੇ ਹੱਥ ਮਜ਼ਬੂਤ ਕਰੇਗੀ।

ਸਟੈਂਡ ਬਣਨਾ ਚਾਹੀਦਾ ਹੈ ; ਪੰਜਾਬ ਨੂੰ ਆਰਥਿਕ ਪੱਖੋਂ ਪੈਰਾਂ ਸਿਰ ਕਰਨਾ ਹੈ। ਪੈਰਾਂ ਸਿਰ ਇਹ ਤਾਂ ਹੀ ਹੋ ਸਕਦਾ ਹੈ ਜੇ ਆਪਣੇ ਵਸੀਲਿਆਂ (ਬਿਜਲੀ ਪਾਣੀ) ਨੂੰ ਆਪ ਵਰਤੇ। ਆਪਣੀ ਉਪਜ ਦਾ ਮੁੱਲ ਕਿਸੇ ਹੋਰ ਹੱਥ ਨ ਦੇਵੇ।

ਭਾਰਤ ਵਿਚ ਸਾਰੀਆਂ ਰਾਜਸੀ ਪਾਰਟੀਆਂ ਦਾ ਰੋਲ ਲੋਕ ਹਿੱਤਾਂ ਵਾਲਾ ਨਹੀਂ ਰਿਹਾ, ਜਿਹਨਾਂ ਨਰੋਈ ਦਿਸ਼ਾ ਵਲ ਕਦਮ ਪੁੱਟੇ ਪਾਟੋ ਧਾੜ ਹੋ ਗਏ, ਕੀਹਨੇ ਕਦੋਂ ਗਲਤ ਹੋ ਜਾਣਾ ਹੈ, ਭਰੋਸਾ ਹੀ ਨਹੀਂ ਰਿਹਾ, ਰਾਜਸੀ ਪਾਰਟੀਆਂ ਨਾਲੋਂ ਪੰਜਾਬ ਦੇ ਕਿਸਾਨਾਂ ਨਾਲ ਖਲੋਣਾ ਮੈਨੂੰ ਜਚਦਾ ਹੈ। ਤੇ ਮੈਂ ਤੁਰਿਆ ਜਾ ਰਿਹਾ ਹਾਂ।



**ਘਰ ਪਰਿਵਾਰ**

# ਇਸਤਰੀ ਨੂੰ ਕੁੱਟਣਾ—ਘਰ ਵਿਚ ਕੋਹੜ ਪਾਉਣ ਦੇ ਬਰਾਬਰ

ਚਰਨ ਪਾਲ ਗਿੱਲ

ਸਿੱਖ ਧਰਮ ਵਿਚ ਇਸਤਰੀਆਂ ਨੂੰ ਬਰਾਬਰਤਾ ਦਿੱਤੀ ਹੈ । ਪਤਾ ਅਸਲੀ ਤੌਰ ਤੇ ਇਸਤਰੀਆਂ ਨੂੰ ਸਮਾਜ ਵਿਚ ਕਦੇ ਭੀ ਬਰਾਬਰਤਾ ਨਹੀਂ ਮਿਲੀ । ਬਰਾਬਰਤਾ ਦੇਣ ਨਾਲ ਇਸਤਰੀਆਂ ਨੂੰ ਹੀ ਫਾਇਦਾ ਨਹੀਂ ਸਾਰੇ ਸਮਾਜ ਨੂੰ, ਮਰਦਾਂ ਨੂੰ ਤੇ ਬੱਚਿਆਂ ਨੂੰ ਭੀ ਇਹ ਗੱਲ ਲਾਭਦਾਇਕ ਸਾਬਤ ਹੋ ਸਕਦੀ ਹੈ ।

ਸਾਡੀ ਪੰਜਾਬੀ ਕਮਿਊਨਿਟੀ ਵਿਚ ਅੱਸੀ ਪਰਸੈਂਟ ਧੱਫਾ ਧਾਊਲਾ ਕਰਦੇ ਹਨ । ਇਸ ਗੱਲ ਨੂੰ ਮਰਦ ਆਪਦਾ ਜਾਤੀ ਹੱਕ ਸਮਝਦੇ ਹਨ । ਇਹ ਗੱਲ ਕਿਸੇ ਦੇ ਖਿਆਲ ਵਿਚ ਨਹੀਂ ਆਈ ਕਿ ਅਸੀਂ ਆਪਦੇ ਪੈਰ ਕੁਹਾੜਾ ਮਾਰਦੇ ਹਾਂ । ਜਿਸ ਘਰ ਵਿਚ ਇਸਤਰੀ ਮਰਦ ਦੀ ਲੜਾਈ ਹਰ ਵੇਲੇ ਚਲਦੀ ਹੈ ਉਸ ਘਰ ਵਿਚ ਸਿਰਫ ਅਮਨ ਚੈਨ ਹੀ ਨਹੀਂ ਖੁਸ ਜਾਂਦੇ ਘਰ ਬੱਚਿਆਂ ਤੇ ਬਹੁਤ ਉਲਟਾ ਅਸਰ ਪੈਂਦਾ ਹੈ । ਮਰਦ ਆਪਦੀਆਂ ਕਮਜ਼ੋਰੀਆਂ ਨੂੰ ਛੁਪਾਉਂਦਾ ਹੋਇਆ ਜਸਮਾਨੀ ਢੰਗ ਨਾਲ ਇਸਤਰੀ ਨੂੰ ਦਬਾਉਣਾ ਚਾਹੁੰਦਾ ਹੈ । ਆਪਦੇ ਆਪ ਨੂੰ ਸਰਦਾਰੀ ਤੇ ਹੈਡ ਦੀ ਪੁਜ਼ੀਸ਼ਨ ਕਾਇਮ ਰੱਖਣ ਲਈ ਕਈ ਅਨੋਖੇ ਢੰਗ ਵਰਤਦਾ ਹੈ । ਇਸਦਾ ਨਤੀਜਾ ਕਈ ਵਾਰ ਦਸ ਪੰਦਰਾਂ ਵਰ੍ਹੇ ਬਾਦ ਨਿਕਲਦਾ ਹੈ ਜਦ ਕਿ ਬੱਚੇ ਨ ਇਸਤਰੀ ਦੇ ਕੰਟਰੋਲ ਵਿਚ ਤੇ ਨ ਮਰਦ ਦੇ ਕੰਟਰੋਲ ਵਿਚ । ਆਪ ਮੁਹਾਰੇ ਹੀ ਬੱਚੇ ਘਰੋਂ ਨਿਕਲ ਤੁਰਦੇ ਹਨ ਕਿਉਂਕਿ ਉਨ੍ਹਾਂ ਦੇ ਅਰਮਾਨ ਤਾਂ ਦੱਬੇ ਪਏ ਸਨ । ਉਨ੍ਹਾਂ ਡਰਦੇ ਡੈਡੀ ਨੂੰ ਕੁਝ ਨਹੀਂ ਕਿਹਾ ਕਿਉਂਕਿ ਡੈਡੀ ਨੇ ਉਨ੍ਹਾਂ ਤੇ ਭੀ ਛਿਤਰ ਪਾਊਲਾ ਖੜਕਾ ਦੇਣਾ ਸੀ । ਇਸ ਲੇਖ ਵਿਚ ਮੈਂ ਸਿਰਫ ਬੱਚਿਆਂ ਤੇ ਇਸਤਰੀਆਂ ਦੇ ਅਰਮਾਨਾਂ ਦੇ ਇਕ ਪੱਖ ਦੀ ਵਿਆਖਿਆ ਕਰਾਂਗਾ ਕਿ ਜਦ ਬੱਚੇ ਆਪਦੇ ਆਪ ਵਿਚ ਹੋ ਜਾਣ ਤਾਂ ਉਹ ਡੈਡੀ ਨੂੰ ਫਤਹਿ ਕਿਉਂ ਬੁਲਾ ਜਾਂਦੇ ਹਨ ?

ਇਹ ਗੱਲ ਸਾਨੂੰ ਮੰਨਣੀ ਪਵੇਗੀ ਕਿ ਮਾਂ ਦਾ ਪਿਉ ਨਾਲੋਂ ਬੱਚਿਆਂ ਤੇ ਹਮੇਸ਼ਾਂ ਕੰਟਰੋਲ ਜ਼ਿਆਦਾ ਹੁੰਦਾ ਹੈ । ਕਿਉਂਕਿ ਮਾਂ ਹਮੇਸ਼ਾਂ ਘਰ ਰਹਿੰਦੀ ਹੈ ਤੇ ਬੱਚਿਆਂ ਨੂੰ ਖੁਆਉਂਦੀ ਪਿਆਉਂਦੀ ਹੈ । ਪਿਉ ਘਰ ਤੋਂ ਪੰਜ ਦਿਨ ਪੰਜਾਹ ਜਾਂ ਸੱਠ ਘੰਟੇ ਕੰਮ ਤੇ ਰਹਿੰਦਾ ਹੈ । ਜਦ ਇਸਤਰੀ ਨਜਾਇਜ਼ ਕੁਟੀ ਜਾਵੇ ਤਾਂ ਦੂਸਰੇ ਦਿਨ ਬੱਚਿਆਂ ਤੇ ਇਸਤਰੀ ਵਿਚਕਾਰ ਘਰ ਵਿਚ ਜ਼ਰੂਰ ਗੱਲ ਹੁੰਦੀ ਹੈ । ਇਸਤਰੀ ਦਾ ਕਰੋਧ ਤੇ ਗੁੱਸਾ ਅੰਦਰਗਤੀ ਰਹਿੰਦਾ ਹੈ ਕਿਉਂਕਿ ਮਰਦ ਉਸਦੀ ਗੱਲ ਨਹੀਂ ਸੁਣਦਾ, ਅਸਮਰਥ ਹੈ ਜਾਂ ਚਾਹਵਾਨ ਨਹੀਂ ਹੁੰਦਾ । ਇਹ ਆਮ ਸਮਝਿਆ ਜਾਂਦਾ ਹੈ ਕਿ ਇਸਤਰੀ ਦੀ ਗੁੱਤ ਪਿਛੇ ਮੱਤ ਹੁੰਦੀ ਹੈ । ਜੇ ਇਹ ਗੱਲ ਠੀਕ ਹੋਵੇ ਤਾਂ ਜੋ ਇਸਤਰੀਆਂ ਜੂੜਾ ਕਰਦੀਆਂ ਹਨ ਤਾਂ ਉਨ੍ਹਾਂ ਦੀ ਮੱਤ ਤਾਂ ਠਿਕਾਣੇ ਚਾਹੀਦੀ ਹੈ । ਜਾਂ ਜਿਹੜੇ ਮਰਦਾਂ ਦੇ ਕੇਸ ਹੀ ਨਹੀਂ ਤਾਂ ਉਨ੍ਹਾਂ ਦੀ ਮੱਤ ਕਿਥੇ ਗਈ । ਜੋ ਇਸਤਰੀਆਂ ਜੂੜਾ ਤੇ ਗੁੱਤ ਨਹੀਂ ਕਰਦੀਆਂ ਤਾਂ ਉਨ੍ਹਾਂ ਦੀ ਮੱਤ ਦਾ ਕੀ ਹਾਲ ? ਮੇਰਾ ਕਹਿਣ ਦਾ ਭਾਵ ਇਹ ਹੈ ਕਿ ਇਹ ਪੁਰਾਣੀ ਕਹਾਉਤ ਵਿਗਿਆਨਕ ਨਹੀਂ, ਨਾ ਇਸਦੀ ਕੋਈ ਜੜ੍ਹ ਹੈ । ਇ

ਇਸ ਕਹਾਉਤ ਦੀ ਪੂਰੀ ਭੰਡੀ ਕਰਨੀ ਚਾਹੀਦੀ ਹੈ ਕਿਉਂਕਿ ਇਹ ਬਹੁਤ ਸਾਦਾ ਤੇ ਸਟੂਪਿਡ ਹੈ । ਇਨ੍ਹਾਂ ਗੱਲਾਂ ਦਾ ਸਾਰੇ ਪਰਵਾਰ ਤੇ ਉਲਟਾ ਅਸਰ ਪੈਂਦਾ ਹੈ । ਇਸਤਰੀ ਆਪਦਾ ਗੁੱਸਾ ਬੱਚਿਆਂ ਨੂੰ ਦਸਦੀ ਹੈ । ਬੱਚੇ ਭਾਵੇਂ ਕੁਝ ਨਹੀਂ ਕਰ ਸਕਦੇ ਪਰ ਡੈਡੀ ਨਾਲ ਉਨ੍ਹਾਂ ਨੂੰ ਨਫਰਤ ਹੋਣੀ ਸ਼ੁਰੂ ਹੋ ਜਾਂਦੀ ਹੈ । ਨਫਰਤ ਦਾ ਬੀ ਮੁਢ ਵਿਚ ਹੀ ਬੀਜਿਆ ਜਾਂਦਾ ਹੈ । ਜਦ ਬੱਚੇ ਜੁਆਨ ਹੋ ਜਾਂਦੇ ਹਨ ਤਾਂ ਉਹ ਮਾਂ ਦੀ ਮਦਤ ਕਰਨ ਲੱਗ ਜਾਂਦੇ ਹਨ, ਘਰ ਦੁਫਾੜ ਹੋ ਜਾਂਦਾ ਹੈ । ਫਿਰ ਮਰਦ ਘਾਬਰਿਆ ਹੋਇਆ ਦੱਬ ਕੇ ਪੀਣ ਲੱਗ ਜਾਂਦਾ ਹੈ ਤੇ ਉਲਾਂਭਾ ਇਸਤਰੀ ਨੂੰ ਜਾਂ ਬੱਚਿਆਂ ਨੂੰ ਜਾਂਦਾ ਹੈ । ਮਰਦ ਸੋਚਦਾ ਹੈ ਕਿ ਮੇਰੀ ਸਾਰੀ ਕਮਾਈ ਕੀਤੀ ਖੂਹ ਵਿਚ ਜਾ ਰਹੀ ਹੈ, ਮੈਂ ਏਨਾਂ ਮਿਹਨਤੀ ਕੀਤੀ, ਮੇਰੀ ਕੋਈ ਕਦਰ ਨਹੀਂ ਕਰਦਾ । ਪਰ ਕਦੇ ਇਹ ਸਮਝ ਵਿਚ ਗੱਲ ਨਹੀਂ ਆਈ ਕਿ ਕਦਰ ਤੇ ਇਜ਼ਤ ਤਾਂ ਦਸ ਸਾਲ ਪਹਿਲੋਂ ਹੀ ਗੰਵਾ ਲਈ ਸੀ । ਗੁੱਸੇ ਵਿਚ ਇਸਤਰੀ ਨੂੰ ਗਾਲੀਆਂ ਤੇ ਹੋਰ ਕੁਟ ਪੁਟਾਈ ਹੁੰਦੀ ਹੈ । ਮਰਦ ਸਮਝਦਾ ਹੈ ਕਿ ਇਸ ਤਰ੍ਹਾਂ ਉਹ ਛੇਤੀ ਹੀ ਮਸਲਾ ਹੱਲ ਕਰ ਦੇਵੇਗਾ । ਪਰ ਇਹ ਨਹੀਂ ਸਮਝ ਪੈਂਦੀ ਕਿ ਉਹ ਧੁਖਦੀ ਅੱਗ ਤੇ ਪਟਰੋਲ ਪਾ ਰਿਹਾ ਹੈ । ਬੱਚੇ ਘਰੋਂ ਨਿਕਲ ਜਾਂਦੇ ਹਨ ਤੇ ਕਈ ਵਾਰੀ ਇਸਤਰੀ ਭੀ ਬੋਰੀਆ ਬਿਸਤਰਾ ਗੋਲ ਕਰਕੇ ਘਰੋਂ ਨਿਕਲ ਜਾਂਦੀ ਹੈ । ਘਰ ਚੌੜ ਚਪੱਟ । ਜਿਹੜੀ ਗੱਲ ਲਈ ਕੈਨੇਡਾ ਆਏ ਸੀ ਤੇ ਮਨੋਭਾਵਨਾ ਸੀ ਕਿ ਆਪਦੇ ਖਾਨਦਾਨ ਦੀ ਇਜ਼ਤ ਵਧਾਈਏ। ਕੀ ਉਹ ਗੱਲ ਸਿਰੇ ਚੜ੍ਹ ਗਈ ? ਨਹੀਂ ਬਿਲਕੁਲ ਨਹੀਂ ! ਇਸ ਮੰਤਵ ਨੂੰ ਪੂਰਾ ਕਰਨ ਲਈ, ਸਰਦਾਰ ਜੀ, ਪੰਦਰਾਂ ਸਾਲ ਲੇਟ ਹੋ ਚੁਕੇ ਹਾਂ ।

ਕਈ ਪਰਵਾਰ ਕਿਸੇ ਦੀ ਸੁਲਾਹ ਭੀ ਨਹੀਂ ਪੁਛਦੇ ਕਿਉਂਕਿ ਘਰ ਦਾ ਪਰਦਾ ਕਿਸੇ ਕੋਲ ਪੁਜ ਜਾਵੇਗਾ । ਪਰ ਪਰਦੇ ਫਿਰ ਭੀ ਨਹੀਂ ਰਹਿੰਦੇ ਕਿਉਂਕਿ ਅੱਜ ਕੱਲ ਕੰਧਾਂ ਦੇ ਭੀ ਕੰਨ ਹਨ । ਘਰ ਘਰ ਫੂਨ ਹਨ । ਗੱਲ ਬਾਹਰ ਨਿਕਲ ਜਾਂਦੀ ਹੈ ਤੇ ਫੰਗਾਂ ਦੀਆਂ ਡਾਰਾਂ ਬਣ ਜਾਂਦੀਆਂ ਹਨ । ਕਈ ਵਾਰ ਮਰਦ ਆਪਦੀ ਇਜ਼ਤ ਨੂੰ ਬਰਕਰਾਰ ਰੱਖਣ ਲਈ ਅੰਤਮ-ਪੱਖੀ ਹੋ ਜਾਂਦਾ ਹੈ । ਇਸਦਾ ਭਾਵ ਕਿ ਇਸਤਰੀ ਨੂੰ ਜਾਂ ਆਪਦੇ ਬੱਚੇ ਨੂੰ ਖਤਮ ਕਰਨ ਦੀ ਸੋਚਦਾ ਹੈ । ਇਹੋ ਜਿਹੀਆਂ ਘਟਨਾਵਾਂ ਵਾਪਰੀਆਂ ਭੀ ਹਨ ਤੇ ਅਗਾਂਹ ਨੂੰ ਸੰਭਾਵਨਾ ਭੀ ਹੈ ।

ਜਿਸ ਘਰ ਵਿਚ ਮਰਦ ਇਸਤਰੀ ਦੀ ਬਣੀ ਹੋਈ ਹੈ ਉਸ ਘਰ ਦੇ ਬੱਚੇ ਭੀ ਠੀਕ ਰਹਿੰਦੇ ਹਨ । ਘਰ ਵਿਚ ਲੜਾਈ ਤੇ ਇਸਤਰੀ ਨੂੰ ਕੁਟਣਾ ਕੋਹੜ ਪਾਉਣ ਦੇ ਬਰਾਬਰ ਹੈ । ਸਾਡੇ ਪਰਵਾਰਾਂ ਦੀਆਂ ਮੁਸ਼ਕਲਾਂ ਦੀ ਇਕ ਜੜ੍ਹ ਸਾਡੇ ਪੰਜਾਬੀ ਮਰਦਾਂ ਦਾ ਇਹ ਸੁਭਾਅ ਤੇ ਰੱਵਈਆ ਹੈ ।

ਪੱਛਮੀ ਸਭਿਅਤਾ ਦਾ ਭੀ ਸਾਡੇ ਤੇ ਕਰੜਾ ਪਰਭਾਵ ਹੈ । ਇਸ ਸਭਿਅਤਾ ਨੂੰ ਅਸੀਂ ਰੀਜੈਕਟ ਭੀ ਨਹੀਂ ਕਰ ਸਕਦੇ ਤੇ ਨਾ ਹੀ ਪੂਰੇ ਤੌਰ ਤੇ ਸਵੀਕਾਰ ਕਰ ਸਕਦੇ ਹਾਂ । ਇਕ ਤਿੱਖੀ ਧਾਰ ਤੇ ਤੁਰਨ ਵਾਲੀ ਗੱਲ ਹੈ । ਇਹ ਉਸ ਤਰ੍ਹਾਂ ਹੀ ਸਮਝੋ ਜਿਵੇਂ ਸਰਕਸ ਵਾਲੇ ਰੱਸੇ ਤੇ ਤੁਰਦੇ ਹਨ । ਲੋੜ ਹੈ ਸਮਝ ਦੀ, ਪਰੈਕਟਸ ਦੀ, ਸਿਖਿਆ ਦੀ ਤੇ ਸਭ ਤੋਂ ਵਧੇਰੀ ਲੋੜ ਹੈ ਬੈਲੰਸ ਰਖਣ ਦੀ ਨਹੀਂ ਅਸੀਂ ਡਿੱਗ ਪਵਾਂਗੇ । ਕਈ ਗੱਲਾਂ ਸਾਡੇ ਕੰਟਰੋਲ ਵਿਚ ਹਨ । ਇਸਤਰੀ ਨੂੰ ਘਰ ਵਿਚ ਨਾ ਕੁੱਟਣਾ ਪਰ ਗੱਲ ਬਾਤ ਤੇ ਸਮਟ ਤੋਂ ਕੰਮ ਲੈਣਾ ਨੰਬਰ ਵੰਨ ਹਨ । ਇਸਤਰੀ ਦਾ ਆਦਰ ਕਰਨ ਨਾਲ ਸਾਡੇ ਪਰਵਾਰ ਤਕੜੇ ਹੋਣਗੇ, ਨਫਰਤ ਦੀ ਥਾਂ ਪਿਆਰ ਵਧੇਗਾ । ਪਰਵਾਰ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਨਿਜੱਠਣ ਲਈ ਤਾਕਤ ਮਿਲੇਗੀ ।

# ਭਾਰਤ ਦਰਪਣ

## ਤਾਂਬੇ ਦੇ ਬਰਤਨ 'ਚ ਦੁੱਧ ਉਬਾਲਣਾ ਖਤਰਨਾਕ

ਨਵੀਂ ਦਿੱਲੀ — ਤਾਂਬੇ ਦੇ ਅਤੇ ਪਿਤਲ ਦੇ ਬਰਤਨਾਂ ਵਿਚ ਦੁਧ ਉਬਾਲਣ ਨਾਲ ਦੁਧ ਵਿਚ ਤਾਂਬਾ ਘੁਲ ਜਾਂਦਾ ਹੈ ਜੋ ਬਚਿਆਂ ਲਈ ਅਤੀ ਖਤਰਨਾਕ ਸਾਬਤ ਹੋ ਸਕਦਾ ਹੈ।

ਇਹ ਨਿਰਣਾ ਲੀਸੈਸਟਰਰਾਇਲ ਇਨਫਰਮਰੀ ਇੰਗਲੈਂਡ ਦੇ ਡਾਕਟਰ ਐਮ.ਐਸ. ਟੈਨਰ ਡਾ: ਏਐਚ ਕਾਂਤ ਅਰਜੀਅਨ ਤੇ ਡਾ.ਏ.ਐਨ ਪੰਡਤ ਨੇ ਅਧਿਆਨ ਤੋਂ ਬਾਅਦ ਕੀਤਾ ਹੈ।

## ਕੁੱਤੇ ਦੇ ਵੱਢਣ ਤੋਂ ਸ਼ੁਰੂ ਹੋਈ ਸੀ ਇਹ ਕਾਲੀ ਕਰਤੂਤ

ਨਵੀਂ ਦਿੱਲੀ — ਮੇਜਰ ਜਨਰਲ ਲਾਰਕਿੰਨਜ਼ ਨੇ ਆਪਣੇ 32 ਸਫੇ ਦੇ ਇਕਬਾਲੀਆ ਬਿਆਨ ਵਿਚ ਉਹ ਸਾਰੀ ਕਹਾਣੀ ਦਾ ਵਰਨਣ ਕੀਤਾ ਹੈ ਕਿ ਉਹ ਸੀ.ਆਈ.ਏ. ਦੇ ਜਾਸੂਸੀ ਜਾਲ ਵਿਚ ਕਿਵੇਂ ਫਸਿਆ।

ਜਨਰਲ ਲਾਰਕਿਨਜ਼ ਅਨੁਸਾਰ ਇਹ ਸਾਰਾ ਕਿੱਸਾ ਇਕ ਕੁੱਤੇ ਦੇ ਵੱਡਣ ਨਾਲ ਸ਼ੁਰੂ ਹੋਇਆ। ਜਨਰਲ ਲਾਰਕਿਨਜ਼ ਆਪਣੇ ਕੁੱਤਿਆਂ ਨਾਲ ਸੈਰ ਕਰ ਰਿਹਾ ਸੀ ਜਦੋਂ ਇਕ ਅਮਰੀਕੀ ਅਧਿਕਾਰੀ ਆਪਣੇ ਪੁਤਰ ਨਾਲ ਅਚਾਨਕ ਉਧਰ ਦੀ ਲੰਘ ਰਿਹਾ ਸੀ ਤਾਂ ਲਾਰਕਿਨਜ਼ ਦੇ ਇਕ ਕੁੱਤੇ ਨੇ ਅਮਰੀਕੀ ਅਧਿਕਾਰੀ ਦੇ ਪੁੱਤਰ ਨੂੰ ਵੱਡ ਖਾਧਾ ਇਸ ਤੋਂ ਪਿਛੋਂ ਤਕਰਾਰ ਹੋ ਗਈ।

ਅਮਰੀਕੀ ਅਧਿਕਾਰੀ ਨੇ ਇਸ ਦੀ ਰੀਪੋਰਟ ਆਪਣੇ ਦੂਤਾਵਾਸ ਵਿਚ ਕੀਤੀ ਅਤੇ ਇਹ ਫੈਸਲਾ ਹੋਇਆ ਕਿ ਕੁੱਤੇ ਤੇ ਨਜ਼ਰ ਰੱਖੀ ਜਾਏ ਕਿ ਕਿਤੇ ਉਹ ਹਲਕਿਆ ਹੋਇਆ ਤਾਂ ਨਹੀਂ। ਇਸ ਮੰਤਵ ਲਈ ਅਮਰੀਕੀ ਅਧਿਕਾਰੀ ਰੋਜ਼ਾਨਾ ਲਾਰਕਿਨਜ਼ ਦੇ ਘਰ ਆਉਣ ਜਾਣ ਲਗ ਪਿਆ। ਹੌਲੀ ਹੌਲੀ ਦੋਹਾਂ ਵਿਚ ਮਿਤਰਤਾ ਹੋਗਈ।

ਇਸ ਦੌਰਾਨ ਅਮਰੀਕੀ ਨੇ ਜਨਰਲ ਲਾਰਕਿਨਜ਼ ਦੀਆਂ ਵਿਸ਼ੇਸ਼ ਸਖਸ਼ੀਅਤਾਂ (ਵੀ.ਆਈ.ਪੀਜ਼) ਨਾਲ ਪ੍ਰਭਾਵਸ਼ਾਲੀ ਤਸਵੀਰਾਂ ਨੂੰ ਦੇਖਿਆ। ਉਸਨੂੰ ਇਹ ਵੀ ਪਤਾ ਲਗ ਗਿਆ ਕਿ ਜਨਰਲ ਲਾਰਕਿਨਜ਼ ਬਹੁਤ ਸੂਝਵਾਨ ਹੈ ਅਤੇ ਹਥਿਆਰਾਂ ਬਾਰੇ ਬਹੁਤ ਜਾਣਕਾਰੀ ਰਖਦਾ ਹੈ।

ਮਿਤਰਤਾ ਸਬੰਧ ਇਥੋਂ ਤਕ ਵਧ ਗਏ (ਜਾਂ ਵਧਾ ਲਏ ਗਏ) ਕਿ ਦੋਵੇਂ ਇਕ ਦੂਜੇ ਦੇ ਘਰ ਆਉਣ ਜਾਣ ਲਗ ਗਏ ਅਤੇ ਇਕੱਠੇ ਪੀਣ ਖਾਣ ਲਗ ਪਏ। ਜਦੋਂ ਉਹਨਾ ਦੇ ਸਬੰਧ ਯਰਾਨੇ ਤਕ ਪੁਜ ਗਏ ਤਾਂ ਅਮਰੀਕੀ ਨੇ ਨਾ ਮੰਨ ਰਹੇ ਜਨਰਲ ਲਾਰਕਿੰਨਜ਼ ਨੂੰ 5000 ਰੁਪਏ ਦੇਣ ਲਈ ਦਬਾ ਪਾਇਆ। ਅਮਰੀਕੀ ਦਾ ਤਰਕ ਸੀ ਕਿ ਉਸਨੂੰ ਜਨਰਲ ਲਾਰਕਿਨਜ਼ ਦੇ ਗਿਆਨ ਤੋਂ ਬਹੁਤ ਲਾਭ ਹੋਇਆ ਹੈ ਅਤੇ ਇਹ ਜਾਣਕਾਰੀ ਬਹੁਤ ਕੀਮਤੀ ਹੈ ਅਤੇ ਇਹ ਰਕਮ ਕੇਵਲ ਨਿਗੂਣੀ ਭੇਟ ਹੈ। ਇਕ ਵੇਰ ਜਦੋਂ ਜਨਰਲ ਲਾਰਕਿਨਜ਼ ਨੇ ਪੈਸੇ ਸਵੀਕਾਰ ਕਰ ਲਏ ਤਾਂ ਉਹ ਜਾਲ ਵਿਚ ਫਸ ਗਿਆ।

ਜਾਣਕਾਰੀ ਲਈ 'ਬੇਨਤੀਆਂ' ਵਧਦੀਆਂ ਗਈਆਂ। ਜਦੋਂ ਅਮਰੀਕੀ ਨੂੰ ਪਤਾ ਲੱਗਾਕਿ ਜਨਰਲ ਲਾਰਕਿਨਜ਼ ਦਾ ਭਰਾ ਏਅਰ ਵਾਈਸ ਮਾਰਸ਼ਲ ਹੈ ਉਸਨੇ ਉਸ ਨਾਲ ਮਿਲਣ ਦੀ ਖੁਆਹਸ਼ ਪ੍ਰਗਟ ਕੀਤੀ। ਜਨਰਲ ਲਾਰਕਿਨਜ਼ ਝਿਜਕਿਆਪਰ ਜਿਵੇਂ ਕਿ ਪਹਿਲੇ ਮੌਕੇ ਵਾਂਗ ਉਸ ਦੀ ਅਸਿਹਮਤੀ ਦੋਸਤੀ ਦੇ ਵਾਸਤੇ ਤੇ ਪੈਸੇ ਦੇ ਲਾਲਚ ਹੇਠ ਪਿਘਲ ਗਈ।

ਪਰ ਪਹਿਲਾਂ ਅਮਰੀਕੀ ਨੇ ਜਨਰਲ ਲਾਰਕਿਨਜ਼ ਨੂੰ ਇਕ ਲਿਸਟ ਦਿੱਤੀ ਜਿਸਦੀ ਜਾਣਕਾਰੀ ਉਸਨੂੰ ਆਪਣੇ ਭਰਾ ਰਾਹੀਂ ਪ੍ਰਾਪਤ ਕਰਨ ਲਈ ਕਿਹਾ। ਇਸ ਲਿਸਟ ਵਿਚ ਸਾਰੇ ਪੇਚੀਦਾ ਹਥਿਆਰਾਂ ਦਾ ਵੇਰਵਾ ਆਉਂਦਾ ਸੀ।

ਜਾਣਕਾਰ ਸੂਤਰਾਂ ਅਨੁਸਾਰ ਅਮਰੀਕੀ ਦੋਸਤ ਨੇ ਜਨਰਲ ਲਾਰਕਿਨਜ਼ ਨੂੰ ਸਭ ਤੋਂ ਪਹਿਲਾਂ ਭਾਰਤੀ ਸਮੁੰਦਰੀ ਫੌਜ ਦੇ 'ਕੋਸ਼ਨ' ਕਲਾਸ ਦੇ ਤਬਾਹਕਰੂ ਸਮੁੰਦਰੀ ਜਹਾਜ਼ਾਂ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਕਿਹਾ। ਦੋ ਸੁਮੰਦਰੀ ਜਹਾਜ਼ ਆਈ.ਐਨ.ਐਸ.ਰਾਜਪੂਤ ਅਤੇ ਆਈ.ਐਨ.ਐਸ. ਰਾਣਾ ਸੋਵੀਅਤ ਯੂਨੀਅਨ ਵਲੋਂ ਸਪਲਾਈ ਕੀਤੇ ਗਏ ਸਨ। ਅਮਰੀਕੀ ਜੋ ਸਰਗਰਮ ਸੀ.ਆਈ.ਏ. ਏਜੰਟ ਸੀ ਇਹਨਾ ਦੋਹਾਂ ਜਹਾਜ਼ਾਂ ਵਿਚ ਲੱਗੀ ਰਾਡਾਰ ਪ੍ਰਣਾਲੀ ਦੀ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦਾ ਸੀ। ਉਹ ਇਹਨਾਂ ਜਹਾਜ਼ਾਂ ਨਾਲ ਸਪਲਾਈ ਕੀਤੇ ਗਏ ਕਮੋਵ 25 ਹੈਲੀਕਾਪਟਰਾਂ ਤੇ ਉਨ੍ਹਾਂ ਦੀ ਅੰਦਰੂਨੀ ਡਰਾਇੰਗ ਵੀ ਪ੍ਰਾਪਤ ਕਰਨਾ ਚਾਹੁੰਦਾ ਸੀ। ਸੀ.ਆਈ.ਏ. ਦੇ ਏਜੰਟ ਨੇ ਇਹ ਵੀ ਪੁਛਿਆ ਕਿ ਇਹਨਾਂ ਹੈਲੀਕਾਪਟਰਾਂ ਦੀ ਕਿਸ ਸਪੀਡਉਤੇ ਪਹੁੰਚ ਕੇ ਆਵਾਜ਼ ਖਤਮ ਹੋ ਜਾਂਦੀ ਹੈ।

ਇਹ ਪਤਾ ਲੱਗਾ ਹੈ ਕਿ ਕਿ ਜਨਰਲ ਲਾਰਕਿਨਜ਼ ਨੇ ਆਪਣੇ ਇਕਬਾਲੀਆ ਬਿਆਨ ਵਿਚ ਇਹ ਵੀ ਦਸਿਆ ਹੈ ਕਿ ਅਮਰੀਕੀ ਨੇ ਸੋਵੀਅਤ ਯੂਨੀਅਨ ਵਲੋਂ ਸਪਲਾਈ ਕੀਤੇ ਗਏ ਮਿਗ-23 ਲੜਾਕੂ ਜਹਾਜ਼ ਦੇ ਐਮ.ਐਫ ਇੰਟਰਸੈਪਟਰ(ਜਹਾਜ਼ਾਂ ਨੂੰ ਅੱਗੇ ਘੇਰਨ ਵਾਲਾ) ਦੀ ਜਾਣਕਾਰੀ ਪ੍ਰਾਪਤ ਕਰਨ ਲਈ ਵੀ ਪ੍ਰਾਰਥਨਾ ਕੀਤੀ। ਅਗਲੇ ਸਾਲ ਆਉਣ ਵਾਲੇ ਮਿਗ-27 ਬਾਰੇ ਵੀ ਵਿਸਥਾਰ ਮੰਗੇ ਗਏ। ਇਹ ਮਿਗ ਜਹਾਜ਼ ਸੋਵੀਅਤ ਯੂਨੀਅਨ ਤੋਂ ਪ੍ਰਾਪਤ ਲਾਈਸੈਂਸ ਅਧੀਨ ਹਿੰਦੋਸਤਾਨ ਐਰੋਨਾਟਿਕਸ ਲਿਮਟਡ ਦਵਾਰਾ ਤਿਆਰ ਕੀਤਾ ਜਾ ਰਿਹਾ ਹੈ।

ਇਹ ਵੀ ਸਮਝਿਆ ਜਾਂਦਾ ਹੈ ਕਿ ਅਮਰੀਕੀ ਜਾਸੂਸ ਇਹ ਵੀ ਚਾਹੁੰਦਾ ਸੀ ਕਿ ਜਨਰਲ ਲਾਰਕਿੰਨਜ਼ਇਹ ਵੀ ਪਤਾ ਕਰੇਕਿ ਕਿਹੜੀ ਕਿਸਮ ਦੀਆਂ ਮਿਜ਼ਾਈਲ ਸ਼ਿਨਿ ਮਿਜ਼ਾਈਲਾਂ ਨੇਵੀਗੇਸ਼ਨ ਹਮਲਾ ਪ੍ਰਣਾਲੀ ਤੇ ਮਿਜ਼ਾਈਲਾਂ ਇਹਨਾਂ ਜਹਾਜ਼ਾਂ ਵਿਚ ਫਿੱਟ ਕੀਤੀਆਂ ਜਾ ਰਹੀਆਂ ਹਨ ਜਿਹੜੀਆਂ ਭਾਰਤ ਫਰਾਂਸ ਤੇ ਬਰਤਾਨੀਆਂ ਤੋਂ ਖਰੀਦਣੀਆਂ ਚਾਹੁੰਦਾ ਸੀ।

ਸੀ.ਆਈ.ਏ. ਏਜੰਟ ਵਲੋਂ ਇਕ ਹੋਰ ਮਹਤਵਪੂਰਨ ਖੁਫੀਆ ਜਾਣਕਾਰੀ ਪੁੱਛੀ ਗਈ ਸੀ ਕਿ ਫਰਾਂਸ ਤੇ ਬਰਤਾਨੀਆ ਨੇ ਇਹ ਮਿਜ਼ਾਈਲਾਂ ਮਿਗ-27 ਉਤੇ ਫਿਟ ਕਰਨ ਦੀ ਇਜ਼ਾਜਤ ਦੇ ਦਿੱਤੀ ਹੈ। ਉਸ ਨੇ ਕੰਪਯੂਟਰ ਨਾਲ ਜੁੜੀ ਸਵੈਚਾਲਕ ਲੋਡਿੰਗ ਪ੍ਰਣਾਲੀ ਦਾ ਪਤਾ ਕਰਨ ਦੀ ਵੀ ਕੋਸ਼ਿਸ਼ ਕੀਤੀ ਜਿਹੜਾ ਕਿਸੇ ਵੀ ਕਿਸਮ ਦੇ ਚਾਰ ਹਥਿਆਰਾਂ ਨੂੰ ਇਕੋ ਸਮੇਂ ਛੱਡ ਸਕਦਾ ਹੈ। ਇਕਬਾਲੀਆ ਬਿਆਨ ਉਚ-ਸੁਰਖਿਆ ਦੇ ਏਅਰ ਫੋਰਸ ਦੇ ਮਾਹਰਾਂ ਵਲੋਂ ਪਰਖਿਆ ਜਾ ਰਿਹਾ ਹੈ।

ਸੂਰਜ ਚੜ੍ਹਿਆ ਸ਼ੀਸ਼ੇ ਦੇ ਜੰਗਲ ਵਿਚ ਸੜ ਸੜ ਮਰਦਾਂ।
ਰਾਤ ਪਿਆਂ ਜਦ ਤੁਰਦਾਂ ਹਰ ਪੈਰ ਅਪਣੇ ਉੱਤੇ ਧਰਦਾਂ।
ਖਬਰੇ ਲੋਕੀ ਸਹਿਰਾਵਾਂ ਵਿਚ, ਕੀਕੂੰ ਚਸ਼ਮੇਂ ਲਭ ਲੈਂਦੇ,
ਸਾਨੂੰ ਤਾਂ ਦਰਿਆਵਾਂ ਵਿਚ ਵੀ, ਰੇਤਾ ਹੀ ਰੇਤਾ ਮਿਲਿਆ।

## ਫਿਲਮ ਜਗਤ ਦੇ ਲੋਕ ਵੀ ਜਾਅਲੀ ਨੋਟਾਂ ਦਾ ਧੰਦਾ ਕਰਦੇ ਹਨ ?

ਨਵੀਂ ਦਿੱਲੀ- ਉਪ ਖਜ਼ਾਨਾ ਮੰਤਰੀ ਮਿ:ਜਨਾਰਧਨ ਪੁਜਾਰੀ ਨੇ ਰਾਜ ਸਭਾ ਵਿਚ ਇਹਨਾਂ ਤੌਖਿਲਾਂ ਨੂੰ ਨਵਿਰਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਸੌ- ਸੌ ਰੁਪਏ ਦੇ ਬਹੁਤ ਸਾਰੇ ਜਾਅਲੀ ਨੋਟ ਦੇਸ਼ ਵਿਚ ਪਰਚਲਤ ਹਨ।
ਸ੍ਰੀ ਜੇ.ਪੀ.ਗੋਇਲ (ਲ.ਦ.) ਤੇ ਹੋਰਨਾਂ ਵਲੋਂ ਪੇਸ਼ ਕੀਤੇ ਗਏ ਧਿਆਨ ਦਆਊ ਮਤੇ ਦੇ ਸਬੰਧ ਵਿਚ ਬਿਆਨ ਦਿੰਦਿਆਂ ਸ੍ਰੀ ਪੁਜਾਰੀ ਨੇ ਕਿਹਾ ਕਿ ਇਸ ਖਦਸ਼ੇ ਦਾ ਵੀ ਕੋਈ ਆਧਾਰ ਨਹੀਂ ਕਿ ਬਦੇਸ਼ੀ ਸਿੱਕੇ ਬਾਰੇ ਲੁਕਵੇਂ ਬੈਂਕ ਲੈਣ ਦੇਣ ਚਲ ਰਹੇ ਹਨ।

ਉਹਨਾਂ ਕਿਹਾ ਕਿ ਸਰਕਾਰ ਕੌਮਾਂਤਰੀ (ਇੰਟਰਪੋਲ) ਦੀ ਮਦਦ ਨਾਲ ਜਾਅਲੀ ਨੋਟਾਂ ਦੇ ਕੁਝ ਮਾਮਲਿਆਂ ਦੀ ਪੜਤਾਲ ਕਰ ਰਹੀ ਹੈ। ਜਾਪਦਾ ਹੈ ਕਿ ਇਹ ਜਾਅਲੀ ਨੋਟ ਥਾਈਲੈਂਡ ਵਿਚ ਕਿਸੇ ਥਾਂ ਛਪੇ।

ਮਿ:ਪੁਜਾਰੀ ਨੇ ਕਿਹਾ ਕਿ ਸੀ.ਬੀ.ਆਈ. ਨੇ ਅੱਠ ਕੇਸ ਤੇ ਬੰਬਈ ਪੁਲੀਸ ਨੇ ਦੋ ਹੋਰ ਕੇਸ ਰਜਿਸਟਰ ਕੀਤੇ ਹਨ ਜਿਨ੍ਹਾਂ ਦਾ ਸਬੰਧ ਫਿਲਮੀ ਜਗਤ ਦੇ ਅਜੇਹੇ ਲੋਕਾਂ ਨਾਲ ਹੈ ਜਿਹੜੇ ਜਾਅਲੀ ਨੋਟਾਂ ਦਾ ਧੰਦਾ ਕਰਦੇ ਹਨ।

ਉਹਨਾ ਕਿਹਾ ਕਿ ਰਿਜ਼ਰਵ ਬੈਂਕ ਆਫ ਇੰਡੀਆ ਨੇ ਆਪਣੇ ਦਫਤਰਾਂ ਤੇ ਹੋਰ ਸੰਯੁਕਤ ਅਦਾਰਿਆਂ ਨੂੰ ਸਾਵਧਾਨ ਕਰ ਦਿਤਾ ਹੈ ਕਿ ਸੌ ਸੌ ਦੇ ਨੋਟਾਂ ਦੀ ਵਧੇਰੇ ਨੀਝ ਨਾਲ ਘੋਖ ਕਰਨ। ਐਨਫੋਰਸਮੈਂਟ ਡਾਇਰੈਕਟੋਰੇਟ ਇਸ ਸਬੰਧ ਵਿਚ ਜ਼ਰੂਰੀ ਕਾਰਵਾਈ ਕਰ ਰਿਹਾ ਹੈ।

## ਪਹਿਲੇ ਦਰਜੇ ਦੇ ਯਾਤਰੀ 'ਸ੍ਰੀ ਮੱਛਰ ਸਾਹਿਬ'

ਨਵੀਂ ਦਿੱਲੀ — ਹਵਾਈ ਜਹਾਜ਼ ਦੇ ਪਹਿਲੇ ਦਰਜੇ ਦਾ ਯਾਤਰੀ 'ਸ੍ਰੀ ਮੱਛਰ' ਇੰਗਲੈਂਡ ਪੁੱਜ ਗਿਆ।

ਇਸ ਦਾ ਪਤਾ ਉਦੋਂ ਲਗਿਆ ਜਦੋਂ ਲੰਦਨ ਦੇ ਨੇੜੇ ਰਹਿੰਦੇ ਦੋ ਵਿਅਕਤੀਆਂ ਨੂੰ ਮਲੇਰੀਆ ਹੋ ਗਿਆ। ਡਾਕਟਰ ਹੈਰਾਨ ਸਨ ਕਿ ਗਰਮ ਦੇਸ਼ਾਂ ਦੀ ਇਹ ਬੀਮਾਰੀ ਇਥੇ ਕਿਵੇਂ ਪੁਜ ਗਈ।

ਲੰਦਨ ਦੇ ਡਾਕਟਰ ਸੀ.ਐਫ ਕਰਾਫਟਸ ਜਿਹੜੇ ਸਿਹਤ ਸਫਾਈ ਤੇ ਗਰਮ ਆਬੋ ਹਵਾ ਦੇ ਰੋਗਾਂ ਬਾਰੇ ਵਿਭਾਗ ਦੇ ਮੁਖੀ ਹਨ ਨੇ ਅੰਦਾਜ਼ਾ ਲਾਇਆ ਕਿ ਮਲੇਰੀਆ ਕਿਥੋਂ ਆਇਆ ਹੋਵੇਗਾ। ਡਾਕਟਰਾਂ ਦੀ ਟੀਮ ਨੂੰ ਨਾਲ ਲੈ ਕੇ ਉਹ ਸਿੱਧੇ ਹਵਾਈ ਅੱਡੇ ਤੇ ਗਏ। ਇਕ ਹਵਾਈ ਜਹਾਜ਼ ਵਿਚ ਸੱਚ ਮੁੱਚ ਹੀ ਇਕ 'ਮੱਛਰ ਸਾਹਿਬ' ਬਰਾਜਮਾਨ ਸਨ ਅਤੇ ਉਹ ਵੀ ਪਹਿਲੇ ਦਰਜੇ ਵਿਚ। ਸ਼ਾਇਦ ਹੋਰ ਮੱਛਰ ਹੋਰ ਯਾਤਰੀਆਂ ਦੇ ਨਾਲ ਹੀ ਇਮੀਗਰੇਸ਼ਨ ਤੋਂ ਵੀ ਲੰਘ ਗਏ ਹੋਣਗੇ ਅਤੇ ਬਾਹਰ ਉਡ ਗਏ ਹੋਣਗੇ।

ਇਹ ਗਲ ਡਾਕਟਰ ਕਰੌਟਸ ਨੇ ਏਥੇ ਜਨੇਟਿਕਸ ਬਾਰੇ 15ਵੀਂ ਕੌਮਾਂਤਰੀ ਕਾਂਗਰਸ ਵਿਚ ਦੱਸੀ।

## ਕਾਲੇ ਧਨ ਦਾ ਪਸਾਰ ਹਿੰਦ ਵਿਚ ਸਭ ਤੋਂ ਵਧ

ਨਵੀਂ ਦਿੱਲੀ — ਵਿਕਸਤ ਅਰਥਚੋਰੇ ਵਾਲੇ ਦੇਸ਼ ਵੀ ਕਾਲੇ ਧਨ ਦੇ ਮੁਤਵਾਜ਼ੀ ਅਰਥਚਾਰੇ ਦਾ ਉਨੇ ਹੀ ਸ਼ਿਕਾਰ ਹਨ ਜਿਨ੍ਹੇ ਵਿਕਾਸ਼ ਸ਼ੀਲ ਦੇਸ਼।

ਇਕ ਅੰਦਾਜ਼ੇ ਅਨੁਸਾਰ ਅਮਰੀਕਾ ਵਿਚ ਆਮ ਕੌਮੀ ਪੈਦਾਵਾਰ ਦੇ 20 ਫੀ ਸਦੀ ਹਿੱਸੇ ਦੇ ਬਰਾਬਰ ਅਤੇ ਕੈਨੇਡਾ ਵਿਚ ਵੀ ਆਮ ਕੌਮੀ ਪੈਦਾਵਾਰ ਦੇ 20 ਫੀ ਸਦੀ ਹਿੱਸੇ ਦੇ ਬਰਾਬਰ ਧਨ ਅਜੇਹਾ ਹੈ ਜਿਹੜਾ ਕਾਲੇ ਧਨ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ।

ਕੌਮਾਂਤਰੀ ਮਾਲੀ ਫੰਡ ਦੇ ਇਕ ਸੀਨੀਅਰ ਅਧਿਕਾਰੀ ਵਲੋਂ ਕੀਤੇ ਗਏ ਅਧਿਅਨ ਅਨੁਸਾਰ ਹਿੰਦ ਉਨ੍ਹਾਂ 19 ਦੇਸ਼ਾਂ ਵਿਚ ਸਭ ਤੋਂ ਉਤੇ ਹੈ ਜਿਨ੍ਹਾਂ ਵਿਚ ਕਾਲੇ ਧਨ ਨੇ ਅਮਥਚਾਰੇ ਨੂੰ ਜਕੜਿਆ ਹੋਇਆ ਹੈ ਇਸ ਦੇਸ਼ ਵਿਚ ਕਾਲਾ ਧਨ ਆਮ ਕੌਮੀ ਪੈਦਾਵਾਰ ਦੇ 50 ਫੀ ਸਦੀ ਦੇ ਬਰਾਬਰ ਹੈ ਤਾਂ ਵੀ ਇਸ ਅਧਿਕਾਰੀ ਨੇ ਕਿਹਾ ਹੈ ਕਿ ਕਾਲੇ ਧਨ ਨੂੰ ਨਾਪਣ ਦਾ ਕੋਈ ਠੀਕ ਢੰਗ ਨਹੀਂ ਹੈ।

## ਫੌਜੀ ਪੈਨਸ਼ਨਾਂ ਨਵੇਂ ਸਿਰਿਓਂ ਨਿਸਚਤ ਕੀਤਆਂ ਜਾਣਗੀਆਂ

ਨਵੀਂ ਦਿੱਲੀ — ਫੌਜੀ ਪੈਨਸ਼ਨਰਾਂ ਦੀਆਂ ਪੈਨਸ਼ਨਾਂ ਨੂੰ 1 ਅਪਰੈਲ 1979 ਤੋਂ ਮੁੜ ਨਿਸਚਤ ਕੀਤਾ ਜਾਵੇਗਾ। ਅਜੇਹਾ ਸਰਲ ਬਣਾਏ ਗਏ ਪੈਨਸ਼ਨ ਫਾਰਮੂਲੇ ਤਹਿਤ ਕੀਤਾ ਜਾਵੇਗਾ।

ਰਖਿਆ ਮੰਤਰਾਲੇ ਨੇ ਪੈਨਸ਼ਨ ਵੰਡਣ ਵਾਲੀਆਂ ਅਥਾਰਟੀਆਂ ਨੂੰ ਇਸ ਸਬੰਧ ਵਿਚ ਹੁਕਮ ਜਾਰੀ ਕਰ ਦਿੱਤੇ ਹਨ।

ਇਹ ਹੁਕਮ ਉਹਨਾਂ ਸਾਰੇ ਫੌਜੀ ਪੈਨਸ਼ਨਰਾਂ ਉਤੇ ਲਾਗੂ ਹੋਣਗੇ ਜਿਹੜੇ ਸੈਨਾਵਾਂ ਦੇ ਪੈਨਸ਼ਨ ਕਾਨੂੰਨ ਤਹਿਤ 1 ਅਪ੍ਰੈਲ 1979 ਤਕ ਦਰਜ ਸਨ।

## ਨਹੀਂ ਰੀਸਾਂ ਦੇਸ਼ ਪੰਜਾਬ ਦੀਆਂ

ਨਵੀਂ ਦਿੱਲੀ — 1981-82 ਦੇ ਅੰਕੜਿਆਂ ਵਿਚ ਪੰਜਾਬ ਵਿਚ ਪ੍ਰਤੀ ਜੀਅ ਉਤਪਾਦਨ ਸਭ ਤੋਂ ਵਧ ਹੈ। ਇਹ 3122 ਰੁਪਏ ਸੀ ਜਦ ਕਿ ਪ੍ਰਤੀ ਜੀਅ ਕੌਮੀ ਉਤਪਾਦਨ 1750 ਰੁਪਏ ਹੈ।

## ਗੁੜ ਖਾਈਂ ਪੂਣੀ ਕੱਤੀਂ--

ਨਵੀਂ ਦਿੱਲੀ — ਨਵੀਂ ਸੜਕ ਤੇ ਸਥਿਤ ਇਕ ਨਰਸਿੰਗ ਹੋਮ ਵਿਚ ਇਕ ਨਵ-ਜੰਮੀਂ ਬੱਚੀ ਦੀ ਹਤਿਆ ਕਰ ਦਿੱਤੀ ਗਈ ਹੈ।

ਕੋਤਵਾਲੀ ਪੁਲੀਸ ਨੇ ਲੇਡੀ ਡਾਕਟਰ ਦੀ ਸ਼ਕਾਇਤ ਤੇ ਹਤਿਆ ਦਾ ਕੇਸ ਦਰਜ ਕਰ ਲਿਆ ਹੈ।

ਬੱਚੀ ਦੀ ਲਾਸ਼ ਪੋਸਟਮਾਰਟਮ ਲਈ ਭੇਜ ਦਿੱਤੀ ਗਈ ਹੈ। ਬੱਚੀ ਦੇ ਗਲੇ ਉਤੇ ਨਾਖੂਨ ਦੇ ਨਿਸ਼ਾਨ ਸਨ ਅਤੇ ਉਸ ਦੀ ਲਾਸ਼ ਨੀਲੀ ਹੋ ਗਈ ਸੀ।

ਪੁਲੀਸ ਦੇ ਅਨੁਸਾਰ ਗਲੀ ਪੀਪਲ ਮਹਾਂਦੇਵ ਦੀ ਸ੍ਰੀਮਤੀ ਰੇਖਾ ਜੋਸ਼ੀ ਨੂੰ ਸਵੇਰੇ ਕਰੀਬ 5 ਵਜੇ ਇਕ ਲੜਕੀ ਪੈਦਾ ਹੋਈ ਸੀ। ਅੱਠ ਵਜੇ ਤਕ ਬੱਚੀ ਠੀਕ ਠਾਕ ਸੀ ਪਰ ਸਾਢੇ ਅੱਠ ਅਤੇ ਨੌਂ ਵਜੇ ਦੇ ਵਿਚਕਾਰ ਬੱਚੀ ਦੀ ਮੌਤ ਹੋ ਗਈ।

ਸ੍ਰੀਮਤੀ ਜੋਸ਼ੀ ਦੀ ਇਹ ਦੂਸਰੀ ਸੰਤਾਨ ਸੀ। ਪੁਲੀਸ ਨਰਸਿੰਗ ਹੋਮ ਅਤੇ ਪ੍ਰੀਵਾਰ ਦੇ ਮੈਂਬਰਾਂ ਤੋਂ ਪੁੱਛ ਗਿੱਛ ਕਰ ਰਹੀ ਹੈ।

**WOMEN BURNING CASES IN DELHI**




## ਪੁਲੀਸ ਉਤੇ ਸੰਤ ਸੁਖਦੇਵ ਸਿੰਘ ਨੂੰ ਤੰਗ ਕਰਨ ਦਾ ਦੋਸ਼

ਮੋਰਿੰਡਾ—ਜ਼ਿਲਾ ਰੋਪੜ ਅਕਾਲੀ ਦਲ ਦੇ ਨੇਤਾਵਾਂ ਜਿਨ੍ਹਾਂ ਵਿਚ ਜ਼ਿਲਾ ਅਕਾਲੀ ਦਲ ਰੋਪੜ ਦੇ ਪ੍ਰਧਾਨ ਅਤੇ ਐਗਜੈਕਟਿਵ ਮੈਂਬਰ ਸ਼ਰੋਮਣੀ ਅਕਾਲੀ ਦਲ ਜਨਰਲ ਸੈਕਟਰੀ ਸੰਤ ਅਜੀਤ ਸਿੰਘ ਪਰਿਵਾਰ ਵਿਛੋੜੇ ਵਾਲੇ, ਸ੍ਰੀ ਮਾਧੋ ਸਿੰਘ ਸਾਬਕ ਵਿਧਾਇਕ ਅਤੇ ਲੈਂਡ ਮਾਰਗੇਜ ਬੈਂਕ ਪੰਜਾਬ ਦੇ ਡਾਇਰੈਕਟਰ ਜਸਪਾਲ ਸਿੰਘ ਕੰਗ ਸ਼ਾਮਲ ਹਨ ਨੇ ਲਿਖਤੀ ਬਿਆਨ ਜਾਰੀ ਕਰਕੇ ਪੰਜਾਬ ਪੁਲਸ ਉਤੇ ਦੋਸ਼ ਲਾਇਆ ਕਿ ਮੋਰਿੰਡੇ ਤੋਂ ਤਿੰਨ ਕਿਲੋਮੀਟਰ ਪਿੰਡ ਨਥਮਪੁਰ ਦੇ ਗੁਰਦੁਆਰੇ ਦੇ ਸੰਤ ਅਤੇ ਮੁਖ ਸੇਵਾਦਾਰ ਸੁਖਦੇਵ ਸਿੰਘ ਨੂੰ ਥਮਾਣੋ ਪੁਲੀਸ ਰੋਪੜ ਪੁਲੀਸ ਦੀ ਸ਼ਹਿ ਉਤੇ ਨਜਾਇਜ਼ ਤੌਰ ਉਤੇ ਤੰਗ ਕਰ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੁਲੀਸ ਨੇ ਸੰਤ ਸੁਖਦੇਵ ਸਿੰਘ ਨੂੰ ਥਮਾਣੋ ਪੁਲੀਸ ਸਟੇਸ਼ਨ ਵਿਚ ਲਿਜਾ ਕੇ ਉਸ ਉਤੇ ਨਜਾਇਜ਼ ਤੌਰ ਤੇ ਤਸ਼ੱਦਦ ਕੀਤਾ ਤੇ ਤਸੀਹੇ ਦਿਤੇ। ਜਦ ਕਿ ਮੋਰਚੇ ਦੀ ਜਿੱਤ ਅਤੇ ਕਾਮਯਾਬੀ ਲਈ ਗੁਰਦੁਆਰੇ ਵਿਚ 151 ਅਖੰਡ ਪਾਠਾਂ ਦੀ ਲੜੀ ਚਲ ਰਹੀ ਹੈ।

ਅਕਾਲੀ ਨੇਤਾਵਾਂ ਨੇ ਸਰਕਾਰ ਨੂੰ ਚਿਤਾਵਨੀ ਦਿਤੀ ਕਿ ਪੁਲੀਸ ਨੂੰ ਧਾਰਮਿਕ ਅਸਥਾਨਾਂ ਦੀ ਬੇ-ਅਦਬੀ ਦੀ ਇਜਾਜ਼ਤ ਨਹੀਂ ਦਿਤੀ ਜਾਵੇਗੀ। ਭਾਵੇਂ ਇਸ ਵਾਸਤੇ ਵੱਡੀਆਂ ਤੋਂ ਵੱਡੀਆਂ ਕੁਰਬਾਨੀਆਂ ਵੀ ਕਿਉਂ ਨਾ ਕਰਨੀਆਂ ਪੈਣ।

## ਸ਼ਹੀਦ ਊਧਮ ਸਿੰਘ ਦੀ ਬਰਸੀ ਮਨਾਈ

ਸੁਨਾਮ—ਸਥਾਨਕ ਦਸ਼ਮੇਸ਼ ਸਭਾ ਨੇ ਸ਼ਹੀਦ ਊਧਮ ਸਿੰਘ ਦੀ ਬਰਸੀ ਧੂਮਧਾਮ ਨਾਲ ਮਨਾਈ। ਇਸ ਮੌਕੇ 'ਤੇ ਇਕ ਜਲੂਸ ਕੱਢਿਆ ਜਿਸ ਵਿਚ ਹਜ਼ਾਰਾਂ ਦੀ ਗਿਣਤੀ 'ਚ ਲੋਕ ਅਤੇ ਸਕੂਲੀ ਬੱਚੇ ਸ਼ਾਮਲ ਹੋਏ। ਸ਼ਹੀਦ ਦੀ ਯਾਦ ਵਿਚ ਨਾਅਰੇ ਲਗਾਏ। ਸ਼ਹੀਦ ਦੀ ਵੱਡੀ ਤਸਵੀਰ ਉਪਰ ਫੁਲ ਚੜ੍ਹਾਏ ਗਏ। ਬੁੱਤ ਨੂੰ ਹਾਰ ਪਹਿਨਾਏ।

## ਨਾਂ ਭਾਨ ਨਾ ਛੋਟੇ ਨੋਟ

ਬੁਢਲਾਡਾ — ਅਜ ਕਲ ਮਾਰਕੀਟ ਵਿਚ ਪੈਸਿਆਂ ਦੀ ਭਾਨ ਅਤੇ ਛੋਟੇ ਨੋਟਾਂ ਦੀ ਭਾਰੀ ਕਿੱਲਤ ਪਾਈ ਜਾ ਰਹੀ ਹੈ ਇਸ ਕਾਰਨ ਵਪਾਰੀ ਅਤੇ ਗਾਹਕ ਦੋਵੇਂ ਪ੍ਰੇਸ਼ਾਨ ਹਨ। ਭਾਨ ਪੰਦਰਾਂ ਰੁਪਏ ਸੈਂਕੜਾ ਕਮਿਸ਼ਨ ਕੱਟ ਕੇ ਬਲੈਕ ਵਿਚ ਮਿਲ ਰਹੀ ਹੈ। ਵਿਓਪਾਰੀ ਅਦਾਰਿਆਂ ਨੇ ਰੀਜ਼ਰਵ ਬੈਂਕ ਤੋਂ ਮੰਗ ਕੀਤੀ ਹੈ ਕਿ ਉਹ ਭਾਨ ਅਤੇ ਛੋਟੇ ਨੋਟਾਂ ਦੀ ਕਿਲੱਤ ਛੇਤੀ ਤੋਂ ਛੇਤੀ ਦੂਰ ਕਰੇ।

# ਫ਼ਿਲਮ ਦਰਪਣ

## ਲੌਂਗ ਦਾ ਲਿਸ਼ਕਾਰਾ

ਹਰਪਾਲ ਟਿਵਾਣਾ ਦੇ 'ਲੌਂਗ ਦਾ ਲਿਸ਼ਕਾਰਾ' ਪੰਜਾਬੀ ਥੀਏਟਰ ਤੋਂ ਉਠ ਕੇ ਪੰਜਾਬੀ ਫਿਲਮ ਦੀ 'ਸਕਰੀਨ' ਉਪਰ ਆ ਗਿਆ ਹੈ।

ਜਾਗੀਰਦਾਰਨੀ ਸਰਦਾਰਨੀ ਦਾ ਇਕਲੌਤਾ ਪੁੱਤਰ ਰਾਜ(ਬੱਬਰ) ਕਨੇਡਾ ਤੋਂ ਬੰਦਾ ਬਣ ਕੇ ਪਰਤਿਆ। ਭਾਵ ਨੌਕਰ ਮਾਲਕ, ਗਰੀਬ ਅਮੀਰ ਤੇ ਉਚਨੀਚ ਦਾ ਭੇਦ ਮਿਟਾ ਕੇ। ਪੰਜਾਬ ਵਿਚ ਉਚ ਨੀਚ ਦੇ ਫੁੰਕਾਰੇ ਮਾਰਨ ਵਾਲੇ ਇੰਗਲੈਂਡ ਕਨੇਡਾ ਜਾ ਕੇ ਬੰਦੇ ਬਣ ਹੀ ਜਾਂਦੇ ਹਨ। ਤੇ ਪਿੰਡ ਆਉਂਦਿਆਂ ਹੀ ਰਾਜ ਆਪਣੇ ਘਰ ਦੀ ਨੌਕਰਾਣੀ ਪੀਤੋ(ਹਰਪ੍ਰੀਤ) ਸੁਨੱਖੀ, ਭੋਲੀ ਤੇ ਕਮਲੀ ਪੀਤੋ ਉਤੇ ਆਸ਼ਿਕ ਹੋ ਗਿਆ। ਇਸ ਪ੍ਰੀਤ ਦੇ ਦੋ ਦੁਸ਼ਮਣ-ਜਗੀਰਦਾਰਨੀ (ਨੀਨਾ ਟਿਵਾਣਾ) ਅਤੇ ਪੀਤੋ ਦਾ ਕੰਮੀ ਆਸ਼ਿਕ ਦਿੱਤੂ(ਓਮਪੁਰੀ) ਤੇ ਇਨ੍ਹਾਂ ਸਾਰਿਆਂ ਨੇ ਪ੍ਰੇਮ ਦੀ ਪੀੜ ਤੇ ਪ੍ਰੇਮ ਦੀ ਰੀਤ ਬਾਰੇ ਦੱਸਦਾ ਹੋਇਆ ਜੋਗੀ ਵੀਰ ਚੰਨਾ (ਗੁਰਦਾਸ ਮਾਨ)। ਜੋਗੀ ਵੀਰ ਨੇ ਹੀ ਪੀਤੋ ਦੇ ਹੱਥੀਂ ਆਪਣੀ ਪ੍ਰੇਮ-ਅੰਗੂਠੀ ਰਾਜ ਨੂੰ ਦਿਵਾ ਕੇ ਦੋਹਾਂ ਦੀ ਪ੍ਰੀਤ ਨੂੰ ਜਨਮ ਦਿਤਾ ਤੇ ਫੇਰ ਦਿੱਤੂ ਵਲੋਂ ਦਿਤੀ ਜਾ ਰਹੀ ਰਾਜੇ ਨੂੰ ਮੌਤ ਅੱਗੇ ਆਪਣਾ ਸੀਨਾ ਡਾਹ ਕੇ ਅਤੇ ਰਾਜ ਦੀ ਥਾਂਵੇ ਆਪ ਮਰ ਕੇ ਦੋਹਾਂ ਦੀ ਪ੍ਰੀਤ ਨੂੰ ਸਿਰੇ ਚੜ੍ਹਾਇਆ। ਜੋਗੀ ਨੇ ਮੋਹ ਛੱਡਿਐ ਯਾਰੀ ਨਹੀਂ ਛੱਡੀ।

ਕਦੇ ਪੀਤੋ ਦੀ ਮਾਂ ਤੇਜੋ ਦੀ ਪੱਤ ਹਵੇਲੀ ਵਿਚ ਰਾਜਾ ਦੇ ਪਿਤਾ ਸਰਦਾਰ(ਹਰਪਾਲ ਟਿਵਾਣਾ) ਨੇ ਲੁੱਟੀ ਸੀ। ਉਸੇ ਦਾ ਬਦਲਾ ਲੈਣ ਲਈ ਤੇਜੋ ਦੀ ਭੈਣ ਫਫੇਕੁੱਟਣੀ ਗੁਲਾਬੋ (ਨਿਰਮਲ ਰਿਸ਼ੀ) ਨੇ ਰਾਜੇ ਤੇ ਪੀਤੋ ਦੀ ਪ੍ਰੀਤ ਦੀ ਅੱਗ ਨੂੰ ਭਾਂਬੜ ਬਣਾ ਕੇ ਸਰਦਾਰਨੀ ਅਤੇ ਹਵੇਲੀ ਦੀ ਸ਼ਾਨ ਤੇ ਮਰਿਆਦਾ ਨੂੰ ਸਾੜ ਕੇ ਸੁਆਹ ਕਰ ਦਿਤਾ। ਸਮਝੋ ਗੁਲਾਬੋ(ਨਿਰਮਲ ਰਿਸ਼ੀ) ਰਾਹੀਂ ਪੰਜਾਬੀ ਫਿਲਮਾਂ ਨੂੰ ਇਕ ਜ਼ਹਿਰੀ ਫਫੇਕੁੱਟਣੀ ਮਿਲ ਗਈ ਹੈ, ਅਸਮਾਨ ਨੂੰ ਟਾਕੀਆਂ ਲਗਾਉਣ ਲਈ ਪਰ ਪੀਤੋ ਦੀ ਮਾਂ ਦਾ ਬਦਲਾ ਲੈਣ ਦੀ ਗੱਲ ਦਾ ਪਤਾ ਲੱਗਣ ਤੇ ਇਸ ਫਫੇਕੁੱਟਣੀ ਨਾਲ ਹਮਦਰਦੀ ਵੀ ਹੋ ਜਾਂਦੀ ਹੈ। ਹਰਪਾਲ ਟਿਵਾਣਾ ਤੇ ਨੀਨਾ ਟਿਵਾਣਾ ਤਾਂ ਖੈਰ ਹਨ ਹੀ ਸਰਦਾਰ ਸਰਦਾਰਨੀ।

ਰੁਲੀਆ ਕੁੱਬਾ (ਮੇਹਰ ਮਿਤਲ)! ਖਾਨਦਾਨੀ ਛੜਾ ਰੁਲੀਆ ਕੁੱਬਾ! ਥਾਂ ਥਾਂ ਕੁੜੀਆਂ ਦੀਆਂ ਬਿੜਕਾਂ ਤੇ ਮੁਸ਼ਕਾਂ ਲੈਣ ਵਾਲਾ। ਅਖੀਰ ਆਪਣੀ ਬੰਤੋ ਨੂੰ ਵਿਆਹ ਹੀ ਲੈਂਦਾ ਹੈ। ਮੇਹਰ ਮਿਤਲ ਨੇ ਪਹਿਲੀ ਵਾਰ ਬਿਨਾਂ ਗੰਦ ਪਾਇਆਂ ਰੰਗ ਲਗਾਇਆ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਫਿਲਮ ਦਾ ਪੰਜੀ ਪ੍ਰਤੀਸ਼ਤ ਟੈਕਸ ਮੇਹਰ ਮਿੱਤਰ ਦੇ ਗੰਦ ਨਾ ਪਾਉਣ ਦੇ 'ਬੋਨਸ' ਵਜੋਂ ਹੋਰ ਮਾਫ ਕਰ ਛੱਡੇ। ਆਖਿਰ ਇਹ ਵੀ ਤਾਂ ਅਜੂਬਾ ਹੀ ਹੈ ਕਿ ਮੇਹਰ ਮਿਤਲ ਬਿਨਾਂ ਗੰਦ ਪਾਇਆਂ ਰੰਗ ਲਗਾਵੇ।

ਸੰਗੀਤ ਜਗਜੀਤ ਚਿਤਰਾ ਸਿੰਘ ਦਾ। ਜਗਜੀਤ ਨੂੰ ਹੁਣ ਤਕ ਸੋਜ਼ ਤੇ ਗਜ਼ਲ ਦਾ ਸ਼ਾਹਕਾਰ ਹੀ ਗਿਣਿਆ ਜਾਂਦਾ ਸੀ ਪਰ 'ਲੌਂਗ ਦਾ ਲਿਸ਼ਕਾਰਾ' ਰਾਹੀਂ ਉਸ ਨੇ 'ਮਾਏ ਨੀ ਮੈਨੂੰ ਲੌਂਗ ਘੜਾ ਦੇ' ਆਦਿ ਲੋਕ-ਗੀਤ ਦੀਆਂ ਧੁਨਾਂ ਬੰਨ੍ਹ ਕੇ ਆਪਣੀ ਪੰਜਾਬੀ ਪਿਠ-ਭੂਮੀ ਨੂੰ ਫੇਰ ਸਾਹਮਣੇ ਲੈ ਆਂਦਾ ਹੈ।



ਫਿਲਮ 'ਲੌਂਗ ਦਾ ਲਿਸ਼ਕਾਰਾ' ਦਾ ਕਲਾਕਾਰ ਰਾਜ ਬੱਬਰ

'ਲੌਂਗ ਦਾ ਲਿਸ਼ਕਾਰਾ'। ਸਾਡੇ ਸੱਜੇ ਖੱਬੇ ਬੈਠੇ ਆਈ. ਟੀ. ਆਈ. ਦੇ ਮੁੰਡੇ ਖੁੰਡੇ ਇਹ ਫੈਸਲਾ ਹੀ ਨਾ ਕਰ ਸਕੇ ਕਿ 'ਲੌਂਗ' ਕਹਿੰਦੇ ਕਿਸ ਨੂੰ ਹਨ। ਕੋਈ ਵੰਗ ਨੂੰ ਕਹਿੰਦਾ, ਕੋਈ ਕੰਨ ਨੂੰ ਦੀ ਵਾਲੀ ਨੂੰ? ਜੇਕਰ ਹਰਪਾਲ ਟਿਵਾਣਾ ਇਕ 'ਕਲੋਜ਼-ਅਪ' ਲਿਸ਼ਕਾਰੇ ਮਾਰਦੇ ਪੀਤੋ ਦੇ ਨੱਕ ਵਿਚ ਪਾਏ ਲੌਂਗ ਜਾਂ ਕੋਕੇ ਦਾ ਮੋਤੀ ਵੀ ਦਿਖਾ ਦਿੰਦਾਂ ਤਾਂ ਕਿੰਨਾ ਚੰਗਾ ਹੁੰਦਾ। ਇਸੇ 'ਲੌਂਗ ਦੇ ਲਿਸ਼ਕਾਰੇ' ਨੂੰ ਦੇਖ ਕੇ ਤਾਂ ਹਲ ਛੱਡ ਕੇ ਹਾਲੀ ਲਿਸ਼ਕਾਰੇ ਮਗਰ ਤੁਰ ਪੈਂਦੇ ਸਨ। ਤੇ ਸ਼ਾਇਦ ਇਸੇ ਕਾਰਨ ਕੁੜੀਆਂ ਨੇ ਲਿਸ਼ਕਾਰੇਦਾਰ ਲੌਂਗ ਪਾਉਣੇ ਬੰਦ ਕਰ ਦਿਤੇ ਹਨ। ਤਾਂ ਜੋ ਵਿਹਲੜ ਹਿੰਦੁਸਤਾਨੀ ਲੋਕ ਲਿਸ਼ਕਾਰਿਆਂ ਮਗਰ ਮਗਰ ਭਟਕ ਕੇ ਹੋਰ ਵਿਹਲੜ ਨਾ ਹੋ ਜਾਣ।

ਗੁਰਦਾਸ ਮਾਨ ਜਦੋਂ ਵੀ 'ਸਕਰੀਨ' 'ਤੇ ਆਇਆ ਲੋਕਾਂ ਤਾੜੀਆਂ ਮਾਰੀਆਂ ਜੋ ਗੁਰਦਾਸ ਮਾਨ ਦੀ ਪੰਜਾਬੀ ਦਿਲਾਂ ਵਿਚ ਲੋਕ ਪ੍ਰਿਅਤਾ ਦੀਆਂ ਸੂਚਕ ਹਨ। ਜੇਕਰ ਗੁਰਦਾਸ ਮਾਨ ਤੋਂ ਹੋਰ ਵਧੇਰੇ ਕੰਮ ਲਿਆ ਜਾਂਦਾ ਤਾਂ ਲੌਂਗ ਲਿਸ਼ਕਾਰਿਆਂ ਦੇ ਨਾਲ ਨਾਲ ਛਣਕਾਰੇ ਵੀ ਮਾਰਦਾ। ਗੁਰਦਾਸ ਮਾਨ ਨੂੰ ਦੇਖਣ ਤੇ ਸੁਣਨ ਲਈ ਕੰਧਾਂ ਟੱਪਣ ਵਾਲੇ ਤੇ ਤਖਤੇ ਪੱਟਣ ਵਾਲੇ ਪਰੇਮੀ ਤਾਂ ਹਰ ਥਾਂ ਹਨ।

ਓਮ ਪੁਰੀ ਕਰੇਲਾ ਹੈ ਤੇ ਬਿਸੀਅਰ ਦਿੱਤੂ ਬਣਾ ਕੇ ਹਰਪਾਲ ਟਿਵਾਣਾ ਨੇ ਉਸ ਨੂੰ ਨਿੰਮ ਉਤੇ ਚੜ੍ਹਾ ਦਿਤਾ ਹੈ।

ਹਰਪ੍ਰੀਤ(ਪੀਤੋ) ਰਾਹੀਂ ਪੰਜਾਬੀ ਫਿਲਮਾਂ ਨੂੰ ਇਕ ਲੰਮੀ, ਸੱਜਰੀ, ਸੁਨੱਖੀ ਤੇ ਅਖਰੋਟੀ—ਬਿੱਲੀਆਂ ਅੱਖਾਂ ਵਾਲੀ ਹੀਰੋਇਨ ਮਿਲ ਗਈ ਹੈ।

ਅਜ 'ਹਿਟ' ਪੰਜਾਬੀ ਫਿਲਮਾਂ ਦਾ ਦੌਰ ਹੈ ਪਰ ਪੰਜਾਬੀ ਫਿਲਮ ਨੂੰ ਬਾਸੂਆਂ ਤੇ ਬੈਨੇਗਲਾਂ ਵਾਲੀਆਂ ਸੂਖਮ ਛੋਹਾਂ ਹਰਪਾਲ ਟਿਵਾਣਾ ਨੇ ਦਿਤੀਆਂ ਹਨ। ਨੰਗੇ ਸਿਰ ਬਾਬਾ ਨਾਨਕ ਦੀ ਤਸਵੀਰ ਅੱਗੇ ਮੱਥਾ ਟੇਕਣ ਵਾਲੇ ਕਨੇਡੀਅਨ ਪੁੱਤਰ ਰਾਜ ਦਾ ਸਿਰ ਮਾਂ ਸਰਦਾਰਨੀ ਵਲੋਂ ਆਪਣੀ ਚੁੰਨੀ ਨਾਲ ਢਕਣਾ। ਯਾਰ ਰਾਜਾ ਵਲੋਂ ਲਿਆਂਦੀ ਛੋਟੀ ਘੱਗਰੀ ਤੇ ਬਾਂਦਰ ਕੁੜਤੀ(ਸਕਰਟ ਤੇ ਬਲਾਊਜ਼) ਪਹਿਨ ਕੇ ਪੀਤੋ ਦੇ ਪਿੰਡ ਵਿਚ ਵਿਸਮਾਦ ਦੀ ਅਵਸਥਾ ਵਿਚ ਮਟਕਣਾ। ਤੇ ਪਿੰਡ ਦਾ ਤਮਾਸ਼ਬੀਨ ਹੋਣਾ। ਆਪੇ ਰੁੱਸੀ ਭੋਲੀ ਪੀਤੋ ਦਾ ਆਪੇ ਕੰਨ ਨੂੰ ਹੱਥ ਲਗਾ ਲਗਾ ਕੇ ਬੇਮੁਖ ਹੋਏ ਯਾਰ ਨੂੰ ਮਨਾਉਣਾ। ਪ੍ਰੀਤ ਦੀਆਂ ਮੁਖਬਰੀਆਂ ਕਰਦੇ ਜੋਗੀ ਦੀ ਮੁੰਦਰੀ ਤੇ ਰਾਜ ਦਾ ਫੁੱਲ। ਪੀਤੋ ਨੂੰ ਹੱਥੋਂ ਨਿਕਲਦੀ ਜਾਣ ਕੇ ਵਿਸ਼ ਘੋਲਦੇ ਬਿਸੀਅਰ ਦਿੱਤੂ ਵਲੋਂ ਨਿੱਕੀ ਕੁਹਾੜੀ (ਸਫਾ ਜੰਗ) ਨਾਲ ਵੱਡੀ ਮੋਟੀ ਕਿੱਕਰ ਉਤੇ ਵਾਹੋਦਾਹੀ ਬੇਵਸੀ ਦੇ ਵਾਰ ਕਰਨਾ।

ਕੁਲ ਮਿਲਾ ਕੇ ਇਸ 'ਲੌਂਗ ਦੇ ਲਿਸ਼ਕਾਰੇ' ਵਿਚ ਚਮਕਾਰਾਂ ਹਨ। ਹਾਲੀ ਹਲ ਛੱਡਣਗੇ।

## ਲੌਂਗ ਦੇ ਲਿਸ਼ਕਾਰੇ ਦਾ ਉਦਘਾਟਨੀ ਸ਼ੋ

ਚੰਡੀਗੜ੍ਹ—ਪੰਜਾਬ ਦੇ ਗਵਰਨਰ ਸ੍ਰੀ ਬੀ. ਡੀ. ਪਾਂਡੇ ਨੇ ਪੰਜਾਬੀ ਫਿਲਮ "ਲੌਂਗ ਦਾ ਲਿਸ਼ਕਾਰਾ" ਦੇ ਸ਼ੋ ਦਾ ਇਥੇ "ਢਿੱਲੋਂ ਥੀਏਟਰ" ਵਿਚ ਉਦਘਾਟਨ ਕੀਤਾ।

ਫਿਲਮ ਦੇ ਮੁੱਖ ਕਲਾਕਾਰਾਂ ਨੂੰ ਸ੍ਰੀ ਪਰੇਮ ਭਾਟੀਆ "ਟ੍ਰਿਬੀਊਨ ਦੇ ਐਡੀਟਰ-ਇਨ-ਚੀਫ ਵਲੋਂ ਗੁਲਦਸਤੇ ਭੇਟਾ ਕੀਤੇ ਗਏ।

ਇਸ ਫਿਲਮ ਨੂੰ ਸ੍ਰੀ ਹਰਪਾਲ ਟਿਵਾਣਾ ਨੇ ਡਾਇਰੈਕਟ ਕੀਤਾ ਹੈ।



## ਮਾਮਲਾ ਗੜਬੜ ਹੈ!

○ ਖਬਰ ਹੈ ਕਿ ਪ੍ਰਸਿਧ ਨਿਰਮਾਤਾ, ਨਿਰਦੇਸ਼ਕ ਤੇ ਅਭਿਨੇਤਾ ਵਰਿੰਦਰ ਨੇ ਆਪਣੀ ਫਿਲਮ 'ਬਟਵਾਰਾ' ਨੂੰ ਸਫਲ ਬਨਾਉਣ ਲਈ 'ਪੁਤ ਜੱਟਾਂ ਦੇ' ਫਿਲਮ ਨੂੰ ਪਹਿਲਾਂ ਤਾਂ ਕੋਈ ਚੰਗਾ ਥੀਏਟਰ ਹੀ ਨਹੀਂ ਮਿਲਣ ਦਿਤਾ ਤੇ ਬਾਅਦ ਵਿਚ ਇਸ ਫਿਲਮ ਦੇ ਕੁਝ ਪ੍ਰਿੰਟ ਜਾਣ ਬੁਝ ਕੇ ਬੰਬਈ ਤੋਂ ਅੰਮ੍ਰਿਤਸਰ ਆਉਣ ਵਾਲੀ ਗੱਡੀ 'ਚੋਂ ਦਿੱਲੀ ਵਿਖੇ ਉਤਰਵਾ ਲਏ ਸਨ।

○ ਖਬਰ ਹੈ ਕਿ ਪਿਛਲੇ ਦਿਨੀਂ ਅੰਮ੍ਰਿਤਸਰ ਵਿਖੇ ਮੁਹੰਮਦ ਰਫੀ ਮੈਮੋਰੀਅਲ ਸੁਸਾਇਟੀ ਵਲੋਂ ਦਿਤੇ ਗਏ ਸਨਮਾਨ ਸਮਾਰੋਹ 'ਚ ਵਰਿੰਦਰ ਨੇ ਇਸਲਈ ਹਿੱਸਾ ਨਹੀਂ ਲਿਆ, ਕਿਉਂਕਿ ਉਹ ਚਾਹੁੰਦਾ ਸੀ ਕਿ ਕਾਮੇਡੀ ਕਿੰਗ ਦਾ ਅਵਾਰਡ ਮਿਹਰ ਮਿਤਲ ਦੀ ਬਜਾਏ ਡਾ: ਸੁਰਿੰਦਰ ਸ਼ਰਮਾ ਨੂੰ ਦਿਤਾ ਜਾਏ, ਜੋ ਪ੍ਰਬੰਧਕਾਂ ਨੇ ਨਹੀਂ ਮੰਨਿਆ।

○ ਡਾ: ਸੁਰਿੰਦਰ ਸ਼ਰਮਾ ਦਾ ਕਹਿਣਾ ਹੈ ਕਿ ਮਿਹਰ ਮਿੱਤਲ ਉਸਦੇ ਕਾਫੀ ਫਿਲਮਾਂ ਵਿਚੋਂ ਰੋਲ ਕਟਵਾ ਦਿੰਦਾ ਹੈ। ਇਸ ਸਿਲਸਿਲੇ ਵਿਚ ਉਸ 'ਥਾਣੇਦਾਰ' ਫਿਲਮ ਦੀ ਮਿਸਾਲ ਦਿੰਦਿਆਂ ਕਿਹਾ ਕਿ ਇਹ ਫਿਲਮ ਮਿਹਰ ਮਿਤਲ ਨੇ ਉਸਨੂੰ ਫਿਲਮ ਵਿਚੋਂ ਕਢਵਾਉਣ ਲਈ ਬਹੁਤ ਹੀ ਥੋੜੇ ਪੈਸਿਆਂ ਵਿਚ ਸਾਈਨ ਕੀਤੀ।

○ ਖਬਰ ਹੈ ਕਿ 'ਬਟਵਾਰਾ' ਫਿਲਮ ਦਾ ਸੰਗੀਤ ਕਿਸੇ ਹੋਰ ਨੇ ਤਿਆਰ ਕੀਤਾ ਸੀ ਜਦਕਿ ਬਤੌਰ ਸੰਗੀਤਕਾਰ ਦੇ ਕਮਲਕਾਂਤ ਦਾ ਨਾਂ ਹੈ।

○ ਠਾਕਰ ਤਪਸਵੀ ਦੇ ਭਰਾ ਇਕਬਾਲ ਸਿੰਘ ਵਲੋਂ ਅਜਕਲ ਇਹ ਆਮ ਚਰਚਾ ਕੀਤੀ ਜਾ ਰਹੀ ਹੈ ਕਿ 'ਜਿਗਰੀ ਯਾਰ' ਦੀ ਸ਼ੂਟਿੰਗ ਤੋਂ ਬਾਅਦ ਚੰਡੀਗੜ੍ਹ ਦੇ ਇਕ ਹੋਟਲ ਵਿਚ ਸੁਮਨ ਕਪਾਨੀ ਨੇ ਹੱਦੋਂ ਵਧ ਸ਼ਰਾਬ ਪੀ ਕੇ ਇਕ ਰਾਤ ਕਾਫੀ ਸ਼ੋਰ ਮਚਾਈ ਰਖਿਆ ਤੇ ਹੋਟਲ ਵਾਲਿਆਂ ਨੂੰ ਕਾਫੀ ਪਰੇਸ਼ਾਨ ਕੀਤਾ।

○ ਖਬਰ ਹੈ ਕਿ ਫਾਈਟ ਡਾਇਰੈਕਟਰ ਮੋਹਨ ਬੱਗੜ ਵਲੋਂ ਬਣਾਈ ਜਾ ਰਹੀ ਫਿਲਮ 'ਪੱਗ ਵੱਟ ਭਰਾ' ਵਿਚ ਵਰਿੰਦਰ ਦਾ ਨਾਂ ਹੀ ਨਹੀਂ ਹੈ ਜਦਕਿ ਵਰਿੰਦਰ ਦੀ ਹਰ ਫਿਲਮ ਵਿਚ ਮੋਹਨ ਬੱਗੜ ਹੁੰਦਾ ਹੈ।

○ ਖਬਰ ਹੈ ਕਿ ਫਿਲਮ 'ਬਾਬਲ ਦਾ ਵਿਹੜਾ' ਪਹਿਲਾਂ ਤਿੰਨ ਡਿਸਟਰੀਬਿਊਟਰਾਂ ਨੇ ਛੱਡੀ ਤੇ ਹੁਣ ਫਿਲਮ ਦਾ ਨਿਰ-ਦੇਸ਼ਕ ਸਤੀਸ਼ ਭਾਖੜੀ ਵੀ ਇਸਨੂੰ ਛੱਡ ਰਿਹਾ ਹੈ ਤੇ ਫਿਲਮ ਦੇ ਸੰਗੀਤਕਾਰਾਂ ਨੂੰ ਪੰਜਾਬੀ ਬਿਲਕੁਲ ਨਹੀਂ ਆਉਂਦੀ।

○ ਖਬਰ ਹੈ ਕਿ ਆਉਣ ਵਾਲੀ ਫਿਲਮ 'ਅੰਬਰੀ' ਦਾ ਨਾਂ ਪਹਿਲਾ 'ਕੰਜਰੀ' ਸੀ।

○ ਖਬਰ ਹੈ ਕਿ ਚਰਿਤ੍ਰ ਅਭੀਨੇਤਾ ਯਸ਼ ਸ਼ਰਮਾ ਅਜਕਲ ਪ੍ਰਸਿਧ ਹਿੰਦੀ ਨਿਰਮਾਤਾ-ਨਿਰਦੇਸ਼ਕ ਜੇ. ਓਮ ਪ੍ਰਕਾਸ਼ ਦੀ ਚਮਚਾਗਿਰੀ ਕਰਦਾ ਫਿਰਦਾ ਹੈ। ਦਸਿਆ ਜਾਂਦਾ ਹੈ ਕਿ ਜੇ. ਓਮ ਪ੍ਰਕਾਸ਼ ਨੇ ਹਰ ਸਾਲ ਇਕ ਪੰਜਾਬੀ ਫਿਲਮ ਬਨਾਉਣ ਦਾ ਐਲਾਨ ਕੀਤਾ ਹੈ।

○ ਖਬਰ ਹੈ ਕਿ ਕੰਵਲ ਬਿਆਲਾ ਨੇ ਅੰਮ੍ਰਿਤਸਰ ਵਿਖੇ ਇਮਪੀਰਿਅਲ ਹੋਟਲ ਵਾਲੇ ਆਪਣੇ ਆਫਿਸ ਨੂੰ ਉਥੋਂ ਚੁਕ ਲਿਆ ਹੈ ਕਿਉਂਕਿ ਉਸ ਵਲੋਂ ਠੱਗੇ ਗਏ ਕਾਫੀ ਨੌਜਵਾਨ ਉਸਦੀ ਤਲਾਸ਼ ਵਿਚ ਸਨ।

○ ਖਬਰ ਹੈ ਕਿ 'ਤਹਿਸੀਲਦਾਰ' ਦਾ ਨਿਰਮਾਤਾ ਅਮਰਜੀਤ, ਸੰਗੀਤਾ ਸਰਗਮ ਨਾਂ ਦੀ ਇਕ ਗਾਇਕਾ ਨਾਲ ਸ਼ਾਦੀ ਕਰ ਰਿਹਾ ਹੈ।

○ ਖਬਰ ਹੈ ਕਿ 'ਸੰਜੋਗੀ ਮੇਲੇ' ਦਾ ਨਿਰਮਾਤਾ ਜੀ. ਰਾਹੀ ਕਈ ਮਹੀਨਿਆਂ ਤੋਂ ਨਜ਼ਰ ਨਹੀਂ ਆ ਰਿਹਾ।

○ ਗੀਤਕਾਰ ਲਾਲ ਪਧਿਆਣਵੀ ਦਾ ਕਹਿਣਾ ਹੈ ਕਿ ਗਾਇਕਾ ਸਰਬਜੀਤ ਕੌਰ ਜਿਸ 'ਕੋਕੇ' ਦੇ ਗੀਤ ਰਾਹੀਂ ਪ੍ਰਸਿਧ ਹੋਈ ਹੈ, ਉਹ ਅਸਲ ਵਿਚ ਉਸਦਾ ਲਿਖਿਆ ਹੋਇਆ ਹੈ।

○ ਫਿਲਮ 'ਗੁਡੋ' ਰਾਹੀਂ ਆ ਰਹੀ ਨਵੀਂ ਅਭੀਨੇਤਰੀ ਕੁਲਬੀਰ ਕੌਰ ਲੁਧਿਆਣੇ ਦੇ ਉਸ 'ਅਗਾਂਹਵਧੂ ਲੇਖਕ' ਕੋਲੋਂ ਬੇਹੱਦ ਨਾਰਾਜ਼ ਹੈ ਜਿਹੜਾ ਇਹ ਝੂਠਾ ਪ੍ਰਚਾਰ ਕਰਦਾ ਫਿਰਦਾ ਹੈ ਕਿ ਉਸ ਕੋਲ ਕੁਲਬੀਰ ਕੌਰ ਦੇ ਬਹੁਤ ਸਾਰੇ ਪ੍ਰੇਮ ਪਤਰ ਮੌਜੂਦ ਹਨ। ਇਹ ਵੀ ਦਸਿਆ ਜਾਂਦਾ ਹੈ ਕਿ ਇਹ ਲੇਖਕ ਅਜਕਲ ਪਲਿਉਂ ਪੈਸੇ ਦੇਕੇ ਆਪਣੇ ਗੀਤ ਫਿਲਮਾਂ ਵਿਚ ਪੁਆਉਣ ਲਈ ਬਹੁਤ ਹੱਥ ਪੈਰ ਮਾਰ ਰਿਹਾ ਹੈ।

○ ਚਰਚਾ ਹੈ ਕਿ ਸਭ ਤੋਂ ਸਸਤੇ ਰੇਟ 'ਤੇ ਹੀਰੋ ਬਣ ਜਾਣ ਵਾਲਾ ਸਤੀਸ਼ ਕੌਲ ਸ਼ੂਟਿੰਗ ਦੌਰਾਨ ਰਹਿਣ ਸਹਿਣ, ਖਾਣ ਪੀਣ ਤੋਂ ਇਲਾਵਾ ਰੰਗਰਲੀਆਂ ਮਨਾਉਣ ਦੇ 'ਉਚਿਤ ਪ੍ਰਬੰਧ' ਦੀ ਵੀ ਮੰਗ ਕਰਦਾ ਹੈ। ਇਸ ਸਬੰਧ ਵਿਚ ਜਲੰਧਰ ਦੀ ਡੀਫੈਂਸ ਕਾਲੋਨੀ ਦੀ ਇਕ ਕੋਠੀ ਹਾਲਾਂ ਵੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

# ਭਾਰਤ ਦੇ ਇਤਿਹਾਸ ਉਪਰ ਇਕ ਮਹੱਤਵ ਪੂਰਨ ਝਾਤ
# ਉਦਯੋਗਕ ਪੂੰਜੀ ਦਾ ਯੁਗ

**ਕਿਸ਼ਤ ਦੂਜੀ** **ਅਨੁਵਾਦਕ : ਇਕਬਾਲ ਕਾਹਲੋਂ**

(ਇਤਿਹਾਸ ਨੂੰ ਲੀਡਰ ਨਹੀਂ ਲੋਕ ਬਣਾਉਂਦੇ ਹਨ। ਭਾਵੇਂ ਲੀਡਰਾਂ ਦਾ ਇਸ ਵਿਚ ਇਕ ਵਿਸ਼ੇਸ਼ ਰੋਲ ਹੁੰਦਾ ਹੈ। ਅਸੀਂ ਅੰਗਰੇਜ਼ਾਂ ਵਿਰੁਧ ਪਹਿਲੇ ਹਥਿਆਰਬੰਦ ਘੋਲ ਜਿਸਨੂੰ ਇਤਿਹਾਸ ਵਿਚ 'ਸੰਨਿਆਸੀਆਂ ਦੇ ਵਿਦਰੋਹ' ਨਾਲ ਅੰਕਤ ਕੀਤਾ ਗਿਆ ਹੈ। ਕੈਨੇਡਾ ਦਰਪਣ ਦੇ ਪਾਠਕਾਂ ਲਈ ਪੇਸ਼ ਕਰਨਾ ਚਾਹੁੰਦੇ ਹਾਂ। ਪ੍ਰੰਤੂ ਇਸ ਇਤਿਹਾਸਕ ਵਿਦਰੋਹ ਤੋਂ ਪਹਿਲਾਂ ਦੇ ਇਤਿਹਾਸਕ ਹਾਲਾਤ ਸਮਝ ਲੈਣੇ ਵੀ ਅਤੀ ਜ਼ਰੂਰੀ ਹਨ, ਜੋ ਕਿ ਅੰਗਰੇਜ਼ਾਂ ਦੇ ਭਾਰਤ ਵਿਚ ਦਾਖਲੇ ਸਮੇਂ ਪੈਦਾ ਹੋਏ। ਇਹ ਤਿੰਨ ਕਿਸ਼ਤਾਂ ਵਿਚ ਹੋਣਗੇ ਅਤੇ ਫਿਰ ਚੌਥੀ ਕਿਸ਼ਤ 'ਸੰਨਿਆਸੀਆਂ ਦਾ ਵਿਦਰੋਹ' ਹੋਵੇਗਾ।

ਅਸੀਂ ਇਹ ਆਰਟੀਕਲ ਸ੍ਰੀ ਅਯੁਧਿਆ ਸਿੰਘ ਲਿਖਤ 'ਭਾਰਤ ਕਾ ਮੁਕਤੀ ਸੰਗਰਾਮ' (ਹਿੰਦੀ) ਨਾਮੀ ਪੁਸਤਕ ਚੋਂ ਧੰਨਵਾਦ ਸਹਿਤ ਦੇ ਰਹੇ ਹਾਂ। ਇਸਦੀ ਪਹਿਲੀ ਕਿਸ਼ਤ ਕੈਨੇਡਾ ਦਰਪਣ ਦੇ ਪਿਛਲੇ ਅੰਕ ਵਿਚ ਦਿਤੀ ਗਈ ਹੈ। ਅਨੁਵਾਦਕ)

ਪਲਾਸੀ ਦੇ ਯੁੱਧ (1757) ਤੋਂ ਬਾਅਦ ਹਿੰਦੁਸਤਾਨ ਦੀ ਦੌਲਤ ਬਰਸਾਤੀ ਨਦੀ ਵਾਂਗੂੰ ਇੰਗਲੈਂਡ ਵਲ ਨੂੰ ਤੁਰ ਪਈ ਇਸ ਦੌਲਤ ਨੇ ਇੰਗਲੈਂਡ ਵਿਚ ਉਦਯੋਗਿਕ ਇੰਨਕਲਾਬ ਪੂਰਾ ਕਰਨ ਵਿਚ ਬੜੀ ਮਦਦ ਕੀਤੀ। ਭਾਫ ਦੇ ਇੰਜਨ, ਪਾਵਰ ਲੂਮ ਅਤੇ ਵੱਡੇ ਪੱਧਰ ਉਤੇ ਮਸ਼ੀਨਾਂ ਦਾ ਅਵਿਸ਼ਕਾਰ(ਈਜ਼ਾਦ) ਹੋਇਆ।

ਉਦਯੋਗਿਕ ਇਨਕਲਾਬ ਦੇ ਪੂਰਾ ਹੋਣ ਤੇ ਇੰਗਲੈਂਡ ਦੇ ਕਾਰਖਾਨੇਦਾਰਾਂ ਦੇ ਸਾਹਮਣੇ ਮੰਡੀ ਦੀ ਮੁਸ਼ਕਿਲ ਪੈਦਾ ਹੋ ਗਈ। ਆਪਣੇ ਕਾਰਖਾਨੇਦਾਰਾਂ ਦਾ ਮਾਲ ਵੇਚਣ ਲਈ ਉਹਨਾਂ ਨੂੰ ਬਾਜ਼ਾਰ ਦੀ ਲੋੜ ਸੀ। ਹਿੰਦੁਸਤਾਨ ਦੀ ਵੱਡੀ ਮੰਡੀ ਉਤੇ ਉਹਨਾਂ ਦੀ ਇੱਲ ਵਰਗੀ ਨਿਗਾਹ ਦਾ ਜਾਣਾ ਕੁਦਰਤੀ ਸੀ। ਹਿੰਦੁਸਤਾਨ ਨੂੰ ਆਪਣੇ ਕਾਰਖਾਨਿਆਂ ਦਾ ਬਾਜ਼ਾਰ ਬਨਾਉਣ ਲਈ ਇਹ ਜ਼ਰੂਰੀ ਸੀ ਕਿ ਜਿਸ ਦੇਸ਼ ਦੇ ਨਾਲ ਕਰਨ ਲਈ ਈਸਟ ਇੰਡੀਆ ਕੰਪਨੀ ਦੀ ਇਜ਼ਾਰੇਦਾਰੀ ਖਤਮ ਕੀਤੀ ਜਾਵੇ ਅਤੇ ਉਹਨਾਂ ਨੂੰ ਵੀ ਬਿਨਾਂ ਰੋਕ ਤੋਂ ਇਸ ਦੇਸ਼ ਨਾਲ ਵਪਾਰ ਕਰਨ ਦਿਤਾ ਜਾਵੇ। ਹਿੰਦੁਸਤਾਨ ਦੀ ਅਰਥ ਨੀਤੀ ਵਿਚ ਮੌਲਿਕ ਤਬਦੀਲੀਆਂ ਕੀਤੀਆਂ ਜਾਣ। ਹਿੰਦੁਸਤਾਨ ਸਾਰੀ ਦੁਨੀਆਂ ਨੂੰ ਤਿਆਰ ਮਾਲ ਦਿੰਦਾ ਆ ਰਿਹਾ ਸੀ ਬ੍ਰਿਟਿਸ਼ ਕਾਰਖਾਨੇਦਾਰਾਂ ਦੇ ਹਿਤ ਵਿਚ ਇਹ ਜ਼ਰੂਰੀ ਸੀ ਕਿ ਇਸਦੇ ਕਾਰਖਾਨੇ ਖਤਮ ਕਰਕੇ ਇਸਨੂੰ ਨਿਰਾ ਖੇਤੀਬਾੜੀ ਵਾਲਾ ਮੁਲਕ ਹੀ ਬਣਾ ਦਿਤਾ ਜਾਵੇ।

ਈਸਟ ਇੰਡੀਆ ਕੰਪਨੀ ਦੇ ਸੌਦਾਗਰ ਮਾਲਕਾਂ ਦੇ ਵਿਰੋਧ ਦੇ ਬਾਵਜੂਦ ਅੰਗਰੇਜ਼ੀ ਸਰਕਾਰ ਨੇ 1813 ਵਿਚ ਹਿੰਦੁਸਤਾਨ ਵਿਚ ਉਹਨਾਂ ਦੀ ਇਜ਼ਾਰੇਦਾਰੀ(ਮਾਲਕੀ) ਖਤਮ ਕਰ ਦਿਤੀ। ਹਿੰਦੁਸਤਾਨ ਨੂੰ ਨਵੇਂ ਢੰਗ ਨਾਲ ਲੁੱਟਣ ਦਾ ਰਸਤਾ ਬ੍ਰਿਟਿਸ਼ ਕਾਰਖਾਨੇਦਾਰਾਂ ਲਈ ਖੁਲ੍ਹ ਗਿਆ।

ਇਸ ਤਰ੍ਹਾਂ ਉਦਯੋਗਿਕ ਪੂੰਜੀ ਦਾ ਯੁਗ 1813 ਵਿਚ ਸ਼ੁਰੂ ਹੋਇਆ ਅਤੇ ਉੱਨੀਵੀਂ ਸਦੀ ਦੇ ਆਖੀਰ ਤਕ ਰਿਹਾ। ਹਿੰਦੁਸਤਾਨ ਦੇ ਕਾਰਖਾਨੇਦਾਰ ਤਬਾਹ ਕਰਨ ਅਤੇ ਇਸਨੂੰ ਆਪਣੇ ਕਾਰਖਾਨਿਆਂ ਦੇ ਤਿਆਰ ਮਾਲ ਦਾ ਬਾਜ਼ਾਰ ਬਣਾਉਣ ਦੇ ਲਈ ਅੰਗਰੇਜ਼ ਪੂੰਜੀਪਤੀਆਂ ਨੇ ਮਸ਼ੀਨਾਂ ਅਤੇ ਰਾਜਸਤਾ ਦੋਨਾਂ ਦਾ ਇਸਤੇਮਾਲ ਕੀਤਾ। ਹਿੰਦੁਸਤਾਨੀ ਤਿਆਰ ਮਾਲ ਨੂੰ ਆਪਣੇ ਦੇਸ਼ ਵਿਚ ਆਉਣ ਤੋਂ ਰੋਕਣ ਲਈ ਉਹਨਾਂ ਨੇ ਇਸ ਉਤੇ ਜ਼ਿਆਦਾ ਤੋਂ ਜ਼ਿਆਦਾ ਚੂੰਗੀ ਲਾਉਣ ਦੀ ਨੀਤੀ ਘੜੀ। ਬਹੁਤ ਸਾਰੇ ਹਿੰਦੁਸਤਾਨੀ ਮਾਲ ਦਾ ਇੰਗਲੈਂਡ ਵਿਚ ਆਉਣਾ ਇਕਦਮ ਬੰਦ ਕਰ ਦਿਤਾ। ਨਾਲ ਹੀ ਹਿੰਦੁਸਤਾਨ ਵਿਚ ਆਉਣ ਵਾਲੇ ਆਪਣੇ ਤਿਆਰ ਮਾਲ ਉਤੇ ਘਟ ਤੋਂ ਘਟ ਚੂੰਗੀ ਦੇਣੀ ਸ਼ੁਰੂ ਕੀਤੀ। 1813 ਵਿਚ ਇੰਗਲੈਂਡ ਵਿਚ ਹਿੰਦੁਸਤਾਨੀ ਛੀਟ ਉਤੇ 78 ਫੀਸਦੀ ਚੂੰਗੀ ਲਗਦੀ ਸੀ। 1840 ਦੇ ਲਗਭਗ ਹਿੰਦੁਸਤਾਨ ਵਿਚ ਵਿਲਾਇਤੀ ਰੇਸ਼ਮ ਅਤੇ ਸੂਤੀ ਕਪੜੇ ਉਤੇ ਸਿਰਫ ਸਾਢੇ ਤਿੰਨ ਫੀ ਸਦੀ ਚੂੰਗੀ ਲਗਦੀ ਸੀ ਜਦੋਂ ਕਿ ਇੰਗਲੈਂਡ ਵਿਚ ਹਿੰਦੁਸਤਾਨੀ ਸੂਤੀ ਕਪੜੇ ਉਤੇ 10 ਫੀ ਸਦੀ ਅਤੇ ਰੇਸ਼ਮੀ ਕਪੜੇ ਉਤੇ 20 ਫੀ ਸਦੀ।

ਭਾਰਤੀ ਉਦਯੋਗ-ਧੰਦਿਆਂ ਨੂੰ ਤਬਾਹ ਕਰਨ ਦੇ ਲਈ ਅੰਗਰੇਜ਼ ਪੂੰਜੀਪਤੀ ਸਿਰਫ ਐਨੇ ਵਿਚ ਹੀ ਸੰਤੁਸ਼ਟ ਨਹੀਂ ਹੋਏ ਉਹਨਾਂ ਨੇ ਖੁਦ ਭਾਰਤ ਵਿਚ ਹੀ ਉਦਯੋਗਾਂ ਦੇ ਤਿਆਰ ਮਾਲ ਉਤੇ ਟੈਕਸ ਲਾਇਆ। ਉਦਾਹਰਣ ਦੇ ਲਈ ਗਵਰਨਰ ਜਨਰਲ ਲਾਰਡ ਬੈਂਟਿਕ ਦੇ ਸਮੇਂ ਇਸ ਸਬੰਧ ਵਿਚ ਜਾਂਚ ਪੜਤਾਲ ਤੋਂ ਪਤਾ ਲਗਿਆ ਕਿ ਜੋ ਵਿਲਾਇਤੀ ਕਪੜਾ ਭਾਰਤ ਵਿਚ ਵਿਕਦਾ ਸੀ ਉਸ ਉਤੇ ਸਿਰਫ ਢਾਈ ਫੀ ਸਦੀ ਟੈਕਸ ਲਗਦਾ ਸੀ, ਲੇਕਿਨ ਭਾਰਤਵਾਸੀ ਜੋ ਕਪੜਾ ਆਪਣੇ ਪਹਿਨਣ ਲਈ ਬੁਣਦੇ ਸਨ ਉਸ ਉਤੇ ਵੀ ਸਾਢੇ ਸਤਾਰਾਂ ਫੀਸਦੀ ਟੈਕਸ ਲਗਦਾ ਸੀ। ਕਿੰਨੇ ਦਿਆਲ ਅਤੇ ਨਿਆਂਪੂਰਨ ਸਨ ਇਹ ਅੰਗਰੇਜ਼ ਪੂੰਜੀਪਤੀ। ਇਸੇ ਤਰਾਂ ਭਾਰਤੀਆਂ ਦੇ ਆਪਣੇ ਵਰਤਣ ਲਈ ਭਾਰਤੀ ਚਮੜੇ ਦੁਆਰਾ ਭਾਰਤ ਅੰਦਰ ਹੀ ਬਣੇ ਮਾਲ ਉਤੇ 15 ਫੀਸਦੀ ਟੈਕਸ ਲਗਦਾ ਸੀ। ਵਿਦੇਸ਼ੀ ਚੀਨੀ ਦੇ ਬਜਾਏ ਦੇਸੀ ਚੀਨੀ ਉਤੇ 5 ਫੀਸਦੀ ਜ਼ਿਆਦਾ ਟੈਕਸ ਦੇਣਾ ਪੈਂਦਾ ਸੀ। ਇਸ ਤਰਾਂ ਭਾਰਤ ਅੰਦਰ ਹੀ ਭਾਰਤ ਦੇ 235 ਪਰਕਾਰ ਦੇ ਮਾਲ ਉਤੇ ਫਰੰਗੀ ਲੁਟੇਰਿਆਂ ਨੇ ਬੇਇਨਸਾਫੀ ਨਾਲ ਭਾਰੀ ਟੈਕਸ ਲਾਏ, ਤਾਂਕਿ ਖੁਦ ਭਾਰਤ ਵਿਚ ਹੀ ਭਾਰਤੀ ਮਾਲ ਵਿਦੇਸ਼ੀ ਮਾਲ ਦਾ ਮੁਕਾਬਲਾ ਨਾ ਕਰ ਸਕੇ।

ਇਹ ਟੈਕਸ ਹਰ ਸਾਲ ਵਧਾਕੇ ਭਾਰਤੀ ਉਦਯੋਗ-ਧੰਦੇ ਤਬਾਹ ਕੀਤੇ ਜਾਂਦੇ। ਇਹਨਾਂ ਬੇਇਨਸਾਫੀਆਂ ਅਤੇ ਜ਼ੁਲਮਾਂ ਦਾ ਨਤੀਜਾ ਇਹ ਹੋਇਆ ਵਿਦੇਸ਼ਾਂ ਵਿਚ ਭਾਰਤੀ ਮਾਲ ਦੀ ਕਮੀ ਹੋ ਗਈ। ਕੁਝ ਮਿਸਾਲਾਂ ਲਵੋ। 1801 ਵਿਚ ਭਾਰਤ ਤੋਂ ਅਮਰੀਕਾ 13,633 ਗੱਠਾਂ ਕਪੜਾ ਜਾਂਦਾ ਸੀ, 1829 ਵਿਚ ਘਟਦੇ ਘਟਦੇ 258 ਗੱਠਾਂ ਰਹਿ ਗਿਆ। 1800 ਤਕ ਭਾਰਤ ਦਾ ਕਪੜਾ ਹਰ ਇਕ ਸਾਲ ਲਗਭਗ 1450 ਗੱਠਾਂ ਡੈਨਮਾਰਕ ਜਾਂਦਾ ਸੀ, ਇਹ 1820 ਵਿਚ 120 ਗੱਠਾਂ ਰਹਿ ਗਿਆ। 1799 ਭਾਰਤੀ ਵਿਪਾਰੀ 9,714 ਗੱਠਾਂ ਕਪੜਾ ਪੁਰਤਗਾਲ ਭੇਜਦੇ ਸਨ। 1825 ਵਿਚ ਸਿਰਫ 1000 ਗੱਠਾਂ ਰਹਿ ਗਿਆ। 1820 ਤਕ ਅਰਬ ਅਤੇ ਫਾਰਸ ਦੀ ਖਾੜੀ ਦੇ ਨਾਲ ਨਾਲ ਦੇ ਮੁਲਕਾਂ ਵਿਚ 4000 ਤੋਂ 7000 ਗੱਠਾਂ ਤਕ ਭਾਰਤੀ ਕਪੜਾ ਹਰ ਇਕ ਸਾਲ ਜਾਂਦਾ ਸੀ। 1825 ਤੋਂ ਬਾਅਦ 2000 ਗੱਠਾਂ ਤੋਂ ਜ਼ਿਆਦਾ ਨਹੀਂ ਭੇਜਿਆ ਗਿਆ।

ਨਿਰੀਖਣ ਈਸਟ ਇੰਡੀਆ ਕੰਪਨੀ ਦੇ ਹੁਕਮ ਨਾਲ ਭਾਰਤ ਦੇ ਉਦਯੋਗ ਧੰਦੇ ਅਤੇ ਵਪਾਰ ਦੇ ਲਈ ਡਾ. ਬੁਕਾਨਨ 1807 ਪਟਨਾ ਵਿਚ, ਸ਼ਾਹਬਾਦ, ਭਾਗਲਪੁਰ, ਗੋਰਖਪੁਰ ਆਦਿ ਜ਼ਿਲਿਆਂ ਵਿਚ ਗਏ। ਉਹਨਾਂ ਦੇ ਨਿਰੀਖਣ ਤੋਂ ਪਤਾ ਲਗਦਾ ਹੈ ਕਿ ਪਟਨਾ ਜ਼ਿਲੇ ਵਿਚ ਉਸ ਸਮੇਂ 2,400 ਬਿਘੇ ਜ਼ਮੀਨ ਵਿਚ ਕਪਾਹ ਦੀ ਅਤੇ 1,800 ਬਿਘੇ ਜ਼ਮੀਨ ਵਿਚ ਗੰਨੇ ਦੀ ਖੇਤੀ ਹੁੰਦੀ ਸੀ। 3,30,426 ਇਸਤਰੀਆਂ ਸਿਰਫ ਸੂਤ ਕੱਟਕੇ ਹੀ ਰੋਜ਼ੀ ਕਮਾਉਂਦੀਆਂ ਸਨ। ਅੰਗਰੇਜ਼ਾਂ ਦੀ ਮੇਹਰਬਾਨੀ ਨਾਲ ਬਰੀਕ ਸੂਤ ਦਾ ਬਾਹਰ ਜਾਣਾ ਬੰਦ ਹੋ ਗਿਆ ਅਤੇ ਉਹਨਾਂ ਦੀ ਰੋਜ਼ੀ ਦਾ ਸਾਧਨ ਖਤਮ ਹੋ ਗਿਆ। ਬੁਨਕਰ(ਜੁਲਾਹੇ) ਕਪੜੇ ਬੁਣਕੇ ਸਾਢੇ ਸੱਤ ਲਖ ਰੁ: ਦਾ ਖਰਾ ਮੁਨਾਫਾ ਕਮਾਉਂਦੇ ਸਨ। ਤੂਤਾਹ, ਗਯਾ, ਨਬਾਦਾ ਆਦਿ ਟੌਂਸ ਦੇ ਉਦਯੋਗ ਲਈ ਮਸ਼ਹੂਰ ਸਨ।

ਇਸੇ ਤਰ੍ਹਾਂ ਸ਼ਾਹਬਾਦ ਜ਼ਿਲੇ ਵਿਚ 1,59500 ਔਰਤਾਂ ਸਾਲ ਵਿਚ ਸਾਢੇ ਬਾਰਾਂ ਲੱਖ ਰੁ: ਦਾ ਸੂਤ ਕੱਤਦੀਆਂ ਸਨ। ਜ਼ਿਲੇ ਵਿਚ ਕੁਲ 7,950 ਕਰਘੇ ਸਨ। ਇਹਨਾਂ ਨਾਲ 16 ਲੱਖ ਰੁ: ਦਾ ਕਪੜਾ ਹਰ ਸਾਲ ਤਿਆਰ ਹੁੰਦਾ ਸੀ। ਇਸਦੇ ਇਲਾਵਾ ਕਾਗਜ਼, ਇਤਰ, ਤੇਲ, ਨਮਕ ਅਤੇ ਸ਼ਰਾਬ ਆਦਿ ਦੇ ਉਦਯੋਗ ਵੀ ਵਧ ਫੁਲ ਰਹੇ ਸਨ।

ਭਾਗਲਪੁਰ ਵਿਚ 12000 ਬਿਘੇ ਵਿਚ ਕਪਾਹ ਦੀ ਖੇਤੀ ਹੁੰਦੀ ਸੀ। ਟਸਰ ਬੁਨਣ ਦੀਆਂ 3,275 ਖੱਡੀਆਂ ਅਤੇ ਕਪੜਾ ਬੁਨਣ ਦੀਆਂ 7,279 ਖੱਡੀਆਂ ਸਨ। ਗੋਰਖਪੁਰ ਵਿਚ 175600 ਔਰਤਾਂ ਚਰਖਾ ਕਤਕੇ ਦਿਨ ਲੰਘਾਉਂਦੀਆਂ ਸਨ। ਖੱਡੀਆਂ ਦੀ ਸੰਖਿਆ 6,114 ਸੀ। 200 ਤੋਂ ਲੈ ਕੇ 500 ਕਿਸ਼ਤੀਆਂ ਹਰ ਸਾਲ ਤਿਆਰ ਹੁੰਦੀਆਂ ਸਨ। ਇਸਦੇ ਇਲਾਵਾ ਨਮਕ ਅਤੇ ਸ਼ੱਕਰ ਦੇ ਕਾਰਖਾਨੇ ਵੀ ਬਹੁਤ ਸਨ।

ਦੀਨਾਜਪੁਰ ਵਿਚ 39000 ਬਿਘੇ ਜ਼ਮੀਨ ਵਿਚ ਪਟਸਨ, 24000 ਬਿਘੇ ਵਿਚ ਕਪਾਹ, 24 ਹਜ਼ਾਰ ਬਿਘੇ ਵਿਚ ਗੰਨਾ, 15000 ਬਿਘੇ ਵਿਚ ਨੀਲ ਅਤੇ 1500 ਬਿਘੇ ਵਿਚ ਤਮਾਕੂ ਦੀ ਖੇਤੀ ਹੁੰਦੀ ਸੀ। ਉੱਚੀ ਜਾਤ ਦੀਆਂ ਵਿਧਵਾ ਅਤੇ ਕਿਸਾਨਾਂ ਦੀਆਂ ਔਰਤਾਂ ਸੂਤ ਕੱਤਕੇ 9,15000 ਰੁ: ਦਾ ਖਰਾ ਮੁਨਾਫਾ ਕਮਾਉਂਦੀਆਂ ਸਨ। ਰੇਸ਼ਮ ਦਾ ਧੰਦਾ ਕਰਨ ਵਾਲੇ 500 ਘਰ ਸਾਲ ਵਿਚ 1,20000 ਰੁ: ਦਾ ਮੁਨਾਫਾ ਕਮਾਉਂਦੇ ਸਨ। ਜੁਲਾਹੇ ਸਾਲ ਵਿਚ 1674000 ਰੁ: ਦਾ ਕਪੜਾ ਬੁਣਦੇ ਸਨ।

ਮਾਲਦਾ ਦੀਆਂ ਮੁਸਲਮਾਨ ਔਰਤਾਂ ਸੂਈ ਦੇ ਕੰਮ ਲਈ ਮਸ਼ਹੂਰ ਸਨ। ਸੂਤ ਅਤੇ ਕਪੜੇ ਨੂੰ ਰੰਗ ਕੇ ਹਜ਼ਾਰਾਂ ਲੋਕਾਂ ਦੀ ਰੋਜ਼ੀ ਚਲਦੀ ਸੀ। ਪੂਰਨੀਆਂ ਜ਼ਿਲੇ ਦੀਆਂ ਤੀਵੀਂਆਂ ਹਰ ਸਾਲ ਔਸਤਨ 3 ਲੱਖ ਰੁਪੈ ਦੀ ਕਪਾਹ ਖਰੀਦ ਕੇ ਸੂਤ ਤਿਆਰ ਕਰਦੀਆਂ ਅਤੇ ਬਾਜ਼ਾਰ ਵਿਚ ਤੇਰਾਂ ਲਖ ਰੁਪੈ ਦਾ ਵੇਚਦੀਆਂ ਸਨ। ਜੁਲਾਹੇ 3,500 ਖੱਡੀਆਂ ਚਲਾ ਕੇ ਹਰ ਸਾਲ 5 ਲੱਖ 6 ਹਜ਼ਾਰ ਰੁਪੈ ਦਾ ਕਪੜਾ ਤਿਆਰ ਕਰਦੇ। ਇਸ ਨਾਲ ਕਾਰੀਗਰ ਲਗਭਗ ਡੇਢ ਲੱਖ ਰੁਪਿਆ ਲਾਭ ਕਮਾਉਂਦੇ ਸਨ। ਇਸਦੇ ਇਲਾਵਾ 10000 ਖੱਡੀਆਂ ਨਾਲ ਮੋਟਾ ਕਪੜਾ ਤਿਆਰ ਕਰਕੇ ਉਹ 3 ਲੱਖ 24 ਹਜ਼ਾਰ ਰੁਪੈ ਦਾ ਲਾਭ ਕਮਾਉਂਦੇ ਸਨ।

ਇਹ ਤੱਥ ਦਸਦੇ ਹਨ ਕਿ ਉਸ ਸਮੇਂ ਭਾਰਤ ਦੇ ਉਦਯੋਗ ਧੰਦੇ ਅਤੇ ਵਪਾਰ ਕਿੰਨਾਂ ਉਨਤ ਸੀ। ਇਹਨਾਂ ਇਹਨਾਂ ਉਤਯੋਗਾਂ ਨਾਲ ਕਰੋੜਾਂ ਭਾਰਤਵਾਸੀ ਕਾਫੀ ਧੰਨ ਕਮਾਉਂਦੇ ਸਨ। ਉਹਨਾਂ ਦੀ ਆਮਦਨੀ ਦਾ ਅੰਦਾਜ਼ਾ ਇਸ ਗਲ ਤੋਂ ਲਾਇਆ ਜਾ ਸਕਦਾ ਹੈ ਕਿ ਡਾ. ਬੁਕਨਨ ਦੀ ਪੜਤਾਲ ਦੇ ਅਨੁਸਾਰ ਪਟਨਾ ਵਿਚ (ਚਾਵਲ(ਧਾਨ) ਰੁਪੈ ਦੇ ਪੌਣੇ ਦੋ ਮਣ ਅਤੇ ਭਾਗਲਪੁਰ ਵਿਚ ਚਾਵਲ ਰੁਪੈ ਦਾ ਸਾਢੇ ਸੈਂਤੀ ਸੇਰ ਵਿਕਦਾ ਸੀ। ਅੰਗਰੇਜ਼ ਪੂੰਜੀਪਤੀਆਂ ਨੇ ਛੇਤੀ ਹੀ ਭਾਰਤ ਦੇ ਉਦਯੋਗ-ਧੰਦੇ ਅਤੇ ਵਪਾਰ ਨੂੰ ਖਤਮ ਕਰ ਦਿਤਾ ਅਤੇ ਸਾਰੇ ਦੇਸ਼ ਨੂੰ ਤਬਾਹ ਕਰ ਦਿਤਾ।

ਇਸਦੇ ਇਲਾਵਾ ਹਿੰਦੁਸਤਾਨ ਦੇ ਜਹਾਜ਼ਾਂ ਦਾ ਮਾਲ ਲੈ ਕੇ ਵਲੈਤ ਅਤੇ ਦੂਜੇ ਦੇਸ਼ਾਂ ਵਿਚ ਆਉਣਾ ਜਾਣਾ ਅੰਗਰੇਜ਼ ਉਦਯੋਗ ਪਤੀਆਂ ਨੂੰ ਬਿਲਕੁਲ ਪਸੰਦ ਨਹੀਂ ਸੀ। ਹਿੰਦੁਸਤਾਨ ਦੇ ਜਹਾਜ਼ ਉਦਯੋਗ ਨੂੰ ਨਸ਼ਟ ਕਰਨ ਦੇ ਲਈ ਕਾਨੂੰਨ(ਨੇਵੀਗੇਸ਼ਨ ਐਕਟ) ਬਣਾਇਆ। ਇਸ ਕਾਨੂੰਨ ਦੇ ਰਾਹੀਂ ਯੂਰਪ ਜਾਂ ਕਿਸੇ ਵੀ ਦੇਸ਼ ਦੇ ਨਾਲ ਸਿਧਾ ਵਪਾਰ ਕਰਨ ਦਾ ਹੱਕ ਹਿੰਦੁਸਤਾਨ ਤੋਂ ਖੋਹ ਲਿਆ।

ਇਸ ਸਭ ਦਾ ਨਤੀਜਾ ਹੋਇਆ ਕਿ ਭਾਰਤ ਦੇ ਉਦਯੋਗ-ਧੰਦੇ ਤੇਜ਼ੀ ਨਾਲ ਗਿਰਾਵਟ ਵੱਲ ਨੂੰ ਜਾਣ ਲਗੇ ਅਤੇ ਅੰਗਰੇਜ਼ ਉਦਯੋਗਾਂ ਦਾ ਸਿਤਾਰਾ ਤੇਜ਼ੀ ਨਾਲ ਬੁਲੰਦ ਹੋਣ ਲਗਿਆ। 1814-35 ਦੇ ਵਿਚਕਾਰ ਭਾਰਤ ਵਿਚ ਵਲੈਤੀ ਕਪੜੇ ਦੀ ਖਪਤ 10 ਲਖ ਗਜ ਤੋਂ ਵੱਧ ਕੇ 5 ਕਰੋੜ 10 ਲਖ ਗਜ ਹੋ ਗਈ। ਇਸੇ ਤਰ੍ਹਾਂ ਹਿੰਦੁਸਤਾਨ ਦੇ ਸੂਤੀ ਕਪੜੇ ਦੀ ਇੰਗਲੈਂਡ ਵਿਚ ਖਪਤ ਸਾਢੇ ਬਾਰਾਂ ਲਖ ਥਾਨ ਤੋਂ ਘਟ ਹੁੰਦੇ ਹੁੰਦੇ ਤਿੰਨ ਲਖ ਛੇ ਹਜ਼ਾਰ ਥਾਨ ਰਹਿ ਗਈ। 1844 ਵਿਚ ਇਹ ਹੋਰ ਵੀ ਘਟ ਕੇ ਕੁਲ 63 ਹਜ਼ਾਰ ਥਾਨ ਰਹਿ ਗਈ। ਮਾਰਤ ਦਾ ਕਪੜਾ ਉਦਯੋਗ ਨਸ਼ਟ ਹੋ ਗਿਆ। ਇਸ ਉਦਯੋਗ ਵਿਚ ਲਗੇ ਲਖਾਂ ਕਾਰੀਗਰ ਬੇਕਾਰ ਅਤੇ ਤਬਾਹ ਕਰ ਦਿਤੇ ਗਏ।

ਇਹੀ ਹਾਲਤ ਰੇਸ਼ਮ ਅਤੇ ਉੱਨੀ ਕਪੜੇ, ਲੋਹੇ, ਮਿੱਟੀ ਦੇ ਬਰਤਨ, ਕੱਚ ਦੇ ਸਮਾਨ, ਚਮੜਾ ਆਦਿ ਉਦਯੋਗਾਂ ਦੀ ਹੋਈ। ਸਭ ਦੇ ਸਭ ਅੰਗਰੇਜ਼ ਪੂੰਜੀਪਤੀਆਂ ਦੀ ਮੇਹਰਬਾਨੀ ਨਾਲ ਤਬਾਹ ਹੋ ਗਏ। ਇਹਨਾਂ ਵਿਚ ਲਗੇ ਕਾਰੀਗਰ ਅਤੇ ਮਜ਼ਦੂਰ ਨੱਸ ਨੱਸ ਕੇ ਰੋਟੀ ਦੀ ਭਾਲ ਵਿਚ ਪਿੰਡਾਂ ਵਿਚ ਜਾਣ ਲਗੇ। ਢਾਕੇ ਦੀ ਆਬਾਦੀ ਡੇਢ ਲੱਖ ਤੋਂ ਘਟ ਕੇ 1840 ਵਿਚ 30-40 ਹਜ਼ਾਰ ਰਹਿ ਗਈ। ਇਹੀ ਹਾਲਤ ਮੁਰਸ਼ਿਦਾਬਾਦ, ਸੂਰਤ ਆਦਿ ਦੀ ਹੋਈ। 1840 ਬ੍ਰਿਟਿਸ਼ ਪਾਰਲੀਮੈਂਟ ਦੀ ਪੜਤਾਲ ਕਮੇਟੀ ਦੇ ਅਗੇ ਮਾਟਗੁਮਰੀ ਮਾਰਟਿਨ ਨੇ, ਜੋ ਬ੍ਰਿਟਿਸ਼ ਸਾਮਰਾਜ ਦੇ ਪਹਿਲੇ ਇਤਿਹਾਸਕਾਰਾਂ ਵਿਚੋਂ ਇਕ ਹਨ, ਆਪਣੀ ਰਿਪੋਰਟ ਵਿਚ ਕਿਹਾ;

"ਸੂਰਤ, ਢਾਕਾ, ਮੁਰਸ਼ਿਦਾਬਾਦ ਵਗੈਰਾ ਸ਼ਹਿਰ ਜਿਥੇ ਹਿੰਦੁਸਤਾਨੀ ਮਾਲ ਤਿਆਰ ਹੁੰਦਾ ਸੀ। ਇਸ ਤਰਾਂ ਤਬਾਹ ਹੋਏ ਹਨ ਕਿ ਉਹਨਾਂ ਦਾ ਬਿਆਨ ਕਰਨਾ ਔਖਾ ਹੈ। ਮੇਰੀ ਸਮਝ ਵਿਚ ਈਮਾਨਦਾਰੀ ਨਾਲ ਵਪਾਰ ਕਰਨ ਨਾਲ ਉਹਨਾਂ ਦੀ ਇਹ ਦਸ਼ਾ ਨਾ ਹੁੰਦੀ। ਮੈਂ ਤਾਂ ਕਹਾਂਗਾ ਕਿ ਤਾਕਤਵਰ ਨੇ ਆਪਣੀ ਤਾਕਤ ਨਾਲ ਕਮਜ਼ੋਰ ਨੂੰ ਕੁਚਲ ਦਿਤਾ।" 1890 ਵਿਚ ਸਰ ਹੈਨਰੀ ਕਾਟਨ ਨੇ ਲਿਖਿਆ;

"ਹਾਲੀ ਸੌ ਸਾਲ ਵੀ ਨਹੀਂ ਬੀਤੇ ਜਦੋਂ ਢਾਕਾ ਵਿਚ ਇਕ ਕਰੋੜ ਰੁਪੈ ਦਾ ਵਪਾਰ ਹੁੰਦਾ ਸੀ ਅਤੇ ਉਥੇ 2 ਲੱਖ ਆਦਮੀ ਵਸੇ ਹੋਏ ਸਨ। 1787 ਵਿਚ 30 ਲਖ ਰੁ: ਦੀ ਢਾਕਾ ਦੀ ਮਲਮਲ ਵਲੈਤ ਆਈ ਸੀ। 1817 ਵਿਚ ਉਸਦਾ ਆਉਣਾ ਬਿਲਕੁਲ ਬੰਦ ਹੋ ਗਿਆ। ਕਤਾਈ ਬੁਨਾਈ ਦੀ ਕਲਾ ਜੋ ਯੁਗਾਂ ਤੋਂ ਉਦਯੋਗੀ ਲੋਕਾਂ ਨੂੰ ਰੋਜ਼ਗਾਰ ਦਿੰਦੀ ਸੀ ਹੁਣ ਖਤਮ ਹੋ ਗਈ ਹੈ। ਜੋ ਖਾਂਦੇ ਪੀਂਦੇ ਪਰਿਵਾਰ ਸਨ ਉਹ ਮਜ਼ਬੂਰ ਹੋ ਕੇ ਰੋਟੀ ਦੀ ਭਾਲ ਵਿਚ ਸ਼ਹਿਰ ਛੱਡ ਕੇ ਪਿੰਡਾਂ ਨੂੰ ਨੱਸ ਗਏ ਹਨ।.... ਇਹ ਤਬਾਹੀ ਸਿਰਫ ਢਾਕੇ ਵਿਚ ਹੀ ਨਹੀਂ ਤਮਾਮ ਜ਼ਿਲਿਆਂ ਵਿਚ ਦੇਖੀ ਜਾਂਦੀ ਹੈ ਕੋਈ ਵੀ ਇਹੋ ਜਿਹਾ ਸਾਲ ਨਹੀਂ ਲੰਘਦਾ ਜਦੋਂ ਜ਼ਿਲੇ ਦੇ ਕਮਿਸ਼ਨਰ ਸਰਕਾਰ ਨੂੰ ਇਸ ਗਲ ਦੀ ਇਤਲਾਹ ਨਾ ਦਿੰਦੇ ਹੋਣ ਕਿ ਹਰ ਪਾਸੇ ਉਦਯੋਗ ਧੰਦਿਆਂ ਵਾਲੇ ਲੋਕ ਚੌਪਟ ਹੋ ਰਹੇ ਹਨ।"

ਅਠਾਰਵੀਂ ਸਦੀ ਦੇ ਅੰਤ ਅਤੇ ਉਨੀਂਵੀ ਸ਼ੁਰੂ ਵਿਚ ਨੀਲ ਦੀ ਖੇਤੀ ਫਰੰਗੀ ਪੂੰਜੀਪਤੀਆਂ ਦੀ ਲੁੱਟ ਦਾ ਇਕ ਮੁਖ ਸਾਧਨ ਸੀ। ਭਾਰਤ ਤੋਂ ਨੀਲ ਲੈ ਜਾ ਕੇ ਦੂਜੇ ਦੇਸ਼ਾਂ ਫਰੰਗੀ ਬਹੁਤ ਦਿਨਾਂ ਤੋਂ ਵੇਚਦੇ ਚਲੇ ਆ ਰਹੇ ਸਨ ਲੇਕਿਨ ਉਸਦੀ ਖੇਤੀ ਵਿਚ ਪੂੰਜੀ ਲਾਉਣ ਦੀ ਕੋਸ਼ਿਸ਼ ਅਠਾਰਵੀਂ ਸਦੀ ਦੇ ਆਖਰੀ ਹਿੱਸੇ ਵਿਚ ਹੋਈ। ਲੂਈ ਬੰਨੋ ਨਾਮਕ ਇਕ ਫਰਾਂਸੀਸੀ ਨੇ 1777 ਵਿਚ ਪਹਿਲਾਂ ਸੂਬਾ ਬੰਗਾਲ ਵਿਚ ਨੀਲ ਦੀ ਖੇਤੀ ਸ਼ੁਰੂ ਕੀਤੀ। ਕੈਰੇਲ ਬਲੂਲ ਨਾਮਕ ਅੰਗਰੇਜ਼ ਨੇ 1778 ਵਿਚ ਨੀਲ ਦੀ ਕੋਠੀ ਖੋਲ੍ਹੀ ਅਤੇ ਈਸਟ ਇੰਡੀਆ ਕੰਪਨੀ ਨੂੰ ਜਾਣੂ ਕੀਤਾ ਕਿ ਨੀਲ ਦੀ ਖੇਤੀ ਬੜੇ ਮੁਨਾਫੇ ਦਾ ਸਾਧਨ ਬਣ ਸਕਦੀ ਹੈ। ਉਸਨੇ ਗਵਰਨਰ ਜਨਰਲ ਨੂੰ ਵੀ ਯਾਦ ਪੱਤਰ ਦੇਕੇ ਵੱਡੇ ਪੈਮਾਨੇ ਉਤੇ ਇਸਦੀ ਖੇਤੀ ਕਰਾਉਣ ਦਾ ਅਨੁਰੋਧ ਕੀਤਾ।

ਇੰਗਲੈਂਡ ਵਿਚ ਉਦਯੋਗਿਕ ਕਰਾਂਤੀ(1788) ਦੇ ਬਾਅਦ ਕਪੜਿਆਂ ਨੂੰ ਦੇਣ ਦੇ ਲਈ ਨੀਲ ਦੀ ਮੰਗ ਬਹੁਤ ਵਧ ਗਈ। ਇਸਦੇ ਇਲਾਵਾ ਭਾਰਤੀ ਨੀਲ ਫਰਾਂਸ, ਇਟਲੀ, ਆਸਟਰੇਲੀਆ, ਅਮਰੀਕਾ, ਮਿਸਰ ਫਾਰਸ ਆਦਿ ਦੇਸਾਂ ਨੂੰ ਵੀ ਜਾਂਦਾ ਸੀ। ਇਸ ਲਈ ਨੀਲ ਦੇ ਵਪਾਰ ਨੂੰ ਅਪਾਰ ਮੁਨਾਫੇ ਦਾ ਸਾਧਨ ਦੇਖਕੇ ਕੰਪਨੀ ਨੇ ਨੀਲੇ ਸਾਹਬਾਂ ਨੂੰ ਜਨਮ ਦਿਤਾ ਜੋ ਆਪਣੇ ਸੋਸ਼ਣ ਅਤੇ ਜ਼ੁਲਮਾਂ ਦੇ ਲਈ ਇਤਿਹਾਸ ਵਿਚ ਬਦਨਾਮ ਰਹੇ ਹਨ। ਬੰਗਾਲ, ਬਿਹਾਰ, ਉੜੀਸਾ, ਬਨਾਰਸ, ਇਲਾਹਾਬਾਦ ਕਿੰਨੀਆਂ ਹੀ ਨੀਲ ਕੋਠੀਆਂ ਖੁਲ੍ਹ ਗਈਆਂ। ਨੀਲੇ ਸਾਹਬਾਂ ਨੂੰ ਜਿੰਨੇ ਵੀ ਕਰਜ਼ੇ ਦੀ ਲੋੜ ਹੁੰਦੀ ਕੰਪਨੀ ਘਟ ਸੂਦ ਉਤੇ ਦਿੰਦੀ। ਜਿੰਨਾਂ ਵੀ ਨੀਲ ਤਿਆਰ ਹੁੰਦਾ, ਕੰਪਨੀ ਖਰੀਦ ਲੈਂਦੀ ਅਤੇ ਇੰਗਲੈਂਡ ਜਾਂ ਦੂਜੇ ਮੁਲਕਾਂ ਨੂੰ ਭੇਜ ਦਿੰਦੀ। ਬੰਗਾਲ ਸੂਬੇ ਵਿਚ ਉਹ ਸਵਾ ਰੁਪੈ ਪੌਂਡ ਖਰੀਦਦੀ ਅਤੇ ਇੰਗਲੈਂਡ ਵਿਚ ਪੰਜ ਤੋਂ ਸੱਤ ਰੁ: ਪ੍ਰਤੀ ਪੌਂਡ ਵੇਚਦੀ। 1803 ਈ: ਵਿਚ ਸਿਰਫ ਬੰਗਾਲ ਸੂਬੇ ਵਿਚ 1 ਲੱਖ 28 ਹਜ਼ਾਰ ਮਣ ਨੀਲ ਤਿਆਰ ਹੋਇਆ ਸੀ। ਇਹ ਨੀਲ ਸਾਰੀ ਦੁਨੀਆਂ ਦੀ ਜ਼ਰੂਰਤ ਪੂਰੀ ਕਰ ਰਿਹਾ ਸੀ। ਇਹਨਾਂ ਤਥਾਂ ਤੋਂ ਹੀ ਨੀਲ ਤੋਂ ਹੋਣ ਵਾਲੇ ਲਾਭਾਂ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਇਹ ਨੀਲੇ ਸਾਹਬ ਕੁਝ ਜ਼ਮੀਨ ਵਿਚ ਨੀਲ ਦੀ ਖੇਤੀ ਕਰਾਉਂਦੇ ਲੇਕਿਨ ਜ਼ਿਆਦਾਤਰ ਉਹ ਅਗਾਉਂ ਰਕਮ ਦੇ ਕੇ ਦੂਜੇ ਕਿਸਾਨਾਂ ਤੋਂ ਆਪਣੀ ਜ਼ਮੀਨ ਵਿਚ ਨੀਲ ਦੀ ਖੇਤੀ ਕਰਨ ਨੂੰ ਮਜ਼ਬੂਰ ਕਰਦੇ। ਇਕ ਵਾਰ ਜੋ ਉਹਨਾਂ ਤੋਂ ਪਹਿਲਾਂ ਪੈਸੇ ਲੈ ਲੈਂਦਾ ਉਸਨੂੰ ਸਾਰੀ ਜ਼ਿੰਦਗੀ ਛੁਟਕਾਰਾ ਨਾ ਮਿਲਦਾ। ਨਿਲਹੇ ਸਾਹਬਾਂ ਨੇ ਇਸ ਤਰਾਂ ਕਿਸਾਨਾਂ ਦੇ ਇਕ ਵਡੇ ਹਿੱਸੇ ਨੂੰ ਗੁਲਾਮ ਬਣਾ ਲਿਆ। ਇਹ ਉਹਨਾਂ ਦੀ ਗਾਹੜੀ ਕਮਾਈ ਖੋਹਕੇ ਮਾਲਾ ਮਾਲ ਹੋਣ ਲਗੇ। ਨੀਲ ਦੀ ਖੇਤੀ ਇਕ ਸਮੇਂ ਇਹੋ ਜਿਹਾ ਲਾਭਦਾਇਕ ਕੰਮ ਸਮਝਿਆ ਜਾਂਦਾ ਸੀ ਕਿ ਕੰਪਨੀ ਦੇ ਵੱਡੇ ਵੱਡੇ ਕਰਮਚਾਰੀ ਨੌਕਰੀ ਛੱਡ ਕੇ ਇਸ ਕੰਮ ਵਿਚ ਲਗ ਜਾਂਦੇ।

1834 ਵਿਚ ਅੰਗਰੇਜ਼ ਪੂੰਜੀਪਤੀਆਂ ਨੇ ਭਾਰਤ ਦੇ ਸੋਸ਼ਣ ਦਾ ਇਕ ਨਵਾਂ ਕਦਮ ਚੁੱਕਿਆ। ਉਹ ਜ਼ਮੀਨ ਖਰੀਦਣ ਅਤੇ ਕੱਚੇ ਮਾਲ ਦੀ ਖੇਤੀ ਕਰਨ ਲਗੇ। ਇਹਨਾਂ ਅੰਗਰੇਜ਼ਾਂ ਵਿਚੋਂ ਬਹੁਤ ਸਾਰੇ ਪੱਛਮੀ ਦੀਪ ਸਮੂਹ ਦੇ ਵਿਚ ਗੁਲਾਮਾਂ ਦੇ ਮਾਲਕ ਰਹਿ ਚੁਕੇ ਸਨ। ਜਾਂ ਅਮਰੀਕਾ ਵਿਚ ਗੁਲਾਮਾਂ ਦਾ ਵਪਾਰ ਕਰਦੇ ਸਨ। 1833 ਵਿਚ ਪੱਛਮੀ ਦੀਪ ਸਮੂਹ ਵਿਚ ਗੁਲਾਮੀ ਖਤਮ ਹੋਣ ਤੋਂ ਬਾਅਦ ਇਹਨਾਂ ਦੀ ਗੰਦੀ ਨਿਗਾਹ ਭਾਰਤ ਉਤੇ ਪਈ। ਇਥੇ ਉਹਨਾਂ ਨੇ ਰਬੜ, ਚਾਹ ਅਤੇ ਕਾਫੀ ਦੀ ਖੇਤੀ ਕਰਾਉਣੀ ਸ਼ੁਰੂ ਕੀਤੀ। ਖਾਸ ਕਰਕੇ 1833 ਤੋਂ ਭਾਰਤ ਤੋਂ ਕੱਚੇ ਮਾਲ ਦਾ ਬਾਹਰ ਭੇਜਣਾ ਤੇਜ਼ੀ ਨਾਲ ਵਧਿਆ। ਕਪਾਹ 1813 ਵਿਚ ਲਗਭਗ ਇਕ ਲਖ ਸਾਢੇ ਬਾਰਾਂ ਹਜ਼ਾਰ ਮਣ ਭੇਜੀ ਜਾਂਦੀ ਸੀ, 1833 ਵਿਚ ਲਗਭਗ 4 ਲਖ ਮਣ ਅਤੇ 1844 ਵਿਚ ਲਗਭਗ 11 ਲਖ ਮਣ ਭੇਜੀ ਜਾਣ ਲੱਗੀ। ਉੱਨ 1833 ਵਿਚ ਅੰਦਾਜ਼ਨ 461 ਮਣ ਭੇਜੀ ਜਾਂਦੀ ਸੀ, 1844 ਵਿਚ ਵਧ ਕੇ ਉਹ ਅੰਦਾਜ਼ਨ 33750 ਮਣ ਹੋ ਗਈ। ਤਿਲਹਨ ਇਸੇ ਦੌਰਾਨ ਅੰਦਾਜ਼ਨ 1522 ਮਣ ਤੋਂ ਵਧਕੇ 1,71,745 ਮਣ ਹੋ ਗਿਆ। ਭੁੱਖੇ ਮਰਦੇ ਹਿੰਦੁਸਤਾਨ ਤੋਂ ਅੰਨ ਹਰ ਇਕ ਦਿਨ ਜ਼ਿਆਦਾ ਤੋਂ ਜ਼ਿਆਦਾ ਭੇਜਣਾ ਸ਼ੁਰੂ ਕੀਤਾ 1845 ਵਿਚ 8 ਲੱਖ 58 ਹਜ਼ਾਰ ਪੌਂਡ ਦਾ, 1858 ਵਿਚ 38 ਲੱਖ ਪੌਂਡ ਦਾ, 1877 ਵਿਚ 79 ਲੱਖ ਪੌਂਡ ਦਾ, 1901 ਵਿਚ 93 ਲੱਖ ਪੌਂਡ ਦਾ ਅਤੇ 1914 ਵਿਚ ਇਕ ਕਰੋੜ 93 ਲੱਖ ਪੌਂਡ ਦਾ ਅੰਨ, ਪੂੰਜੀਪਤੀਆਂ ਨੇ ਭਾਰਤ ਦੇ ਉਦਯੋਗ-ਧੰਦੇ ਬਰਬਾਦ ਕਰਕੇ ਉਸਨੂੰ ਇਕ ਉਪਨਿਵੇਸ਼(ਕਾਲੋਨੀ) ਬਣਾ ਦਿਤਾ ਜੋ ਉਹਨਾਂ ਦੇ ਕਾਰਖਾਨਿਆਂ ਲਈ ਕੱਚਾ ਮਾਲ ਦੇਵੇ ਅਤੇ ਤਿਆਰ ਮਾਲ ਉਹਨਾਂ ਤੋਂ ਖਰੀਦੇ।

ਇਸੇ ਦੁਰਮਿਆਨ ਅੰਗਰੇਜ਼ ਪੂੰਜੀਪਤੀਆਂ ਨੇ ਹਿੰਦੁਸਤਾਨ ਨੂੰ ਲੁੱਟਣ ਦਾ ਹੋਰ ਢੰਗ ਕੱਢਿਆ। ਹਿੰਦੁਸਤਾਨ ਵਿਚ ਜਾਂ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਆਪਣੀ ਲੁੱਟ ਬਣਾਈ ਰਖਣ ਲਈ ਉਹ ਜੋ ਕੁਝ ਖਰਚ ਕਰਦੇ ਉਸਨੂੰ ਹਿੰਦੁਸਤਾਨ ਦੀ ਭਲਾਈ ਲਈ ਖਰਚ ਦੱਸਕੇ ਅਤੇ ਇਕ ਦੀ ਜਗ੍ਹਾ ਚਾਰ ਬਣਾ ਕੇ ਹਿੰਦੁਸਤਾਨ ਦੇ ਨਾਂ ਲਿਖ ਦਿੰਦੇ। ਇਸ ਉਤੇ ਇਕ ਅੰਗਰੇਜ਼ ਦਾ ਵਿਚਾਰ ਸੁਣੋ:

"ਹਿੰਦੁਸਤਾਨ ਤੋਂ ਜਿਹਨਾਂ ਮਦਾਂ [Items] ਉਤੇ ਖਰਚ ਵਸੂਲ ਕਰਨਾ ਸੌਖਾ ਸਮਝਿਆ ਗਿਆ ਉਹ ਇਕ ਦਮ ਬੇਸਿਰ ਪੈਰ ਦੀਆਂ ਲਗਦੀਆਂ ਹਨ। ਗ਼ਦਰ(1857) ਦਾ ਖਰਚ, ਕੰਪਨੀ ਤੋਂ ਵਲੈਤ ਦੀ ਸਰਕਾਰ ਨੇ ਹਿੰਦੁਸਤਾਨ ਸਾਂਭਿਆ, ਤਾਂ ਉਸਦਾ ਖਰਚ, ਚੀਨ ਅਤੇ ਅਬਿਸੀਨੀਆ ਵਿਚ ਨਾਲ ਨਾਲ ਹੋਈਆਂ ਲੜਾਈਆਂ ਦਾ ਖਰਚ, ਲੰਡਨ ਵਿਚ ਹਿੰਦੁਸਤਾਨ ਦੇ ਨਾਂ ਉਤੇ ਹੋਣ ਵਾਲੇ ਕਿਸੇ ਵੀ ਸਰਕਾਰੀ ਕੰਮ ਦਾ—ਇਥੋਂ ਤਕ ਕਿ 'ਭਾਰਤ ਹਾਊਸ' ਦੀਆਂ ਮਹਿਰਣਾਂ ਦਾ ਖਰਚ, ਲੜਨ ਦੇ ਲਈ ਜਹਾਜ਼ ਗਏ ਲੇਕਿਨ ਲੜੇ ਨਹੀਂ, ਤਾਂ ਉਹਨਾਂ ਦਾ ਖਰਚ, ਭਾਰਤ ਦੇ ਲਈ ਜਾਣ ਵਾਲੀ ਗੋਰੀ ਸੈਨਾ ਦੇ ਟਰੇਨਿੰਗ ਤੇ 6 ਮਹੀਨੇ ਹੋਇਆ ਖਰਚ—ਇਹ ਸਾਰੀਆਂ ਰਕਮਾਂ ਹਿੰਦੁਸਤਾਨ ਦੀ ਜਨਤਾ ਤੋਂ ਵਸੂਲ ਕੀਤੀਆਂ ਜਾਂਦੀਆਂ ਜਿਸਦਾ ਕੋਈ ਨੁਮਾਇੰਦਾ ਸਰਕਾਰ ਵਿਚ ਨਹੀਂ ਸੀ। 1868 ਵਿਚ ਤੁਰਕੀ ਦੇ ਸੁਲਤਾਨ ਆਪਣੇ ਪੂਰੇ ਅਮਲੇ

(ਬਾਕੀ ਪੰਨਾ 4 ਤੇ)